# ਸਮਤਾ

ਜੂਨ 1982 (ਅੰਕ 25)

ਸੰਪਾਦਕ: ਗੁਰਸ਼ਰਨ ਸਿੰਘ (1929-2011)

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਕੈਨੇਡਾ ਤੋਂ ਨਿਕਲਦੇ ਸਾਹਿਤਕ ਮੈਗਜ਼ੀਨ "ਵਤਨ" ਦੇ ਵੈੱਬਸਾਈਟ 'ਤੇ ਪਾਉਣ ਲਈ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਅਤੇ ਸਾਧੂ ਬਿਨਿੰਗ ਦੀ ਨਿੰਜੀ ਲਾਇਬ੍ਰੇਰੀ ਵਿੱਚੋਂ।

ਸਮਤਾ

ਜੂਨ 1982
ਮੁਲ — ਦੋ ਰੁਪਏ

25

Post Office No. PA/R—33

Registred With Registrar News Paper Vide No.MA/12397-D dated 14.8.80.

# ਸੰਪਾਦਕੀ :

ਇਸ ਅੰਕ ਨਾਲ 'ਸਮਤਾ' ਅਪਣੇ ਤੀਸਰੇ ਵਰ੍ਹੇ ਵਿਚ ਦਾਖਿਲ ਹੋਈ ਹੈ ਤੇ ਇਸੇ ਕਰਕੇ ਕੁਝ ਨੁੱਕਤਿਆ ਦੇ ਸਪਸ਼ਟੀਕਰਨ ਦੇਣਾ ਬਹੁਤ ਜ਼ਰੂਰੀ ਹੋ ਗਿਆ ਹੈ, ਜੋ ਸਮੇਂ ਸਮੇਂ ਸੰਪਾਦਕੀ ਸਿਰਲੇਖ ਹੇਠ ਉਠਾਏ ਗਏ ਹਨ ਕਿਉਂਕਿ ਇਹ ਇਸ ਪਰਚੇ ਦੀ ਸੇਧ ਬਾਰੇ ਹਨ । ਖੱਬੇ ਪੱਖੀ ਸਾਧਾਰਨ ਲੋਕਾਂ ਨੇ ਜਿਥੇ ਸੰਪਾਦਕੀਆਂ ਵਿਚ ਉਠਾਏ ਗਏ ਨੁੱਕਤਿਆਂ ਨੂੰ ਅਹਿਮ ਨੁਕਤੇ ਕਿਹਾ ਹੈ ਉਥੇ ਖੱਬੇ ਪੱਖੀ ਲਹਿਰ ਤੇ ਉਹ ਲੋਕ ਜੋ ਕਿਸੇ ਨਾ ਕਿਸੇ ਧਿਰ ਨਾਲ ਪੱਕੀ ਤਰ੍ਹਾਂ ਜੁੜੇ ਹਨ, ਉਹਨਾਂ ਨੇ ਸਮਤਾ ਨੂੰ ਮੌਕਾ ਪ੍ਰਸਤ, ਉੱਲਟ ਇਨਕਲਾਬੀ, ਵਿਚਾਰਾਂ ਵਿਚ ਧੁੰਧਲਾਪਣ ਆਦਿਕ ਦਾ ਧਾਰਨੀ ਦਸਿਆ ਹੈ । ਇਹ ਆਲੋਚਨਾ ਸੀ.ਪੀ.ਆਈ. ਤੋਂ ਲੈਕੇ ਸੀ. ਪੀ. ਐਮ, ਨਕਸਲਬਾੜੀ ਨਾਲ ਸੰਬੰਧਤ ਸੀ. ਪੀ. ਆਈ. (ਐਮ.ਐਲ.) ਅਤੇ ਗਰੁਪਾਂ ਵਲੋਂ ਆਈ ਹੈ । ਇਹਦੀਆਂ ਮਿਸਾਲਾਂ ਸਮਤਾ ਮਈ 1982 (24) ਅਤੇ ਹੇਠ ਲਿਖੀ ਲਿਖਤ ਵਿਚ ਮਿਲਦੀਆਂ ਹਨ ਜੋ ਸਾਡੇ ਇਕ ਦੋਸਤ ਨੇ ਭੇਜੀ ਹੈ ।

## ਸਮਤਾ ਮਈ ਦੀ ਸੰਪਾਦਕੀ ਉਪਰ ਪੜਚੋਲੀਆ ਨਜ਼ਰ

ਸਮਤਾ ਮਈ—82 ਦੀ ਸੰਪਾਦਕੀ ਵਿਚ "ਮਈ ਦਿਨ ਦਾ ਚੈਲਿੰਜ" ਲਿਖਤ ਵਿਚ ਕੁੱਝ ਅਹਿਮ ਸੁਆਲਾਂ ਨੂੰ ਜੋ ਭਾਰਤ ਸਮੇਤ ਸੰਸਾਰ ਪ੍ਰੋਲੇਤਾਰੀ ਰਾਜਨੀਤੀ ਨਾਲ ਸਬੰਧਤ ਹਨ, ਬਾਰੇ ਗਲਤ ਨਿਰਨਾ ਪੇਸ਼ ਕੀਤਾ ਗਿਆ ਹੈ ਤੇ ਉਨ੍ਹਾਂ ਦੀ ਅਹਿਮੀਅਤ ਨੂੰ ਠੀਕ ਨਾ ਅੰਗਦੇ ਹੋਏ ਉਨ੍ਹਾਂ ਨੂੰ ਇਨਕਲਾਬੀ ਗਰੁੱਪਾਂ ਦੀ ਆਪਸੀ ਵਾਧੂ ਲੜਾਈ ਦਾ ਨਾਂ ਦਿੱਤਾ ਗਿਆ । ਕੁਝ ਹੋਰ ਕਮਿਊਨਿਸਟ ਲਹਿਰ ਸਮੇਤ ਭਾਰਤ ਨੂੰ ਦਰਪੇਸ਼ ਸੁਆਲਾਂ ਦਾ ਜ਼ਿਕਰ ਹੀ ਨਹੀਂ ਕੀਤਾ ਗਿਆ, ਜਿਨ੍ਹਾਂ ਨੂੰ ਸਪ੍ਰਸ਼ਟ ਕੀਤੇ ਬਗੈਰ' ਅੱਜ ਕੋਈ ਵੀ ਕਮਿਊਨਿਸਟ ਲਹਿਰ ਜਿੱਤ ਪ੍ਰਾਪਤ ਨਹੀਂ ਕਰ ਸਕਦੀ । ਮੈਂ ਉਨ੍ਹਾਂ ਸੁਆਲਾਂ ਨੂੰ ਇਥੇ ਕਰਮਵਾਰ ਬਹਿਸ ਅਧੀਨ ਲਿਆਉਂਦਾ ਹਾਂ ।

ਸਭ ਤੋਂ ਪਹਿਲਾਂ ਤਾਂ ਸੰਪਾਦਕ ਨੂੰ ਗਿਲਾ ਹੈ ਕਿ ਲੁਧਿਆਣਾ-ਵਰਧਮਾਨ ਮਿੱਲ, ਖੰਨਾ ਅਤੇ ਅੰਮ੍ਰਿਤਸਰ ਆਦਿ ਦੀਆਂ ਘਟਨਾਵਾਂ ਸਿੱਧ ਕਰਦੀਆਂ ਹਨ ਕਿ ਮਜ਼ਦੂਰ ਜਮਾਤ ਤਾਂ ਮਈ ਦਿਨ ਦੇ ਚੈਲਿੰਜ ਨੂੰ ਕਬੂਲ ਕਰਦੀ ਹੈ ਪਰ ਉਸ ਦੇ ਆਗੂ ਐਵੇਂ ਸਿਧਾਂਤਕ ਮੱਤਭੇਦ ਲੈ ਕੇ ਬੈਠੇ ਹਨ ਤੇ ਅਗਵਾਈ ਨਹੀਂ ਕਰ ਰਹੇ । ਪਰ ਇਹ ਹਕੀਕਤ ਤੋਂ ਉਲਟ ਹੈ । ਹਕੀਕਤ ਇਹ ਹੈ ਕਿ 19 ਜਨਵਰੀ ਦੀ ਦੇਸ਼ ਵਿਆਪੀ ਹੜਤਾਲ, ਪਿਛਲੇ ਸਾਲ ਦਾ ਸ਼ਾਨਦਾਰ ਬੱਸ ਕਿਰਾਇਆ ਘੋਲ ਤੇ ਹੋਰ ਕਿੰਨੇ ਹੀ ਸਮਾਜੀ ਲਾਹਨਤਾਂ ਆਦਿ ਵਿਰੁੱਧ ਘੋਲ ਮਜ਼ਦੂਰ ਜਮਾਤ ਦੇ ਆਗੂਆਂ ਦੀ ਅਗਵਾਈ ਸਦਕਾ ਹੀ ਲੜੇ ਗਏ ਹਨ ਨਾ ਕਿ ਬਿਨਾਂ ਅਗਵਾਈ ਤੋਂ । ਇਹ ਠੀਕ ਹੈ ਕਿ ਮਜ਼ਦੂਰ ਜਮਾਤ ਦੀ ਲਹਿਰ ਦੇ ਕੰਮਜ਼ੋਰ ਹੋਣ ਕਰਕੇ ਇਹ ਘੋਲ ਜਿੱਤ ਪ੍ਰਾਪਤ ਨਹੀਂ ਕਰ ਸਕੇ । ਇਸਦਾ ਕਾਰਨ ਵੀ ਲਹਿਰ ਦੇ ਅੰਦਰ ਮੌਜੂਦ ਹੈ ਕਿ ਅਗਵਾਈ ਬਹੁਤੀ ਕਰਕੇ ਮੌਕਾਪ੍ਰਸਤੀ ਲੀਡਰਸ਼ਿਪ ਵਲੋਂ ਕੀਤੀ ਗਈ ਹੈ ਤੇ ਇਸਦੇ ਖਿਲਾਫ ਬੇ-ਕਿਰਕ ਘੋਲ ਚਲਾ ਕੇ ਹੀ

---

## ਇਸ ਅੰਕ ਵਿਚ :

ਕਹਾਣੀਆਂ : ਇਕ ਹਿੰਦੀ ਕਹਾਣੀ ਅੰਤਮ ਸੰਸਕਾਰ, ਸਮਝੌਤਾ—ਜਿੰਦਰ, ਤਹਿਖਾਨੇ 'ਚ ਰਹਿੰਦੇ ਲੋਕ—ਰਾਜਿੰਦਰ ਬਿਮਲ
ਕਵਿਤਾ : ਜਗਰੂਪ ਸਿੰਘ ਰੂਪ, ਸੁਰਿੰਦਰ ਚਾਹਲ; ਜਸਵਿੰਦਰ, ਸਰਵਣ ਗੁਰਨਾ, ਡਾ. ਸਾਧੂ
ਲੇਖ : ਉਦਾਸੀ ਰੋਗ—ਡਾ. ਸ਼ਿਆਮ ਸੁੰਦਰ ਦੀਪਤੀ
ਇਕ ਗਿਆਨੀ—ਸੱਤ ਖਾਲਿਸਤਾਨੀ
ਐਮ. ਸੀ. ਭਾਰਦਵਾਜ

ਮੌਕਾਪ੍ਰਸਤੀ ਨੂੰ ਹਾਰ ਦਿਤੀ ਜਾ ਸਕਦੀ ਹੈ ਭਾਵ ਵੱਧ ਤੋਂ ਵੱਧ ਸਿਧਾਂਤਕ ਸਪਸ਼ਟਤਾ ਦੇ ਕੇ ।

ਦੂਜਾ ਸੁਆਲ ਹਿੰਦੁਸਤਾਨ ਦੀ ਸਟੇਟ ਦੇ ਖਾਸੇ ਬਾਰੇ ਹੈ, ਜਿਸਨੂੰ ਸੰਪਾਦਕ ਨੇ ਮਜ਼ਦੂਰ ਦੁਸ਼ਮਣ ਦੱਸ ਕੇ ਵੱਡੀ ਸਰਮਾਏਦਾਰੀ ਅਜਾਰੇਦਾਰੀ ਹੈ ਤੇ ਸਪਸ਼ਟੀਕਰਨ ਲਈ ਪ੍ਰੋ: ਭਾਰਦਵਾਜ ਦੇ ਪੰਜ ਲੇਖਾਂ ਦਾ ਹਵਾਲਾ ਦਿਤਾ ਹੈ ਇਹ ਵੀ ਹਕੀਤਤ ਨਾਲ ਮੇਲ ਨਹੀਂ ਖਾਂਦਾ । ਕਿਉਂਕਿ ਪ੍ਰੋ: ਭਾਰਦਵਾਜ ਦੇ ਲੇਖ ਸਿਰਫ ਅੰਕੜੇ ਪੇਸ਼ ਕਰਦੇ ਹਨ । ਪਰ ਮਾਰਕਸਵਾਦ ਸਿਖਾਉਂਦਾ ਹੈ ਹਰ ਚੀਜ਼ ਵਿਕਾਸ ਦੀ ਖਾਸ ਪ੍ਰਕਿਰਿਆ ਵਿਚੋਂ ਗੁਜ਼ਰਕੇ ਹੀ ਅਗਲੀ ਸਟੇਜ ਤੇ ਪਹੁੰਚਦੀ ਹੈ । ਇਹੋ ਗੱਲ ਸਰਮਾਏਦਾਰੀ ਅਜਾਰੇਦਾਰੀ ਤੇ ਵੀ ਲਾਗੂ ਹੁੰਦੀ ਹੈ । ਕੀ ਪ੍ਰੋ: ਭਾਰਦਵਾਜ ਦੇ ਲੇਖ ਜਾਂ ਸੰਪਾਦਕ ਨੇ ਕਿਤੇ ਸਪਸ਼ਟੀਕਰਨ ਦਿਤਾ ਹੈ ਕਿ ਭਾਰਤੀ ਵੱਡੀ ਸਰਮਾਏਦਾਰੀ ਵਿਕਾਸ ਦੀ ਕੇਹੜੀ ਮੰਜ਼ਿਲ ਤੈਅ ਕਰਕੇ ਅਜਾਰੇਦਾਰੀ ਬਣੀ ਹੈ । ਅਜਾਰੇਦਾਰੀ ਸਰਮਾਏਦਾਰੀ ਤਾਂ ਜਿਥੇ ਕਿਤੇ ਵੀ ਵਿਕਸਤ ਹੋਈ ਹੈ ਉਸ ਨੇ ਪਹਿਲਾਂ ਜਗੀਰਦਾਰੀ ਖਿਲਾਫ ਸੰਘਰਸ਼ ਕੀਤਾ ਤੇ ਉਸਤੋਂ ਸੱਤਾ ਖੋਹੀ ਤੇ ਮੁਕਾਬਲੇਬਾਜ਼ ਸਰਮਾਏਦਾਰੀ ਦੇ ਰੂਪ ਵਿਚ ਅਜ਼ਾਦ ਵਿਕਾਸ ਕਰਕੇ ਅਜਾਰੇਦਾਰੀ ਵਿਚ ਪਲਟੀ ਹੈ, ਜਿਸ ਤਰ੍ਹਾਂ ਇੰਗਲੈਂਡ, ਅਮਰੀਕਾ, ਹਾਲੈਂਡ, ਫਰਾਂਸ ਆਦਿ ਵਿਚ ਹੋਇਆ । ਕੀ ਸੰਪਾਦਕ ਕੋਈ ਹਵਾਲਾ ਦੇ ਸਕਦਾ ਹੈ ? ਕਿ ਹਿੰਦੋਸਤਾਨ ਦੀ ਸਰਮਾਏਦਾਰੀ ਨੇ ਕਦੋਂ ਜਗੀਰਦਾਰੀ ਤੋਂ ਸੱਤਾ ਖੋਹੀ ਤੇ ਅਜ਼ਾਦ ਵਿਕਾਸ ਕੀਤਾ । ਭਾਰਤ ਦਾ ਪਿਛਲਾ ਇਤਿਹਾਸ ਦਸਦਾ ਹੈ ਕਿ ਭਾਰਤ ਵਿਚ 542 ਈ: ਤੋਂ ਪਹਿਲਾਂ ਤੋਂ ਲੈ ਕੇ 1757 ਈ: ਤੀਕ ਜਾਗੀਰਦਾਰੀ ਸਤਾ ਤੇ ਕਾਬਜ਼ ਰਹੀ ਤੇ 1757 ਤੋਂ 1947 ਤੀਕ ਭਾਰਤ ਬ੍ਰਿਟਿਸ਼ ਮੁਕਾਬਲੇਬਾਜ ਸਰਮਾਏਦਾਰੀ ਅਧੀਨ ਰਿਹਾ ਤੇ ਇਸਦਾ ਖਾਸਾ ਬਸਤੀਵਾਦੀ ਅਰਧ-ਜਗੀਰੂ ਸੀ । 1947 ਵਿਚ ਬ੍ਰਿਟਿਸ਼ ਸਾਮਰਾਜ ਨੇ ਅਜ਼ਾਦੀ ਦੇ ਨਾਂ ਹੇਠ ਹਿੰਦੋਸਤਾਨੀ ਦਲਾਲ ਹੀ ਨੌਕਰਸ਼ਾਹ ਸਰਮਾਏਦਾਰੀ ਤੇ ਜਗੀਰਦਾਰੀ ਨੂੰ ਸਤਾ 'ਚ ਸ਼ਾਮਲ ਕਰ ਲਿਆ ਤੇ ਆਪ ਪਰਦੇ ਪਿਛੇ ਹੋ ਗਿਆ । ਇਸ ਗੱਠਜੋੜ ਦੀ ਪ੍ਰਤੀਨਿਧਤਾ ਇੰਡੀਅਨ ਨੈਸ਼ਨਲ ਕਾਂਗਰਸ ਤੇ ਦੂਸਰੀਆਂ ਹਾਕਮ ਪਾਰਟੀਆਂ ਕਰਦੀਆਂ ਸਨ । ਤੇ ਭਾਰਤੀ ਸਮਾਜ ਦੇ ਖਾਸੇ ਨੂੰ ਅਰਧ-ਬਸਤੀਵਾਦੀ ਤੇ ਅਰਧ-ਜਗੀਰੂ ਵਿਚ ਤਬਦੀਲ ਕਰ ਦਿਤਾ ਗਿਆ । *1947* ਤੋਂ ਹਿੰਦੁਸਤਾਨ ਦੀ ਸਟੇਟ ਉਪਰ ਸਾਮਰਾਜ ਦਲਾਲ ਨੌਕਰਸ਼ਾਹ ਸਰਮਾਏਦਾਰੀ ਤੇ ਜਗੀਰਦਾਰੀ ਦੇ ਗੱਠਜੋੜ ਦਾ ਕਬਜ਼ਾ ਹੈ । ਜਦ ਕਿ ਸਾਮਰਾਜ ਇਥੋਂ ਦੀ ਪੈਦਾਵਾਰੀ ਪ੍ਰਣਾਲੀ ਨੂੰ ਨਿਰਧਾਰਤ ਕਰਦਾ ਹੈ ਤੇ ਦਲਾਲ ਨੌਕਰਸ਼ਾਹ ਸਰਮਾਏਦਾਰੀ ਤੇ ਜਗੀਰਦਾਰੀ ਇਸਨੂੰ ਲਾਗੂ ਕਰਦੇ ਹਨ । ਇਹ ਹੈ ਹਿੰਦੋਸਤਾਨੀ ਸਟੇਟ ਦੇ ਇਤਿਹਾਸਕ ਵਿਕਾਸ ਦੀ ਪ੍ਰਕਿਰਿਆ ਜੋ ਇਥੋਂ ਦੀ ਸਰਮਾਏਦਾਰੀ ਦੇ ਖਾਸੇ ਨੂੰ ਦਲਾਲ ਸਿੱਧ ਕਰਦੀ ਹੈ ਨਾ ਕਿ ਵੱਡੀ ਸਰਮਾਏਦਾਰੀ ਅਜਾਰੇਦਾਰੀ । ਇਸ ਉਪਰ ਪਰਦਾ ਪਾਉਣਾ ਜਾਂ ਇਸਨੂੰ ਨਾ-ਅਹਿਮੀਅਤ ਦਾ ਸਵਾਲ ਸਮਝਣਾ ਸੋਧਵਾਦੀ ਪ੍ਰਤੀ ਉਦਾਰਵਾਦੀ ਰਵਈਆ ਅਖਤਿਆਰ ਕਰਨਾ ਹੈ, ਕਿਉਂਕਿ ਇਹ ਹਿੰਦੋਸਤਾਨ ਦੀ State ਬਾਰੇ ਗਲਤ ਨਿਰਣਾ ਪੇਸ਼ ਕਰਦਾ ਹੈ !

ਦੂਜਾ ਸੁਆਲ ਰੂਸ ਜਾਂ ਚੀਨ ਦੇ ਸੋਸ਼ਲਿਸਟ ਹੋਣ ਜਾਂ ਨਾ ਹੋਣ ਬਾਰੇ ਅਤੇ ਕੰਪੂਚੀਆ (ਕੰਬੋਡੀਆ) ਉੱਪਰ ਵੀਅਤਨਾਮ ਦੇ ਹਮਲੇ ਬਾਰੇ ਹੈ । ਇਹਨਾਂ ਸੁਆਲਾਂ ਬਾਰੇ ਸੰਪਾਦਕ ਨੇ ਜੁਆਬ ਦਿਤਾ ਕਿ ਰੂਸ 'ਤੇ ਚੀਨ ਨੇ ਸਾਡੇ ਦੇਸ਼ ਬਾਰੇ ਕੋਈ ਭੂਮਿਕਾ ਨਹੀਂ ਨਿਭਾਉਣੀ ਇਸ ਕਰਕੇ ਜਦੋਂ ਲੋੜ ਪਈ ਸੋਚ ਲਵਾਂਗੇ । ਪਰ ਇਤਿਹਾਸ ਗੁਆ ਹੈ ਕਿ ਮਜ਼ਦੂਰ ਜਮਾਤ ਸਮਕਾਲੀ ਸੰਸਾਰ ਬਾਰੇ ਠੋਸ ਨਿਰਣਾ ਕਰੇ ਬਿਨਾਂ ਜਿੱਤ ਪ੍ਰਾਪਤ ਨਹੀਂ ਕਰ ਸਕੀ । ਮਹਾਨ ਲੈਨਿਨ ਨੇ ਕਿਹਾ ਹੈ ਕਿ ਸ਼ੋਸ਼ਲ ਡੈਮੋਕ੍ਰੇਟਿਕ ਲਹਿਰ (ਮਜ਼ਦੂਰ ਜਮਾਤ ਲਹਿਰ) ਆਪਣੇ ਬਿਲਕੁਲ ਤੱਤ ਰੂਪ ਵਿਚ ਹੀ ਕੌਮਾਂਤਰੀ ਲਹਿਰ ਹੈ । ਸੋ ਕੌਮਾਂਤਰੀ ਹਾਲਤਾਂ ਬਾਰੇ ਅਤੇ ਵੱਖੋ ਵੱਖ ਦੇਸ਼ਾਂ ਬਾਰੇ ਨਿਰਣਾ ਨਾ ਕਰਨਾ ਮਜ਼ਦੂਰ ਜਮਾਤ ਦੀ ਲਹਿਰ ਨੂੰ ਕੌਮੀ ਹੱਦਾਂ ਦੇ ਅੰਦਰ ਬੰਨ੍ਹਣਾ ਹੈ ਜੋ ਬੁਰਜੁਆਜੀ ਦਾ ਦ੍ਰਿਸ਼ਟੀਕੋਣ ਹੈ ਨਾ ਕਿ ਕਮਿਊਨਿਸਟਾਂ ਦਾ । ਮਾਰਕਸਵਾਦ ਸਿਖਾਉਂਦਾ ਹੈ ਚੀਜ਼ਾਂ ਅੰਤਰ ਸਬੰਧਤ ਹਨ ਤੇ ਇਕ ਦੂਜੀ ਉੱਪਰ ਆਪਣੇ ਪ੍ਰਭਾਵ ਛੱਡਦੀਆਂ ਹਨ । ਸੋ, ਰੂਸ ਜਾਂ ਚੀਨ ਅੰਦਰ ਵਾਪਰ ਰਹੀਆਂ ਘਟਨਾਵਾਂ ਦਾ ਪ੍ਰਤੀਕਰਮ ਸਾਰੇ ਸੰਸਾਰ ਸਮੇਤ ਭਾਰਤ 'ਤੇ ਪੈਣਾ ਲਾਜ਼ਮੀ ਹੈ । ਰਹੀ ਗੱਲ ਉਹਨਾਂ ਦੇ ਸ਼ੋਸ਼ਲਿਸਟ ਹੋਣ ਬਾਰੇ । ਕੀ ਸ਼ੋਸ਼ਲਿਸਟ ਦੇਸ਼ ਇਕ ਦੂਜੇ ਉਪਰ ਹਮਲਾ ਕਰਦੇ ਹਨ ? ਜਦ ਕਿ ਚੀਨ ਨੇ ਵੀਅਤਨਾਮ 'ਤੇ ਹਮਲਾ ਕੀਤਾ ਤੇ ਰੂਸ ਨੇ ਅਫਗਾਨਿਸਤਾਨ 'ਤੇ । ਇਹ ਹਮਲੇ ਉਹਨਾਂ ਨੂੰ ਸਮਾਜਵਾਦੀ ਨਹੀਂ ਸਗੋਂ ਪਸਾਰਵਾਦੀ ਸਾਬਤ ਕਰਦੇ ਹਨ । ਜੇਕਰ ਮਜ਼ਦੂਰ, ਮਜ਼ਦੂਰ ਜਮਾਤ ਦੇ ਆਗੂ ਇਹ ਨਿਰਣਾ ਹੀ ਨਹੀਂ ਕਰਨਗੇ ਤਾਂ ਦੋਸਤ, ਦੁਸ਼ਮਣ ਦੀ ਪਹਿਚਾਣ ਕਿਵੇਂ ਕਰਨਗੇ ? ਦੋਸਤ ਦੁਸ਼ਮਣ ਦੀ ਪਹਿਚਾਣ ਕੀਤੇ ਬਿਨਾਂ ਲਹਿਰ ਨੂੰ ਅੱਗੇ ਕਿਵੇਂ ਲਿਜਾਣਗੇ ? ਭਾਰਤ ਵਿਚ ਅਜੇਹੀਆਂ ਪਾਰਟੀਆਂ ਦੇ ਗਰੁੱਪ ਹਨ ਜੋ ਰੂਸ ਤੇ ਚੀਨ ਨੂੰ 'ਸਮਾਜਵਾਦੀ' ਮੰਨਦੇ ਹਨ, ਇਸ ਤਰ੍ਹਾਂ ਉਹ ਉਨ੍ਹਾਂ ਦੇਸ਼ਾਂ ਦੇ ਅਸਲੀ ਖਾਸੇ ਨੂੰ ਛੁਪਾਉਂਦੇ ਹਨ । ਉਹਨਾਂ ਬਾਰੇ ਚੁੱਪ ਰਹਿਣਾ, ਸ਼ਰੇਆਮ

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ ਕੈਲਾਸ਼ ਕੌਰ—ਗੁਰਸ਼ਰਨ ਸਿੰਘ ਨੇ ਛਪਵਾਇਆ ਤੇ ਪ੍ਰਕਾਸ਼ਤ ਕੀਤਾ । ਛਪਾਈ ਹਰਮੁਖ ਪ੍ਰਿੰਟਰਜ਼, 23-ਮਹਾਂ ਸਿੰਘ ਗੇਟ ਮਾਰਕੀਟ, ਅੰਮ੍ਰਿਤਸਰ ਵਿਚ ਹੋਈ । ਪ੍ਰਬੰਧਕੀ ਸਿਰਨਾਵਾਂ : ਗੁਰੂ ਖਾਲਸਾ ਨਿਵਾਸ ਡਾਕਖ਼ਾਨਾ ਖ਼ਾਲਸਾ ਕਾਲਜ,ਅੰਮ੍ਰਿਤਸਰ-143002 ਵਾਰਸ਼ਿਕ ਚੰਦਾ 15 ਰੁ:,ਵਿਦੇਸ਼ ਹਵਾਈ ਡਾਕ ਰਾਹੀਂ 80 ਰੁ:।

ਸੋਧਵਾਦ ਦੇ ਪੱਖ ਵਿਚ ਭੁਗਤਕੇ ਮਜ਼ਦੂਰ ਜਮਾਤ ਦੀ ਦਰੁਸ਼ਤ ਸੇਧ ਤੋਂ ਅੱਖੀਂ ਮੀਟਣਾ ਹੈ।

ਤੀਸਰਾ ਮਜ਼ਦੂਰ ਜਮਾਤ ਨੂੰ ਦਰਪੇਸ਼ ਕੁੱਝ ਮਹੱਤਵਪੂਰਣ ਕੌਮਾਂਤਰੀ ਸੁਆਲਾਂ ਦਾ ਜ਼ਿਕਰ ਨਹੀਂ ਕੀਤਾ ਗਿਆ ਜਿਵੇਂ 14 ਸਾਬਕਾ ਪ੍ਰੋਲੇਤਾਰੀ ਦੇਸ਼ਾਂ ਵਿਚ ਇਨਕਲਾਬ ਫੇਲ੍ਹ ਹੋਣ ਦਾ ਕੀ ਕਾਰਨ ਹੈ? ਸਾਬਕਾ ਪ੍ਰੋਲੇਤਾਰੀ ਦੇਸ਼ ਇਕ ਸੰਸਾਰ ਭਾਈਚਾਰਾ ਕਿਉਂ ਨਾ ਉਸਾਰ ਸਕੇ? ਸਟਾਲਨ ਤੇ ਮਾਉ ਵਰਗੇ ਮਹਾਨ ਮਾਰਕਸਵਾਦੀ-ਲੈਨਿਨਵਾਦੀਆਂ ਦੀ ਅਗਵਾਈ ਸਦਕਾ ਕਿਉਂ ਉਹਨਾਂ ਦੇਸ਼ਾਂ ਦੀਆਂ ਪਾਰਟੀਆਂ ਸਰਮਾਏਦਾਰੀ ਦੀ ਬਹਾਲੀਦੇ ਰਾਹ ਪੈ ਗਈਆਂ। ਇਹਨਾਂ ਮਹਤਵਪੂਰਣ ਸੁਆਲਾਂ ਬਾਰੇ ਕੋਈ ਨਿਰਣਾ 'ਸਮਤਾ' ਨੇ ਪੇਸ਼ ਨਹੀਂ ਕੀਤਾ। ਇਹ ਸੁਆਲ ਸਮੇਤ ਉਹਨਾਂ ਸਵਾਲਾਂ ਦੇ, ਜੋ 'ਸਮਤਾ' ਵਿਚ ਉਠਾਏ ਗਏ ਹਨ, ਸਿਰਫ ਮਜ਼ਦੂਰ ਜਮਾਤ ਦੇ ਆਗੂਆਂ ਦੇ ਹੀ ਨਹੀਂ ਸਗੋਂ ਹੋਰ ਚੇਤਨ ਮੇਹਨਤਕਸ਼ ਦੇ ਦਿਮਾਗ ਵਿਚ ਉੱਠ ਰਹੇ ਹਨ। ਇਹਨਾਂ ਸੁਆਲਾਂ ਬਾਰੇ ਵੱਧ ਤੋਂ ਵੱਧ ਸਪਸ਼ਟੀਕਰਨ ਕਰਕੇ ਤੇ ਮਜ਼ਦੂਰ ਜਮਾਤ ਦੇ ਰਾਜਨੀਤਕ ਵਿਚਾਰਧਾਰਕ ਪੱਧਰ ਨੂੰ ਉਚਾ ਚੁੱਕ ਕੇ ਹੀ ਭਾਰਤੀ ਪਿਛਾਖੜੀ ਸਟੇਟ ਨੂੰ ਸਤੱਾ ਤੋਂ ਲਾਹਿਆਂ ਜਾ ਸਕਦਾ ਹੈ। ਨਾ ਕਿ ਸਮਤਾ ਵਰਗੀ ਸਿੱਧੜ ਸਮਝ ਪੇਸ਼ ਕਰਕੇ। ਮਾਰਕਸਵਾਦ ਸਿਖਾਉਂਦਾ ਹੈ ਕਿ ਕਿਸੇ ਵੀ ਪਾਰਟ (ਹਿੱਸਾ) ਨੂੰ ਪੂਰੇ ਦੇ ਸਬੰਧ ਵਿਚ ਹੀ ਠੀਕ ਸਮਝਿਆ ਜਾ ਸਕਦਾ ਹੈ। ਇਕੱਲੇ ਹਿੱਸੇ ਨੂੰ ਵੱਖ ਕਰਕੇ ਸਮਝਣਾ ਇਕ ਪਾਸੜਪੁਣਾ ਹੋਵੇਗਾ। ਭਾਰਤ ਜੋ ਸੰਸਾਰ ਦਾ ਇਕ ਹਿੱਸਾ ਹੈ, ਨੂੰ ਸੰਸਾਰ ਦੇ ਸਬੰਧ ਵਿਚ ਹੀ ਸਮਝਿਆ ਜਾ ਸਕਦਾ ਹੈ। ਜਿਸ ਕਰਕੇ ਉਪਰੋਕਤ ਸੁਆਲਾਂ ਦੀ ਮਹੱਤਤਾ ਹੋਰ ਵੀ ਵੱਧ ਜਾਂਦੀ ਹੈ। ਇਸੇ ਤਰ੍ਹਾਂ ਹੀ ਸੰਪਾਦਕੀ ਵਿਚ ਭਾਰਤੀ ਜਨਤਾ ਪਾਰਟੀ ਤੇ ਕਾਂਗਰਸ ਬਾਰੇ ਤਾਂ ਕਿਹਾ ਗਿਆ ਪਰ ਦੂਸਰੀਆਂ ਸੋਧਵਾਦੀ ਪਾਰਟੀਆਂ ਸੀ. ਪੀ. ਆਈ., ਸੀ. ਪੀ. ਐਮ. ਬਾਰੇ ਕੁੱਝ ਨਹੀਂ ਕਿਹਾ, ਜਿਨ੍ਹਾਂ ਦੀਆਂ ਕੇਰਲਾ, ਪੱਛਮੀ ਬੰਗਾਲ ਤੇ ਤ੍ਰੀਪੁਰਾ ਵਿਚ ਸਰਕਾਰਾਂ ਵੀ ਹਨ ਤੇ ਰੂਸ ਨੂੰ ਸੋਸ਼ਲਿਸਟ ਦੱਸ ਕੇ ਲੱਖਾਂ ਮੇਹਨਤਕਸ਼ਾਂ ਨੂੰ ਗੁੰਮਰਾਹ ਕਰਕੇ ਭਾਰਤੀ ਇਨਕਲਾਬ ਨੂੰ ਬੇ-ਹੱਦ ਨੁਕਸਾਨ ਪਹੁੰਚਾ ਰਹੀਆਂ ਹਨ।

ਅੰਤਮ ਗੱਲ ਸਮਤਾ ਦੀ ਸੰਪਾਦਕੀ ਨੇ ਸਿਧਾਂਤਕ ਸੁਆਲ ਜੋ ਅੱਤ-ਮਹੱਤਵਪੂਰਣ ਸੁਆਲ ਹਨ ਨੂੰ ਗਰੁੱਪਾਂ ਦੀ ਆਪਸੀ ਲੜਾਈ ਦੇ ਵਾਧੂ ਦੇ ਮਤਭੇਦ ਕਹਿਕੇ ਸੋਧਵਾਦ ਪ੍ਰਤੀ ਉਦਾਰਵਾਦੀ ਰਵਈਆ ਅਖਤਿਆਰ ਕੀਤਾ ਹੈ। ਜਦ ਕਿ ਇਤਿਹਾਸ ਗੁਆਹ ਹੈ ਕਿ ਕੋਈ ਵੀ ਮਜ਼ਦੂਰ ਜਮਾਤ ਲਹਿਰ ਸਿਧਾਂਤਕ ਸਪਸ਼ਟੀਕਰਨ ਕੀਤੇ ਬਿਨਾਂ ਜਿੱਤ ਪ੍ਰਾਪਤ ਨਹੀਂ ਕਰ ਸਕੀ। ਲੈਨਿਨ ਨੇ ਕਿਹਾ ਹੈ ਕਿ, "ਕਿਸੇ ਇਨਕਲਾਬੀ ਸਿਧਾਂਤ ਤੋਂ ਬਿਨਾਂ ਕੋਈ ਵੀ ਇਨਕਲਾਬੀ ਲਹਿਰ ਨਹੀਂ ਹੋ ਸਕਦੀ।" ਜੇਕਰ ਕੰਮ ਇਤਨੇ ਵਿਚ ਹੀ ਸਰ ਸਕਦਾ ਕਿ ਸਟੇਟ ਮਜ਼ਦੂਰ ਦੁਸ਼ਮਣ ਤੇ ਗਰੀਬ ਦੁਸ਼ਮਣ ਹੁੰਦੀ ਹੈ ਤਾਂ ਫਿਰ ਮਾਰਕਸ, ਐਂਗਲਜ਼ ਤੇ ਲੈਨਿਨ ਨੂੰ ਸੈਂਕੜੇ ਗਰੰਥ ਤੇ ਕਮਿਊਨਿਸਟ ਮੈਨੀਫੈਸਟੋ ਵਰਗੀਆਂ ਕਿਰਤਾਂ ਰਚਣ ਦੀ ਕੀ ਲੋੜ ਪਈ ਸੀ? ਲੈਨਿਨ 'ਕੀ ਕਰਨਾ ਲੋੜੀਏ' ਵਿਚ ਕਹਿੰਦੇ ਹਨ ਮਜ਼ਦੂਰ ਜਮਾਤ ਦੀ ਸਿਰਫ ਉਹੀ ਪਾਰਟੀ ਜਿੱਤ ਪ੍ਰਾਪਤ ਕਰ ਸਕਦੀ ਹੈ ਜੋ ਅੰਤ ਦੇ ਉਨਤ ਸਿਧਾਂਤ ਤੋਂ ਅਗਵਾਈ ਲੈਂਦੀ ਹੈ'। ਮਾਰਕਸ ਨੇ ਹੀਗਲ ਆਫ ਲਾਅ ਦੀ ਅਲੋਚਨਾ ਵਿਚ ਕਿਹਾ ਹੈ, "the theory becomes a material force as soon as it has gripped the masses". 'ਕੀ ਕਰਨਾ ਲੋੜੀਏ' ਵਿਚ ਲੈਨਿਨ ਨੇ ਐਂਗਲਜ਼ ਦਾ ਹਵਾਲਾ ਦਿੰਦੇ ਹੋਏ ਕਿਹਾ ਹੈ ਕਿ ਐਂਗਲਜ਼ ਸ਼ੋਸ਼ਲ ਡੈਮੋਕ੍ਰੇਸੀ ਦੇ ਦੋ ਪੱਖ ਨਹੀਂ (ਰਾਜਨੀਤਕ ਤੇ ਆਰਥਕਤਾ) ਸਗੋਂ ਤਿੰਨ ਪੱਖ ਲੈਂਦਾ ਹੈ। ਉਹ ਸਿਧਾਂਤਕ ਪੱਖ ਨੂੰ ਰਾਜਨੀਤਕ ਤੇ ਆਰਥਕਤਾ ਤੋਂ ਭਾਰੂ ਰੱਖਦਾ ਹੈ। ਉਪਰੋਕਤ ਕਥਨ ਸਿਧਾਂਤ ਦੀ ਮਹੱਤਤਾ ਬਾਰੇ ਸਪਸ਼ਟੀਕਰਨ ਕਰਦੇ ਹਨ ਪਰ ਸਮਤਾ ਦੀ ਸੰਪਾਦਕੀ ਨੇ ਇਹਨਾਂ ਉੱਪਰ ਵਿਚਾਰ ਵਟਾਂਦਰੇ ਨੂੰ ਗਰੁੱਪਾਂ ਦੇ ਵਾਧੂ ਮਤਭੇਦ ਕਹਿ ਕੇ ਮੌਕਾਪ੍ਰਸਤੀ ਦਾ ਰਵਈਆ ਅਖਤਿਆਰ ਕੀਤਾ ਹੈ ਤੇ ਮਜ਼ਦੂਰ ਜਮਾਤ ਦੀ ਲਹਿਰ ਨੂੰ ਆਰਥਕਵਾਦ ਦੀ ਜਿੱਲਣ ਵੱਲ ਲਿਜਾਣ ਦਾ ਯਤਨ ਕੀਤਾ ਹੈ। ਅੱਜ ਦੇ ਯੁੱਗ ਵਿਚ ਜਦ ਸਾਰੇ ਸਾਬਕਾ ਪ੍ਰੋਲੇਤਾਰੀ ਦੇਸ਼ਾਂ ਵਿਚ ਇਨਕਲਾਬ ਫੇਲ੍ਹ ਹੋ ਚੁਕੇ ਹਨ ਤਾਂ ਲੋੜ ਹੈ ਮੌਕਾਪ੍ਰਸਤੀ ਦੇ ਖਿਲਾਫ ਬੇਕਿਰਕ ਘੋਲ ਚਲਾਇਆ ਜਾਵੇ ਤੇ ਇਸ ਨੂੰ ਵਿਚਾਰਧਾਰਕ ਸਪਸ਼ਟੀਕਰਨ ਕਰਕੇ ਹਾਰ ਦਿਤੀ ਜਾ ਸਕਦੀ ਹੈ। ਨਾ ਕਿ ਸੰਮਤਾ ਦੇ ਸੰਪਾਦਕ ਵਾਂਗ ਇਸ ਨੂੰ ਗਰੁੱਪਾਂ ਦੇ ਵਾਧੂ ਦੇ ਮੱਤਭੇਦ ਗਰਦਾਨ ਕੇ। ਕਿਸੇ ਵੀ ਲਹਿਰ ਦੀ ਜਿੱਤ ਜਾਂ ਹਾਰ ਦੇ ਕਾਰਨ ਉਸ ਵਲੋਂ ਅਪਣਾਈ ਗਈ ਵਿਚਾਰਧਾਰਕ ਲਾਈਨ ਦੇ ਅੰਦਰ ਮੌਜੂਦ ਹੁੰਦੇ ਹਨ। ਉਹਨਾਂ ਬਾਰੇ ਚੁੱਪ ਰਹਿਣਾ ਲਹਿਰ ਨੂੰ ਨੁਕਸਾਨ ਪਹੁੰਚਾਉਣਾ ਹੁੰਦਾ ਹੈ ਨਾ ਕਿ ਲਹਿਰ ਨੂੰ ਅੱਗੇ ਵਧਾਉਣਾ।

o

ਇਸ ਲੇਖ ਵਿਚ ਅਤੇ ਪਹਿਲੇ ਲੇਖਾਂ ਵਿਚ ਜੋ ਵਡਾ ਇਲਜ਼ਾਮ ਹੈ, ਉਹ ਇਹ ਹੈ ਕਿ ਅਸੀਂ ਕਮਿਊਨਿਸਟ ਲਹਿਰ ਵਿਚ ਕੌਮਾਂਤਰੀਵਾਦ ਨੂੰ ਹਿੰਦੋਸਤਾਨ ਦੇ ਇਨਕਲਾਬ ਵਾਸਤੇ ਮਹੱਤਤਾ ਨਹੀਂ ਦੇਂਦੇ ਜਦੋਂ ਕਿ ਇਹ ਤੱਤ

ਮਾਰਕਸਿਜ਼ਮ ਲੈਨਿਨਇਜ਼ਮ ਦਾ ਬੁਨਿਆਦੀ ਤੱਤ ਹੈ। ਸੰਪਾਦਕ ਦੀ ਹੈਸੀਅਤ ਵਿਚ ਮੈਂ ਇਸ ਇਲਜ਼ਾਮ ਨੂੰ ਸਵੀਕਾਰ ਕਰਦਾ ਹਾਂ ਤੇ ਮੈਂ ਇਹ ਫੇਰ ਕਹਿੰਦਾ ਹਾਂ ਕਿ ਕੌਮਾਂਤਰੀਵਾਦੀ ਉਤੇ ਜ਼ੋਰ ਮੌਜੂਦਾ ਹਾਲਤਾਂ ਵਿਚ ਹਿੰਦੋਸਤਾਨ ਦੇ ਇਨਕਲਾਬ ਵਿਚ ਇਕ ਰੁਕਾਵਟ ਹੈ। ਪਰ ਇਹਦਾ ਇਹ ਮਤਲਬ ਨਹੀਂ ਜਿਸ ਤਰ੍ਹਾਂ ਕਿ ਮੈਂ ਪਹਿਲੇ ਵੀ ਕਹਿ ਚੁਕਾ ਹਾਂ ਕਿ ਮੈਂ ਮਾਰਕਸਿਜ਼ਮ ਦੀ ਇਸ ਬੁਨਿਯਾਦੀ ਸਚਾਈ ਤੋਂ ਮੁਨਕਰ ਹਾਂ। ਅਜ ਦੀ ਸੰਸਾਰ ਪ੍ਰਸਥਿਤੀ ਵਿਚ ਮੈਂ ਸਮਝਦਾ ਹਾਂ ਕਿ ਸੰਸਾਰ ਇਨਕਲਾਬ ਨੂੰ ਸੇਧ ਦੇਣ ਵਾਲਾ ਕੋਈ ਕੌਮਾਂਤਰੀ ਕੇਂਦਰ ਨਹੀਂ। ਸੰਸਾਰ ਭਰ ਦੇ ਸੱਚੇ ਤੇ ਸ਼ਹਿਰਦ ਕਮਿਊਨਿਸਟਾਂ ਨੂੰ ਇਹ ਕੇਂਦਰ ਉਸਾਰਨ ਲਈ ਯੱਤਨਸ਼ੀਲ ਹੋਣਾ ਚਾਹੀਦਾ ਹੈ ਜਿਥੋਂ ਕੋਈ ਬੜੀ ਐਸਪਰਟ ਰਹਿਨੁਮਾਈ ਮਿਲ ਸਕੇ ਪਰ ਜਿਨ੍ਹਾਂ ਚਿਰ ਇਹ ਕੇਂਦਰ ਨਹੀਂ, ਉਨਾਂ ਚਿਰ ਤਕ ਕੌਮਾਂਤਰੀਵਾਦ ਨੂੰ ਖਾਹਮਖਾਹ ਅਪਣੀ ਸਿਆਸਤ ਵਿਚ ਘੁਸੇੜਣਾ ਉਹਨਾਂ ਕ੍ਰੋੜਾਂ ਲੋਕਾਂ ਵਲ ਗ਼ਦਾਰੀ ਹੈ, ਜਿਨਾਂ ਨੂੰ ਅਸੀਂ ਇਨਕਲਾਬ ਦੇ ਰਾਹੀਂ ਨਿਜਾਤ ਦਿਵਾਉਣ ਲਈ ਵਚਨਬੱਧ ਹਾਂ। ਕੌਮਾਂਤਰੀਵਾਦ ਮੌਜੂਦਾ ਹਾਲਤਾਂ ਵਿਕ ਕਮਿਊਨਿਸ਼ਟਾਂ ਦੇ ਆਪਸੀ ਦੁਫੇੜ ਜਾਂ ਨਫਰਤ ਤੋਂ ਸਿਵਾ ਹੋਰ ਕੋਈ ਭੂਮਿਕਾ ਨਹੀਂ ਨਿਭਾ ਰਿਹਾ। ਸੀਮਤ ਜਹੀ ਇਕ ਪਾਸੜੀ ਜਾਣਕਾਰੀ ਕਰਕੇ ਅਸੀਂ ਰੂਸ ਪੱਖੀ, ਚੀਨ ਪੱਖੀ, ਅਲਬਾਨੀਆਂ ਪੱਖੀ ਜਾਂ ਕਿਸੇ ਦੇ ਵੀ ਨਾਂ ਪੱਖੀ ਹੋਨ ਦੇ ਸਟੈਂਡ ਲਏ ਹੋਏ ਹਨ ਤੇ ਉਹਨਾਂ ਲੋਕਾਂ ਦੇ ਹਥਾਂ ਵਿਚ ਖੇਡ ਰਹੇ ਹਾਂ, ਜਿਹੜੇ ਚਾਹੁੰਦੇ ਹਨ ਕਿ ਇਹ ਸਿਧਾਂਤ ਬੁਰੀ ਤਰ੍ਹਾਂ ਬਦਨਾਮ ਹੋ ਜਾਏ ਤੇ ਲੋਕ ਭੰਬਲਭੂਸਿਆਂ ਵਿਚ ਪਏ ਰਹਿਣ। ਅਸੀਂ ਅਪਣੇ ਪੱਖਵਾਦੀ ਰਵਈਏ ਨਾਲ ਉਹਨਾਂ ਸਾਰੀਆਂ ਪ੍ਰਾਪਤੀਆਂ ਤੇ ਪਾਣੀ ਫੇਰ ਦੇਂਦੇ ਹਾਂ ਜਿਹੜੀਆਂ ਰੂਸ ਜਾਂ ਚੀਨ ਨੇ ਸਮਾਜਵਾਦੀ ਸਿਸਟਮ ਥਲੇ ਪ੍ਰਾਪਤ ਕੀਤੀਆਂ। ਇਹਦੇ ਨਾਲ ਸਾਡੇ ਵਲੋਂ ਕਿਨਾਂ ਦੇ ਹਿੱਤਾਂ ਦੀ ਸੇਵਾਂ ਹੋ ਰਹੀ ਹੈ? ਅਸੀਂ ਇਹਦੇ ਨਾਲ ਪ੍ਰੋਲਤਾਰੀ ਸਿਆਸਤ ਨੂੰ ਕਿੰਨਾ ਕੁ ਅਗੇ ਲਿਜਾ ਰਹੇ ਹਾਂ? ਥੋੜਾ ਅਪਣੇ ਵਲ ਝਾਤੀ ਤੇ ਮਾਰੀਏ ਕਿ ਅਸੀਂ ਹਿੰਦੋਸਤਾਨ ਦੀ ਸਮੁੱਚੀ ਸਿਆਸਤ ਲੱਭਦੇ ਕਿਥੇ ਹਾਂ? ਹੁਣੇ ਹੀ ਚੋਣਾ ਹੋਈਆਂ। ਹਿਮਾਚਲ ਪ੍ਰਦੇਸ਼, ਹਰਿਆਨਾ ਵਿਚ ਭੁੱਲਕੇ ਵੀ ਕੋਈ ਵੋਟ ਕਿਸੇ ਵੀ ਪੱਖੀ ਬੰਦੇ ਨੂੰ ਨਹੀਂ ਪਈ। ਬੰਗਾਲ ਵਿਚ ਉਥੇ ਹੀ ਹਾਂ ਜਿਥੇ 1951-52 ਵਿਚ ਹੁੰਦੇ ਸਨ, ਉਦੋਂ ਵੀ ਉਥੇ ਸ਼ਕਤੀਸ਼ਾਲੀ ਖੱਬੇ ਪਾਕਟ ਹੁੰਦੇ ਸਨ, ਖੱਬੀ ਸਿਆਸਤ ਦਾ ਬੋਲਬਾਲਾ ਸੀ। ਕੇਰਲਾ ਜਿਥੇ ਪਹਿਲੀ ਕਮਿਊਨਿਸਟ ਵਜ਼ਾਰਤ 1959 ਵਿਚ ਬਣੀ, ਉਥੇ ਵੀ ਸਥਿਤੀ ਕੋਈ ਕਮਿਊਨਿਸਟਾਂ ਦੇ ਹੱਕ ਵਿਚ ਸੁਧਰੀ ਨਹੀਂ। ਇਹਦੇ ਬਾਰੇ ਇਨਕਲਾਬੀ ਕਮਿਊਨਿਸਟਾਂ ਦਾ ਸਿਧਾਂਤਕ ਜਵਾਬ ਹੈ ਕਿ ਇਹ ਸੀ. ਪੀ. ਆਈ. ਤੇ ਸੀ. ਪੀ. ਐਮ. ਦੀਆਂ ਸੋਧਵਾਦੀ ਨੀਤੀਆਂ ਦਾ ਨਤੀਜਾ ਹੈ ਅਤੇ ਜੇ ਪੁਛਿਆ ਜਾਏ ਕਿ 15 ਸਾਲ ਤਾਂ ਇਨਕਲਾਬੀ ਕਮਿਊਨਿਸਟਾਂ ਨੂੰ ਵੀ ਸੰਘਰਸ਼ ਕਰਦੇ ਹੋ ਗਏ ਨੇ। ਏਨੀਆਂ ਕੁਰਬਾਨੀਆਂ ਬਾਅਦ ਅਗੇ ਨਹੀਂ ਵੱਧ ਸਕੇ, ਤਾਂ ਜਵਾਬ ਕੋਈ ਤਸੱਲੀਬਖਸ਼ ਲਭਣਾ ਮੁਸ਼ਕਿਲ ਹੈ, ਮੇਰੇ ਵਿਚਾਰ ਵਿਚ ਇਹਦਾ ਵੱਡਾ ਕਾਰਨ ਇਹੀ ਹੈ ਕਿ ਸਾਡੀ ਕਮਿਊਨਿਸਟਾਂ ਦੀ ਸਾਰੀ ਸਿਆਸਤ ਲੋਕਾਂ ਦੇ ਸਿਰਾਂ ਦੇ ਉਤੋਂ ਦੀ ਲੰਘ ਜਾਂਦੀ ਹੈ ਅਤੇ ਇਸਦਾ ਅਗੋਂ ਵਡਾ ਕਾਰਨ ਇਹ ਹੈ ਕਿ ਲੋਕਾਂ ਦੇ ਸਾਹਮਣੇ ਮੱਸਲਾ ਕੋਈ ਹੋਰ ਦਰਪੇਸ਼ ਹੈ ਤੇ ਸਾਡੀ ਵੇਵਲੈਂਥ ਕਿਧਰੇ ਹੋਰ ਕੌਮਾਂਤਰੀਵਾਦ ਨਾਲ ਜੁੜੀ ਹੋਈ ਹੈ। ਮੱਸਲਾ ਚੋਣਾਂ ਦਾ ਹੋਵੇ ਜਾਂ ਹਥਿਆਰਬੰਦ ਇਨਕਲਾਬ ਦਾ ਹੋਵੇ, ਲੋਕਾਂ ਨੂੰ ਨਾਲ ਲਏ ਬਗ਼ੈਰ ਕਦੀ ਕਾਮਯਾਬੀ ਤਾਂ ਹੋ ਨਹੀਂ ਸਕਦੀ ਤੇ ਲੋਕਾਂ ਨੂੰ ਨਾਲ ਤਾਂ ਹੀ ਲਿਆ ਜਾ ਸਕਦਾ ਹੈ ਕਿ ਉਹਨਾਂ ਦੀ ਪੱਧਰ ਦੀ ਗੱਲ ਕਰੀਏ। ਉਹਨਾਂ ਨੂੰ ਨਾਲ ਜੋੜੀਏ, ਉਹਨਾਂ ਨਾਲ ਆਪ ਜੁੜੀਏ ਤੇ ਫੇਰ ਤਾਕਤ ਬਣਕੇ ਦੇਸ਼ ਦੀ ਸਿਆਸਤ ਵਿਚ ਦਖਲ ਅੰਦਾਜ਼ੀ ਕਰੀਏ, ਇਹ ਕੋਈ ਮੌਕਾਪ੍ਰਸਤੀ ਨਹੀਂ ਤੇ ਨਾ ਹੀ ਆਰਥਕਵਾਦ ਹੈ ਤੇ ਨਾ ਹੀ ਕੋਈ ਉਦਾਰਵਾਦ। ਮੌਕਾਪ੍ਰਸਤੀ ਤਾਂ ਹੋਵੇ ਜੇ ਕਿਸੇ ਦਾ ਕੋਈ ਨਿੱਜੀ ਸਵਾਰਥ ਹੋਵੇ। ਸਥਿਤੀ ਦੇ ਅਨੁਸਾਰ ਲਹਿਰ ਨੂੰ ਜਥੇਬੰਦ ਕਰਨਾ ਕੋਈ ਮੌਕਾਪ੍ਰਸਤੀ ਨਹੀਂ। 1917 ਵਿਚ ਲੈਨਿਨ ਪ੍ਰੋਲਤਾਰੀ ਦੇ ਹੱਕ ਵਿਚ ਸਾਰਿਆਂ ਨਾਲੋਂ ਵੱਡਾ ਮੌਕਾਪ੍ਰਸਤ ਸਾਬਤ ਹੋਇਆ ਜਦੋਂ ਉਹਨੇ ਰੂਸ ਦੀ ਉਸ ਵੇਲੇ ਦੀ ਸਥਿਤੀ ਅਨੁਸਾਰ ਮੌਕਾ ਸਾਂਭਿਆ ਅਤੇ ਇਨਕਲਾਬੀ ਨੂੰ ਸਫਲ ਕੀਤਾ। ਹਿੰਦੋਸਤਾਨ ਵਿਚ ਜੇਕਰ ਅਸੀਂ ਵਿਚਰਨਾ ਹੈ ਤਾਂ ਸਾਨੂੰ ਆਪਣੇ ਵਿਰਸੇ ਤੋਂ ਤੇ ਆਪਣੀ ਕਲਚਰ ਵਿਚੋਂ ਹੀ ਮਿਸਾਲਾਂ ਲੈ ਕੇ ਵਿਚਰਨਾ ਪਏਗਾ। ਕੌਮਾਂਤਰੀ ਮਿਸਾਲਾਂ ਕਿ ਰੂਸ ਵਿਚ ਇਹ ਹੋ ਗਿਆ, ਚੀਨ ਵਿਚ ਉਹ ਹੋ ਗਿਆ ਕੋਈ ਕਾਟ ਨਹੀਂ ਕਰਦੀਆਂ। ਸਾਨੂੰ ਇਨਕਲਾਬੀ ਹਿੰਦੂ ਇਨਕਲਾਬੀ ਸਿਖ ਆਦਿਕ ਦਾ ਪ੍ਰਭਾਵ ਦੇਣਾ ਪਵੇਗਾ ਅਤੇ ਫੇਰ ਲੋਕ ਵੀ ਸਾਡੀ ਕੋਈ ਗੱਲ ਸੁਣਨਗੇ। ਉਸ ਵੇਲੇ ਫੇਰ ਸਾਡੀ ਵਿਗਿਆਨਕ ਸੂਝ ਸਾਡਾ ਸਾਥ ਦੇਵੇਗੀ ਤੇ ਅਸੀਂ ਉਹਨਾਂ ਦੀ ਰਹਿਨੁਮਾਈ ਕਰ ਸਕਾਂਗੇ। ਬਾਬਾ ਨਾਨਕ ਦੀ ਮਿਸਾਲ ਸਾਡੇ ਸਾਹਮਣੇ ਹੈ। ਹੋਚੀਮੀ ਦੀ ਮਿਸਾਲ ਹੈ। ਸਾਥੀ ਮਾਓ ਦੀ ਮਿਸਾਲ ਸਾਹਮਣੇ ਹੈ, ਖਾਮਖਾਹ ਇਨਕਲਾਬੀ ਟੂਕ ਵਿਚ ਇਹ ਨਾ ਪ੍ਰਭਾਵ ਦੇਈਏ—'ਅਸੀਂ ਲੋਕਾਂ ਵਿਚ ਪ੍ਰਚਲਤ ਹਰ ਰੱਬ ਨੂੰ ਹਰ ਰਸਮ ਨੂੰ ਟਿੱਚ ਸਮਝਦੇ ਹਾਂ'। ਤੁਸੀਂ ਟਿੱਚ ਸਮਝਦੇ ਹੋ ਤੇ ਲੋਕ ਤੁਹਾਨੂੰ ਟਿੱਚ ਸਮਝਦੇ ਹਨ। ਪਏ ਮਾਰਕਸ ਅਤੇ ਲੈਨਿਨ ਦੇ ਗਰੰਥ ਪੜੋ।

ਸੋ ਜੇਕਰ ਸਾਡੀ ਲੋਕਾਂ ਵੱਲ ਵਚਣਬੱਧੀ ਹੈ ਤਾਂ ਸਾਨੂੰ ਲੋਕਾਂ ਦੀ ਸਿੱਧੀ ਪੱਧਰੀ ਸਿਆਸਤ ਵਿਚ ਹੀ ਵਿਚਰਨਾ ਚਾਹੀਦਾ ਹੈ। ਸਿਧਾਂਤ ਇਕ ਗਿਆਨ ਹੈ ਜਿਹੜਾ ਸਾਡੇ ਇਸ ਵਿਚਰਨੇ ਵਿਚ ਸਹਾਈ ਹੋਣਾ ਚਾਹੀਦਾ ਹੈ। ਇਹ ਚਾਨਣ ਮੁਨਾਰਾ ਵੀ ਹੈ ਪਰ ਜੇਕਰ ਸਿਧਾਂਤ ਵਲ ਵਚਣਬੱਧ ਹੁੰਦੇ ਹੋਏ ਲੋਕਾਂ ਨੂੰ ਵਿਸਾਰ ਦੇਈਏ ਤੇ ਉਹਨਾਂ ਦੀ ਸਮਝ ਤੋਂ ਬਾਹਰ ਦੀ ਗੱਲ ਕਰੀਏ ਤਾਂ ਇਹ ਸਿਧਾਂਤ ਖੋਖਲਾ ਸਿਧਾਂਤ ਬਣ ਕੇ ਰਹਿ ਜਾਏਗਾ। ਸਿਧਾਂਤ ਦੇ ਨਾਂ ਤੇ ਛੁੱਟ ਉਹਨਾਂ ਲੋਕਾਂ ਨਾਲ ਧੋਖਾ ਹੈ, ਜਿਨ੍ਹਾਂ ਦੀ ਸੇਵਾ ਦੀ ਅਸੀਂ ਸੌਂਹ ਚੁੱਕਦੇ ਹਾਂ ਤੇ ਇਸੇ ਪ੍ਰਸੰਗ ਵਿਚ ਮੈਂ ਸਿਧਾਂਤਕ ਮੱਤ ਭੇਦਾਂ ਦੀ ਗੱਲ ਕਰਦਾ ਹਾਂ। ਜੇ ਅਸੀਂ ਇਹ ਸ਼ਰਤ ਪੇਸ਼ ਕਰ ਦੇਈਏ ਕਿ ਜਿਨ੍ਹਾਂ ਚਿਰ ਕੌਮਾਂਤਰੀ ਅਤੇ ਸਿਧਾਂਤਕ ਪੱਧਰ ਤੇ ਮਤ ਭੇਦ ਨਹੀਂ ਦੂਰ ਹੁੰਦੇ ਜਾਂ ਹੱਲ ਹੁੰਦੇ ਅਤੇ ਸਪੱਸ਼ਟਤਾ ਨਹੀਂ ਹੁੰਦੀ, ਉਨਾ ਚਿਰ ਅਗੇ ਨਹੀਂ ਵਧਿਆ ਜਾ ਸਕਦਾ ਤਾਂ ਇਹਦਾ ਇਹੋ ਨਤੀਜਾ ਹੋਵੇਗਾ ਕਿ ਵਾਕਈ ਅਸੀਂ ਅਗੇ ਨਹੀਂ ਵਧਾਂਗੇ ਕਿਉਂਕਿ ਨਾ ਹੀ ਮਤ ਭੇਦ ਦੂਰ ਹੋਣੇ ਹਨ ਤੇ ਨਾ ਹੀ ਅਗੇ ਵਧਨਾ ਹੈ। ਲਹਿਰ ਦੀ ਏਕਤਾ ਲਈ ਤੇ ਲੋਕਾਂ ਦੀ ਸਮੁੱਚੀ ਏਕਤਾ ਲਈ, ਕੋਸ਼ਿਸ਼ ਕਰਕੇ ਮੱਤਭੇਦਾਂ ਨੂੰ ਅੱਖੋਂ ਪਰੋਖੇ ਕਰਨਾ ਪ੍ਰਵੇਗਾ। ਇਹ ਮੌਕਾਪ੍ਰਸਤੀ ਨਹੀਂ, ਇਹ ਸਮੇਂ ਦੀ ਲੋੜ ਹੈ।

ਮਈ ਅੰਕ ਵਿਚ ਤੇ ਉਤਲੀ ਟਿਪਣੀ ਲਿਖਣ ਵਾਲੇ ਦੋਸਤ ਨੇ ਘੜੀ ਮੁੜੀ ਚੈਲਿੰਜ ਕੀਤਾ ਹੈ "ਕਿ ਕੀ ਫਲਾਣੀ ਗਲ ਬਾਰੇ ਕੋਈ ਵੀ ਲਿਖਤ ਜਾਂ ਮਿਸਾਲ ਪੇਸ਼ ਕੀਤੀ ਜਾ ਸਕਦੀ ਹੈ...ਜਦੋਂ ਕੋਈ ਇਨਕਲਾਬ ਇਸ ਦੇ ਬਗੈਰ ਸਫ਼ਲ ਹੋਇਆ ਹੋਵੇ ? ... ਸਿਧਾਂਤ ਬਹੁਤ ਜ਼ਰੂਰੀ ਹੈ ਐਵੇਂ ਅਗਲਿਆਂ ਨੇ ਗਰੰਥ ਲਿਖ ਮਾਰੇ ਸਨ...ਆਦਿਕ।" ਲਿਖਣ ਵਾਲਾ ਵੀਰ ਤਾਂ ਉਂਝ ਲਿਖਦਾ ਹੈ ਜਿਸ ਤਰ੍ਹਾਂ ਉਹ ਅੱਠ ਦਸ ਪ੍ਰੋਲਤਾਰੀ ਇਨਕਲਾਬ ਕਰ ਚੁਕਿਆ ਹੈ ਤੇ ਹੁਣ ਇਕ ਵਡੇ ਐਕਸਪਰਟ ਵਾਕੁਨ ਕਿਸੇ ਸਿਖਾਂਦਰੂ ਨਾਲ ਗੱਲ ਕਰ ਰਿਹਾ ਹੈ। ਭਲੇ ਲੋਕ, ਸਿਧਾਂਤ ਬੜਾ ਹੀ ਜ਼ਰੂਰੀ ਏ ਪਰ ਮਸਲਾ ਇਥੇ ਆ ਕੇ ਖਲੋਤਾ ਹੈ ਕਿ ਹਾਲੇ ਪੇਚਾਂ ਤੋਂ ਸਦੀਆਂ ਦਾ ਜ਼ੰਗਾਲ ਨਹੀਂ ਪਿਆ ਉਤਰਦਾ ਤੇ ਅਸੀਂ ਇਹਨਾਂ ਬਹਿਸ਼ਾਂ ਵਿਚ ਪੈ ਜਾਂਦੇ ਹਾਂ ਕਿ ਕਿਹੜਾ ਪੇਚਕਸ ਜਾਂ ਕਿਥੋਂ ਦਾ ਬਣਿਆ ਪੇਚਕਸ ਇਹ ਪੇਚ ਖੋਲੇਗਾ। ਆਓ ਪਹਿਲਾਂ ਮਿਲ ਕੇ ਇਹ ਜ਼ੰਗਾਲ ਤਾਂ ਉਤਾਰੀਏ ਫੇਰ ਹਥਿਆਰਾਂ ਬਾਰੇ ਵੀ ਬਹਿਸ ਕਰ ਲਵਾਂਗੇ। ਇਹ ਗੱਲ ਬੜੀ ਸਿਧੀ ਹੈ ਪਰ ਇਹ ਬੁਨਿਆਦੀ ਗੱਲ ਹੈ।

ਸਿਧਾਂਤਕ ਬਹਿਸਾਂ ਹੋਣੀਆਂ ਚਾਹੀਦੀਆਂ ਹਨ, ਬੜੀਆਂ ਡੱਟ ਕੇ ਹੋਣੀਆਂ ਚਾਹੀਦੀਆਂ ਹਨ ਪਰ ਇਹਨਾਂ ਦਾ ਅੰਦਾਜ਼ ਇਹ ਹੋਣਾ ਚਾਹੀਦਾ ਕਿ ਦੁਫੇੜਾਂ ਨਾ ਪੈਣ। ਇਕ ਦੂਜੇ ਉਤੇ ਫਤਵਾ ਦੇਣ ਤੋਂ ਸੰਕੋਚ ਕਰੀਏ ਤੇ ਅਮਲ ਵਿਚ ਏਕਤਾ ਵਲ ਵਧੀਏ। ਸਾਹਿਤਕ ਅਤੇ ਸਭਿਆਚਾਰਕ ਖੇਤਰ ਵਿਚ ਇਸ ਏਕਤਾ ਦੀ ਕੋਸ਼ਿਸ਼ ਹੋ ਰਹੀ ਹੈ। ਸਿਆਸੀ ਪੱਧਰ ਤੇ ਵੀ ਇਹ ਯਤਨ ਹੋਣਾ ਚਾਹੀਦਾ ਹੈ। ਸੰਮਤਾ ਜਿਥੇ ਖੱਬੇ ਪੱਖੀ ਸਿਆਸਤ ਨੂੰ ਨਿਖਾਰਨ ਵਿਚ ਸਹਾਈ ਹੋਣਾ ਚਾਹੁੰਦਾ ਹੈ। ਉਥੇ ਉਸ ਦਾ ਵਡਾ ਨਿਸ਼ਾਨਾ ਖੱਬੇ ਪਖੀ ਲੋਕਾਂ ਦੀ ਅਮਲ ਵਿਚ ਏਕਤਾ ਵਲ ਹੈ ਕਿਉਂਕਿ ਇਸ ਦੇ ਵਿਚ ਹੀ ਹਿੰਦੋਸਤਾਨ ਦੇ ਲੋਕਾਂ ਦੀ ਨਿਜਾਤ ਹੈ। ਨਹੀਂ ਤਾਂ 'ਭੁਜਨ ਲਾਲ' ਸਿਆਸਤ ਤਾਂ ਚਲਦੀ ਹੀ ਪਈ ਹੈ।

o

## 2. ਇਸ ਅੰਕ ਅਤੇ ਆਉਣ ਵਾਲੇ ਅੰਕਾਂ ਬਾਰੇ :

ਸਮਤਾ ਦੇ ਇਸ ਅੰਕ ਤੋਂ ਜਿਥੇ ਇਸਦੇ ਸਫੇ ਵਧਾਏ ਜਾ ਰਹੇ ਹਨ, ਇਸਦੀ ਕੀਮਤ ਵੀ 2/- ਕਰ ਦਿਤੀ ਗਈ ਹੈ। ਸਾਲਾਨਾ ਚੰਦਾ ਵਿਚ ਵਾਧਾ ਨਹੀਂ ਕੀਤਾ ਤਾਂ ਜੋ ਬਾਕਾਇਦਾ ਪੜ੍ਹਣ ਵਾਲਿਆਂ ਨੂੰ ਸਹੂਲਤ ਰਹੇ। ਇਸ ਅੰਕ ਵਿਚ ਪ੍ਰੋ. ਭਾਰਦਵਾਜ ਦਾ ਲੇਖ, ਜੋ ਦੋ ਹਿਸਿਆਂ ਵਿਚ ਲਿਖਿਆ ਗਿਆ ਸੀ, ਮਸਲੇ ਦੀ ਮਹੱਤਤਾ ਵੇਖਦੇ ਹੋਏ ਪੂਰੇ ਦਾ ਪੂਰਾ ਦਿਤਾ ਜਾ ਰਿਹਾ ਹੈ। ਇਹ ਕਰਦਿਆਂ ਪਾਠਕ ਲੇਖਕ ਫੋਰਮ ਵਾਸਤੇ ਬੜੀਆਂ ਜ਼ਰੂਰੀ ਚਿਠੀਆਂ ਅਤੇ ਲੇਖ ਜਿਹੜੇ ਮਿਲੇ ਸਨ, ਉਹ ਅਗਲੇ ਅੰਕ ਵਾਸਤੇ ਸਾਂਭਣੇ ਪਏ ਹਨ। ਵਿਸ਼ੇਸ਼ ਕਰ ਕੇ ਬਠਿੰਡਾ ਤੋਂ ਸੁਖਰਾਜ ਦਾ ਕੌਮਾਂਤਰੀਵਾਦ ਬਾਰੇ, ਦਸੂਹਾ ਤੋਂ ਕੁਮਾਰ ਸੈਨੀ ਦਾ ਚੋਣ ਪ੍ਰਣਾਲੀ ਵਿਚ ਲੋੜੀਂਦੀ ਸੋਧ ਬਾਰੇ, ਬਠਿੰਡਾ ਤੋਂ ਵੇਦ ਪ੍ਰਕਾਸ਼ ਗੁਪਤਾ ਦਾ 'ਕੀ ਇਨਕਲਾਬ ਏਜੰਡਾ ਤੇ ਹੈ, ਜਸਪਾਲ ਜੱਸੀ ਦਾ 'ਇਨਕਲਾਬੀ ਵਿਦਿਆਰਥੀਆਂ ਨਾਲ ਕੁਝ ਸ਼ਬਦ', ਪਟਿਆਲਾ ਤੋਂ ਹਰਜੀਤ ਗਿਲ ਦਾ 'ਅਫਸਰਸ਼ਾਹੀ ਦਾ ਸੋਸ਼ਣ, ਨਰਿੰਦਰ ਮਟੂ ਦਾ 'ਇਨਕਲਾਬੀ ਤਾਕਤਾਂ ਤੇ ਇਕ ਟਿਪਣੀ ਆਦਿਕ। ਗੁਰਬਖਸ਼ ਜੱਸ ਨੇ ਹੁਸ਼ਿਆਰਪੁਰ ਤੋਂ ਜਿਥੇ ਸੰਮਤਾ ਦੇ ਮੈਟਰ ਬਾਰੇ ਇਕ ਵਿਸਥਾਰ ਵਿਚ ਚਿੱਠੀ ਲਿਖੀ ਹੈ, ਉਥੇ ਸੰਪਾਦਕੀ ਦੀ ਇਸ ਸਤਰ ਉਤੇ ਇਤਰਾਜ਼ ਕੀਤਾ ਕਿ "ਹਿੰਦੁਸਤਾਨੀਆਂ ਦੀ ਜ਼ਮੀਰ ਕਿੰਨੀ ਝੂਠੀ ਹੈ,

ਹੋਰ ਕਿਸੇ ਦੇਸ਼ ਦੇ ਲੋਕਾਂ ਦੀ ਨਹੀਂ ।" ਉਹਨਾਂ ਦਾ ਇਹ ਇਤਰਾਜ਼ ਜਾਇਜ਼ ਹੈ । ਜ਼ਮੀਰ ਵਾਕਈ ਕੁਝ ਦੀ ਹੀ ਝੂਠੀ ਹੈ । ਇਹ ਗੱਲ ਸਾਧਾਰਨ ਲੋਕਾਂ ਤੇ ਲਾਗੂ ਨਹੀਂ ਹੁੰਦੀ । ਕਵੀ ਵੀਰਾਂ ਅੱਗੇ ਬੇਨਤੀ ਕਰਾਂਗੇ ਕਿ ਆਉਣ ਵਾਲੇ ਤਿੰਨ ਅੰਕਾਂ ਲਈ ਆਉਣ ਵਾਲੀਆਂ ਕਵਿਤਾਵਾਂ ਵਿਚੋਂ ਚੋਣ ਕਰ ਲਈ ਗਈ ਹੈ । ਅਗੋਂ ਆਈ ਹੋਰ ਕੋਈ ਰਚਨਾ ਨਾ ਛਾਪਣ ਦੀ ਸਾਡੀ ਮਜਬੂਰੀ ਹੋਵੇਗੀ । ਸਾਡੇ ਬਹੁਤ ਸਾਰੇ ਪਾਠਕਾਂ ਨੇ ਜਿਥੇ ਪ੍ਰੋ. ਭਰਦਵਾਜ ਦੇ ਲੇਖਾਂ ਨੂੰ ਪਸੰਦ ਕੀਤਾ ਹੈ, ਉਥੇ ਡਾਕਟਰ ਅਜਮੇਰ ਸਿੰਘ ਦੇ ਲੇਖ—'ਸਾਹਿਤ ਉਤੇ ਸਰਕਾਰੀ ਸਰਪਰਸਤੀ' ਅਤੇ ਚਮਨ ਲਾਲ ਦਾ ਲੇਖ 'ਲ੍ਹਸੁਨ ਦੀ ਭਾਰਤੀ ਸਮਾਜ ਲਈ ਮਹੱਤਤਾ' ਬਹੁਤ ਭਰਪੂਰ ਸ਼ਲਾਘਾ ਕੀਤੀ ਹੈ । ਅਸੀਂ ਜਿਥੇ ਸੂਝਵਾਨ ਪਾਠਕਾਂ ਦਾ ਧੰਨਵਾਦ ਕਰਦੇ ਹਾਂ ਉਥੇ ਇਹਨਾਂ ਲੇਖਕਾਂ ਨੂੰ ਵੀ ਵਧਾਈ ਦੇਂਦੇ ਹਾਂ । ਆਉਣ ਵਾਲੇ ਅੰਕਾਂ ਵਿਚ ਸਾਡਾ ਯਤਨ ਹੋਵੇਗਾ ਕਿ ਸਮਾਜ ਦੇ ਦਰਵੇਸ਼ ਸਾਹਿਤਕ, ਸਿਆਸੀ ਅਤੇ ਸਮਾਜਕ ਮਸਲਿਆਂ ਤੇ ਅਸੀਂ ਭਰਪੂਰ ਵਿਚਾਰ ਵਟਾਂਦਰਾ ਕਰ ਸਕੀਏ ਤੇ ਭਾਰਤ ਦੇ ਲੋਕਾਂ ਦੇ ਚੰਗੀ ਜ਼ਿੰਦਗੀ ਲ਼ਈ ਸੰਘਰਸ਼ ਵਿਚ ਆਪਣਾ ਯੋਗ ਹਿੱਸਾ ਪਾ ਸਕੀਏ ।

ਇਹ ਸਤਰਾਂ ਜਦੋਂ ਲਿਖੀਆਂ ਜਾ ਰਹੀਆਂ ਹਨ ਤਾਂ ਪੱਟੀ ਤੋਂ ਫੇਰ ਕੁਝ ਅਤਿਵਾਦੀਆਂ ਦੇ ਹਥੋਂ ਤਿੰਨ ਸਾਧਾਰਨ ਸ਼ਹਿਰੀਆਂ ਦੇ ਮਾਰੇ ਜਾਣ ਦੀ ਅਤੇ ਕੁਝ ਦੇ ਸ਼ਦੀਦ ਜ਼ਖਮੀ ਹੋਣ ਦੀ ਖਬਰ ਮਿਲੀ ਹੈ । ਪੰਜਾਬ ਦੀ ਕਿਸਾਨੀ ਜਦੋਂ ਬੇਮੌਸਮੇ ਮੀਂਹ ਦੇ ਕਾਰਨ ਅਪਣੀ ਸਾਲ ਭਰ ਦੀ ਕਮਾਈ ਉਤੇ ਪਾਣੀ ਫਿਰਦਾ ਵੇਖ ਰਹੀ ਹੈ, ਉਸ ਵੇਲੇ ਇਹ ਘਿਣਾਉਣੀ ਹਰਕਤ ਜ਼ਖਮਾਂ ਉਤੇ ਲੂਣ ਪਾਂਦੀ ਹੈ ਕਿ ਇਹ ਅਤਿਵਾਦੀ ਲੋਕਾਂ ਦੇ ਰੋਜ਼ ਦੇ ਮਸਲਿਆਂ ਤੋਂ ਕਿੰਨੇ ਕੁ ਦੂਰ ਨੇ । ਵਿਗਿਆਨੀਆਂ ਦਾ ਖਿਆਲ ਹੈ ਕਿ ਇਹ ਬੇਮੌਸਮਾ ਮੀਂਹ ਉਹਨਾਂ ਪ੍ਰਮਾਣੂ ਤਜਰਬਿਆਂ ਦੇ ਕਾਰਨ ਵੀ ਹੋ ਸਕਦਾ ਹੈ, ਜੋ ਵੱਡੀਆਂ ਤਾਕਤਾਂ ਖੁਫੀਆਂ ਤੌਰ ਤੇ ਸੰਸਾਰ ਦੇ ਸਮੁੰਦਰਾਂ ਤੇ ਵਾਯੂਮੰਡਲ ਵਿਚ ਕਰ ਰਹੇ ਹਨ । 4 ਜੂਨ ਦੁਨੀਆਂ ਭਰ ਦੇ ਅਮਨ ਪਸੰਦ ਲੋਕ ਯੂ. ਐਨ. ਓ. ਦੇ ਅਗੇ ਇਹਨਾਂ ਪ੍ਰਮਾਣੂ ਹਥਿਆਰਾਂ ਤੇ ਪਾਬੰਦੀ ਲਗਾਉਣ ਲਈ ਵਿਖਾਵਾ ਕਰ ਰਹੇ ਹਨ ਸਾਡੀ ਸਾਰਿਆਂ ਦੀ ਆਵਾਜ਼ ਉਹਨਾਂ ਨਾਲ ਹੈ । ਸਾਮਰਾਜੀ ਤਾਕਤਾਂ ਨੇ ਮਨੁੱਖਤਾ ਨੂੰ ਤਬਾਹ ਕਰਨ ਦੀਆਂ ਜੋ ਸਾਜ਼ਸ਼ਾਂ ਕੀਤੀਆਂ ਹਨ, ਉਹਨਾਂ ਨੂੰ ਫਿਟਕਾਰ ਪਾਉਣ ਦੀ ਸਖਤ ਲੋੜ ਹੈ । ਸਾਡਾ ਆਪਣਾ ਦੇਸ਼ ਵੱਡੀਆਂ ਤਾਕਤਾਂ ਦੀ ਹਥਿਆਰ ਦੀ ਦੌੜ ਵਿਚ ਇਕ ਮੋਰਚਾ ਬਣਦਾ ਜਾ ਰਿਹਾ ਹੈ, ਇਹਦੇ ਬਾਰੇ ਸਾਡੀ ਤਸ਼ਵੀਸ਼ ਹੋਣੀ ਜ਼ਰੂਰੀ ਹੈ । ਸਾਨੂੰ ਇਸ ਬਾਰੇ ਲੋਕਆਵਾਜ਼ ਲਾਮਬੰਦ ਕਰਨੀ ਚਾਹੀਦੀ ਹੈ ।

ਗੁਰਸ਼ਰਨ ਸਿੰਘ

o

## ਦੋ ਸਭਿਆਚਾਰ ਪ੍ਰੋਗਰਾਮ

—5 ਜੂਨ ਸ਼ਾਮ 7 ਵਜੇ ਓਪਨ ਏਅਰ ਥੀਏਟਰ, ਗਾਂਧੀ ਗਰਾਊਂਡ, ਅੰਮ੍ਰਿਤਸਰ ਵਿਖੇ ਜਮਹੂਰੀ ਅਧਿਕਾਰ ਸਭਾ ਦੀ ਰੈਲੀ । ਨਾਟਕ 'ਤਾਮਰ ਪੱਤਰ' ਅਤੇ ਹੋਰ ਨਾਟਕਾਂ ਅਤੇ ਗੀਤਾਂ ਦਾ ਪ੍ਰੋਗਰਾਮ ।

—20 ਜੂਨ ਰਾਤ 8 ਵਜੇ ਪਿੰਡ ਮਹਿਲ ਗੈਲਾਂ (ਬੰਗਾ ਦੇ ਕੋਲ) ਪੰਜਾਬ ਲੋਕ ਸਭਿਆਚਾਰ ਮੋਰਚੇ ਵਲੋਂ ਪਹਿਲੀ ਕਾਨਫਰੰਸ ਦੇ ਮੌਕੇ ਤੇ ਲੋਕ ਨਾਟਕ, ਲੋਕ ਨਾਚ ਤੇ ਲੋਕ ਗੀਤਾਂ ਦਾ ਪ੍ਰੋਗਰਾਮ ।

## ਧੰਨਵਾਦ

ਕ੍ਰਾਂਤੀਕਾਰੀ ਸਾਹਿਤ ਸਭਾ ਪੰਜਾਬ ਵਲੋਂ ਸਾਰਿਆਂ ਉਹਨਾਂ ਲੇਖਕਾਂ ਦਾ ਧੰਨਵਾਦ ਕੀਤਾ ਜਾਂਦਾ ਹੈ ਜਿਨ੍ਹਾਂ ਨੇ ਅੰਮ੍ਰਿਤਸਰ ਵਿਖੇ 15-16 ਮਈ ਦੀ ਦਰਮਿਆਨੀ ਰਾਤ ਜਿਥੇ 'ਮਰਜੀਵੜਾ' ਨਾਵਲ ਦੀ ਗੋਸ਼ਟੀ ਵਿਚ ਹਿੱਸਾ ਲਿਆ, ਉਥੇ ਸਾਹਿਤ ਤੇ ਸਮਾਜ ਦੇ ਵਿਚਲੇ ਰਿਸ਼ਤੇ ਅਤੇ ਸਾਹਿਤ ਨੂੰ ਲੋਕਾਂ ਤਕ ਪੁਜਾਣ ਦੇ ਮਸਲਿਆਂ ਉਤੇ ਆਪਣੇ ਵਿਚਾਰ ਦਿਤੇ । ਇਸ ਗੋਸ਼ਟੀ ਦੇ ਤਜਰਬੇ ਸਿਖਦਿਆਂ ਸਾਹਿਤ ਦੇ ਸਹੀ ਮੁਲਅੰਕਣ ਲਈ ਹੋਰ ਵੀ ਇਸ ਕਿਸਮ ਦੀਆਂ ਗੋਸ਼ਟੀਆਂ ਪੰਜਾਬ ਭਰ ਵਿਚ ਕਰਨ ਦਾ ਪ੍ਰੋਗਰਾਮ ਉਲੀਕਿਆ ਜਾ ਰਿਹਾ ਹੈ/ਸੂਬਾਈ ਜਥੇਬੰਦਕ ਕਮੇਟੀ

ਹਿੰਦੀ ਕਹਾਣੀ

# ਅੰਤਿਮ ਸੰਸਕਾਰ

o

ਰਮੇਸ਼ ਗੁਪਤ

ਪੰਜ ਅਪ ਦਨਦਨਾਉਂਦੀ ਗੁਜ਼ਰ ਗਈ। ਹਰਕਤ ਚਲੀ ਗਈ, ਬਾਕੀ ਰਹਿ ਗਈ ਗੂੰਜ ਇਕ ਨਾਂ ਰਹਿਤ ਸ਼ੋਰ ਅਤੇ ਬੇਚੈਨ ਜਿਹਾ ਸੰਨਾਟਾ।

ਰੇਲਵੇ ਲਾਈਨ ਦੇ ਨਾਲ ਕੰਕਰ-ਪੱਥਰਾਂ ਨਾਲ ਭਰੀ ਪਗਡੰਡੀ ਉਪਰ ਉਹ ਦੋਵੇਂ ਚਲੇ ਜਾ ਰਹੇ ਸਨ। ਨਾਲ ਨਾਲ ਗੰਦਗੀ ਦੇ ਬਦਬੂ ਭਰੇ ਢੇਰ ਅਤੇ ਉਨ੍ਹਾਂ ਢੇਰਾਂ ਨਾਲ ਲਮੀਆਂ ਝੁਗੀਆਂ ਅਤੇ ਕਲੋਰੋਫਾਰਮ ਭਰੀਆਂ ਟਿਊਬਾਂ ਵਰਗੀਆਂ ਉਨ੍ਹਾਂ ਝੁਗੀਆਂ ਵਿਚ ਕੈਦ ਗੰਡੋਇਆਂ ਵਰਗੇ ਛਟਪਟਾਉਂਦੇ, ਅਰਧ ਚੇਤਨ, ਹੋਸ਼ ਰਹਿਤ ਅਤੇ ਮਰੇ ਹੋਏ ਤਕ ਵੀ ਇਨਸਾਨ।

ਉਨ੍ਹਾਂ ਦੋਵਾਂ ਵਿਚੋਂ ਇਕ ਬੁਰੀ ਤਰ੍ਹਾਂ ਖੰਘ ਰਿਹਾ ਸੀ। ਸ਼ਾਇਦ ਉਸ ਨੂੰ ਖੰਘ ਦਾ ਦੌਰਾ ਪੈ ਗਿਆ ਸੀ। ਖੰਘਦਿਆਂ ਖੰਘਦਿਆਂ ਉਸ ਦਾ ਸਰੀਰ ਕੰਬ ਗਿਆ, ਸਾਹ ਫੁਲ ਗਿਆ ਅਤੇ ਲੱਤਾਂ ਲੜਖੜਾ ਗਈਆਂ। ਉਸ ਨੇ ਰੇਲਵੇ ਲਾਈਨ ਉਪਰ ਕਾਫੀ ਸਾਰਾ ਬਲਗਮ ਉਗਲ ਦਿਤਾ।

—ਹੁਣ ਤਾਂ ਜ਼ਿੰਦਗੀ ਦੁਭਰ ਹੋ ਗਈ ਹੈ, ਪਹਿਲਵਾਨ, ਇਸ ਨਾਲੋਂ ਤਾਂ ਚੰਗਾ ਹੈ ਰੱਬ ਮੌਤ ਦੇ ਦੇਵੇ। ਉਸ ਨੇ ਹਫਦਿਆਂ ਹੋਇਆਂ ਕਿਹਾ।

—ਠੰਢ ਬਹੁਤ ਵਧ ਗਈ ਹੈ, ਪਹਿਲਵਾਨ ਬੋਲਿਆ। ਉਹ ਇਕ ਵੱਡੇ ਸਾਰੇ ਪੱਥਰ ਕਾਰਨ ਡਿੱਗਦਾ ਡਿੱਗਦਾ ਬਚਿਆ।

ਪਹਿਲੇ ਨੂੰ ਰੇਲਵੇ ਲਾਈਨ ਦੇ ਕੋਲ ਇਕ ਸਿਗਰਟ ਦਾ ਟੋਟਾ ਪਿਆ ਮਿਲ ਗਿਆ। ਉਸ ਨੇ ਉਸ ਨੂੰ ਚੁੱਕ ਕੇ ਸੁਲਗਾ ਲਿਆ ਅਤੇ ਉਸ ਦਾ ਇਕ ਸੂਟਾ ਖਿਚਦਿਆਂ ਹੀ ਉਹ ਫਿਰ ਖੰਘਣ ਲੁਗਿਆ।

—ਮਰ ਜਾਈਏ ਤਾਂ ਇਨਾਂ ਸਭ ਝੰਜਟਾਂ ਤੋਂ ਛੁਟਕਾਰਾ ਮਿਲ ਜਾਵੇ। ਨਾ ਰੋਟੀ ਦਾ ਫਿਕਰ ਨਾ ਠੰਢ ਦਾ ਡਰ।

—ਬਈ ਰਾਮੂ ਦੇ ਚਾਚਾ, ਮਰਨਾ ਵੀ ਤਾਂ ਆਸਾਨ ਨਹੀਂ।

—ਇਉਂ ਤਾਂ ਹੈ, ਪਹਿਲਵਾਨ।

ਮੌਤ ਦੀ ਛਾਇਆ ਵਿਚ ਜ਼ਿੰਦਗੀ ਲੱਭਦੇ ਉਹ ਲੋਕ ਰੇਲਵੇ ਲਾਈਨ ਦੇ ਪੁਲ ਦੇ ਹੇਠਾਂ ਬਣੀਆਂ ਝੁੱਗੀਆਂ ਵਲ ਵਧ ਗਏ।

ਡੁੱਬਦੀ ਸ਼ਾਮ ਦਾ ਸਹਿਮਿਆ ਸਹਿਮਿਆ ਜਿਹਾ ਹਨੇਰਾ ਉਤਰ ਆਇਆ ਸੀ। ਜ਼ਿੰਦਗੀ ਦੀਆਂ ਸਾਰੀਆਂ ਮਜਬੂਰੀਆਂ ਅਤੇ ਮੁਸੀਬਤਾਂ ਕਾਲੇ ਨਾਗ ਵਾਂਗ ਕੁੰਡਲੀ ਮਾਰ ਕੇ ਉਸ ਬਸਤੀ ਵਿਚ ਬੈਠੀਆਂ ਹੋਈਆਂ ਸਨ। ਜਿਉਣ ਦੇ ਸਾਰੇ ਸਾਧਨ ਟੁਟ ਕੇ ਖਿੰਡ ਗਏ ਸਨ।

... ... ...

ਧੰਨੋ ਫਟੀ ਧੋਤੀ ਨਾਲ ਠੰਢੀ ਹਵਾ ਦੇ ਥੱਪੇੜਿਆਂ ਤੋਂ ਆਪਣੀ ਰਖਿਆ ਕਰਦੀ, ਮਿਟੀ ਦੀ ਸਿਲ ਭਰੀ ਕੰਧ ਨਾਲ ਟਿਕੀ, ਤਾਰ ਤਾਰ ਚਟਾਈ ਉਤੇ ਰਾਮੂ ਨੂੰ ਵੇਖ ਰਹੀ ਸੀ।

—ਮਾਂ ਬਾਪੂ ਹੁਣ ਤਕ ਕਿਉਂ ਨਹੀਂ ਮੁੜਿਆ? ਵੀਰੇ ਦੀ ਤਬੀਅਤ ਤਾਂ ਹੋਰ ਜ਼ਿਆਦਾ ਵਿਗੜਦੀ ਜਾ ਰਹੀ ਹੈ। ਰਾਮੂ ਤੋਂ ਇਕ ਸਾਲ ਛੋਟੀ ਪਿਆਰੀ ਦੀ ਖੋਖਲੀ ਆਵਾਜ਼ ਝੁਗੀ ਦੇ ਮਰਨਊ ਸੰਨਾਟੇ ਨੂੰ ਤੋੜ ਗਈ।

ਹਾਲੀ ਕੁਝ ਦਿਨ ਪਹਿਲਾਂ ਦਿਵਾਲੀ ਲੰਘੀ ਸੀ। ਛੋਟੂ ਅਮੀਰਾਂ ਦੀਆਂ ਕੋਠੀਆਂ ਦੇ ਬਾਹਰੀ ਸਿਰਿਆਂ ਉਪਰ ਜਲਦੀਆਂ ਹੋਈਆਂ ਬਹੁਤ ਸਾਰੀਆਂ ਮੋਮਬੱਤੀਆਂ ਚੁਰਾ ਲਿਆਇਆ ਸੀ। ਉਨ੍ਹਾਂ ਦੇ ਨਾਲ ਦਸ ਵੀਹ ਦਿਨ ਲਈ ਰੌਸ਼ਨੀ ਦਾ ਪ੍ਰਬੰਧ ਹੋ ਗਿਆ ਸੀ। ਉਨ੍ਹਾਂ ਵਿਚੋਂ ਇਕ ਮੋਮਬੱਤੀ ਦਾ ਪੀਲਾ ਚਾਨਣ ਝੁੱਗੀ ਵਿਚ ਫੈਲ ਰਿਹਾ ਸੀ।

ਰਾਮੂ ਦਾ ਬਾਪੂ ਉਸ ਲਈ ਦਵਾਈ ਲਿਆਉਣ ਦੇ ਬਹਾਨੇ ਖਿਸਕ ਗਿਆ ਸੀ। ਬਾਕੀ ਦੇ ਚਾਰ ਬੱਚੇ ਨੇੜੇ ਹੀ ਬਾਜ਼ਾਰ ਵਿਚ ਮਸ਼ਹੂਰ ਚਾਟ ਵਾਲਿਆਂ ਦੀ ਦੁਕਾਨ ਦੇ ਬਾਹਰ ਰਖੇ ਕੂੜੇ ਦੇ ਡੱਬਿਆਂ ਵਿਚੋਂ ਜੂਠੇ ਪੱਤੇ ਚੁੱਕ ਕੇ ਚੱਟ ਰਹੇ ਸਨ।

ਧੰਨੋ ਨੂੰ ਲਗਿਆ, ਰਾਮੂ ਦੇ ਸਰੀਰ ਵਿਚ ਹੋਣ ਵਾਲੀ ਹਲਕੀ ਕੰਬਣੀ ਵੀ ਬੰਦ ਹੋ ਗਈ ਹੈ। ਉਹ ਅਗੇ ਨੂੰ ਝੁਕ ਗਈ। ਰਾਮੂ ਦੀਆਂ ਅੱਖਾਂ ਮੁੰਦ ਗਈਆਂ। ਉਸ ਦਾ ਸਰੀਰ ਬਰਫ ਦੀ ਤਰ੍ਹਾਂ ਠੰਢਾ ਪੈ ਚੁੱਕਿਆ ਸੀ।

ਧੰਨੋ ਪਲ ਭਰ ਲਈ ਕੰਬੀ। ਇਕ ਗਹਿਰੀ ਹਿਚਕੀ ਉਸ ਨੂੰ ਆਈ। ਪਰ ਬਿਜਲੀ ਵਰਗੀ ਤੇਜ਼ੀ ਨਾਲ ਉਸ ਨੇ ਮੌਤ ਨਾਲ ਸਮਝੌਤਾ ਕਰ ਲਿਆ।

—ਪਿਆਰੀ, ਓਹ ਟੁੱਟ-ਪੈਣਾ ਤਾਂ ਪਤਾ ਨੀ ਕਿਥੇ ਮਰ ਗਿਆ ਜਾ ਪਹਿਲਵਾਨ ਚਾਚਾ ਨੂੰ ਤਾਂ ਬੁਲਾ ਲਿਆ। ਘਰ ਵਿਚ ਮਿੱਟੀ ਪਈ ਆ। ਇਕ ਡੂੰਘਾ ਸਾਹ ਛੱਡਦਿਆਂ ਧੰਨੋ ਬੋਲੀ।

—ਰਾਮੂ ਮਰ ਗਿਆ! ਪਿਆਰੀ ਵਿਲਕ ਪਈ।

—ਚੀਖ ਕਿਉਂ ਰਹੀ ਏ, ਕਲਮੂੰਹੀ! ਊਂ ਤਾਂ

ਬੜੀ ਸਵਿਤਰੀ ਬਣਦੀ ਹੈ । ਮੈਂ ਦਸ ਨੰਬਰ ਵਿਚ ਕੰਮ ਨਾ ਕਰਾਂਗੀ...ਨੀ ਚੁੜੇਲ, ਉਥੇ ਕੰਮ ਕਰਦੀ ਹੁੰਦੀ ਤਾਂ ਰਾਮੂ ਦੀ ਦਵਾਈ ਲਈ ਕੁਝ ਪੈਸੇ ਤਾਂ ਮਿਲ ਜਾਂਦੇ !... ਪਰ ਤੈਨੂੰ ਤਾਂ ਓਹ ਸਾਹਬ ਖਾ ਜਾਂਦਾ ਨਾ !

—ਮਾਂ ਦਸ ਨੰਬਰ ਵਾਲਾ ਸਾਹਬ ਬਹੁਤ ਖਰਾਬ ਏ । ਪਰ ਰਾਮੂ ਮਰ ਗਿਆ...ਛੋਟੂ...ਨਹੀਂ ਮਾਂ, ਮੈਂ ਕਲ ਤੋਂ ਕੰਨ ਤੇ ਚਲੀ ਜਾਊਂਗੀ ।

—ਕੰਮ ਤੇ ਜਾਣਾ ਹੋਵੇ ਤਦ ਜਾਣਾ...ਇਸ ਵੇਲੇ ਤਾਂ ਪਹਿਲਵਾਨ ਚਾਚਾ ਨੂੰ ਬੁਲਾ ਲਿਆ ।

ਇਸ ਤੋਂ ਪਹਿਲਾਂ ਕਿ ਪਿਆਰੀ ਉਠਦੀ, ਝੁੱਗੀ ਦੇ ਬਾਹਰ ਖੰਘਣ ਦੀ ਆਵਾਜ ਗੂੰਜ ਗਈ ।

—ਆ ਗਿਆ ਕਰਮਾਂ-ਜਲਿਆ ! ਧੰਨੋ ਬੁੜਬੁੜਾਈ । ਉਹ ਬੇਵਸੀ ਭਰੀ ਨਿਗਾਹ ਨਾਲ ਐਵੇਂ ਖਿਲਾਅ ਵਿਚ ਵੇਖ ਰਹੀ ਸੀ । ਭਾਵਨਾ-ਰਹਿਤ ਨਿਰਜਿੰਦ-ਜਿਹੀ ਓਹ ਯੱਖ-ਬਿੰਦੂ ਬਣੀ ਬੈਠੀ ਸੀ । ਉਹ ਦੋਵੇਂ ਅੰਦਰ ਆ ਗਏ ।

—ਮੁਕਤੀ ਹੋ ਗਈ ਵਿਚਾਰੇ ਦੀ ਪਹਿਲਵਾਨ ਨੇ ਰਾਮੂ ਦੇ ਨਿਰਜੀਵ ਸਰੀਰ ਉਤੇ ਇਕ ਨਜ਼ਰ ਮਾਰੀ।

—ਕਫਨ ਦੇ ਲਈ ਪੈਸੇ ਹੈਨ ?

—ਪੈਸੇ ? ਧੰਨੋ ਬੁੜਬੁੜਾਈ । ਉਸ ਦੇ ਬੁਲਾਂ ਤੇ ਇਕ ਫਿਕੀ-ਜਿਹੀ ਮੁਸਕਾਨ ਉਭਰ ਆਈ । ਉਸ ਮੁਸਕਾਨ ਵਿਚ ਦੁਨੀਆਂ ਭਰ ਦਾ ਸਾਰਾ ਵਿਅੰਗ ਸਮਾਇਆ ਹੋਇਆ ਸੀ ।

—ਪੈਸੇ ਹੁੰਦੇ ਤਾਂ ਫਿਰ ਮਰਦਾ ਹੀ ਕਿਉਂ ?

—ਕੁਛ ਵੀ ਨਹੀਂ ?

—ਜੋ ਜਿਉਂਦੇ ਨੇ, ਓਨਾ ਦੀ ਰੋਟੀ ਲਈ ਪੈਸੇ ਨਹੀਂ ਤੇ ਤੂੰ ਮਰੇ ਹੋਏ...

ਧੰਨੋ ਨੇ ਆਪਣੀ ਗਲ ਅਧੂਰੀ ਛੱਡ ਦਿਤੀ ਓਸ ਦੀ ਅਵਾਜ ਨਾਗਫਨੀ ਦਾ ਕੰਡਾ ਬਣ ਗਈ ।

—ਪਹਿਲਵਾਨ, ਚਲ, ਅਮੀਰਾਂ ਦੀ ਬਸਤੀ ਤੋਂ ਮੰਗ ਕੇ ਲੈ ਆਈਏ ਕਹਾਂਗੇ, ਘਰ ਵਿਚ ਜਵਾਨ ਮੁੰਡੇ ਦੀ ਲਾਸ਼ ਪਈ ਏ ।

—ਬੇਕਾਰ ਹੈ, ਨਹੀਂ ਮਿਲਣਗੇ ।

—ਕਿਉਂ ?

—ਓਨ੍ਹਾਂ ਲਈ ਸਾਡੀ ਇਹ ਮਜਬੂਰੀ ਬੇਕਾਰ ਹੋ ਗਈ ਹੈ ।

—ਪਹਿਲਾਂ ਤਾਂ ਮਿਲ ਜਾਂਦੇ ਸਨ ।

ਹੁਣ ਉਹ ਇਸ ਨੂੰ ਬਹਾਨਾ ਸਮਝਣ ਲਗੇ ਨੇ। ਰਾਮੂ ਦੀ ਮਾਂ ਕੋਈ ਫਟੀ ਪੁਰਾਣੀ ਚਾਦਰ ਹੋਵੇ ਤਾਂ...।

—ਉਹ ਤਾਂ ਕਢਣੀ ਹੀ ਪਵੇਗੀ ।

—ਮੈਂ ਹੁਣੇ ਆਇਆ । ਥੋੜੇ ਜਿਹੇ ਘਾਹ-ਫੂਸ ਅਤੇ ਆਦਮੀਆਂ ਦਾ ਇੰਤਜ਼ਾਮ ਵੀ ਤਾਂ ਕਰਨਾ ਹੈ ।

ਪਹਿਲਵਾਨ ਚਲਿਆ ਗਿਆ । ਸਿਰਫ ਨਾਂ ਪਹਿਲਵਾਨ...ਪਰ ਸਰੀਰ ਵਿਚ ਹੱਡੀਆਂ ਤੋਂ ਬਿਨਾਂ ਹੋਰ ਕੁਝ ਨਹੀਂ ਸੀ ।

—ਕੀ ਸੋਚ ਰਹੀ ਏਂ, ਧੰਨੋ ? ਰਾਮੂ ਦੇ ਬਾਪੂ ਦੀ ਜੜ੍ਹ ਦ੍ਰਿਸ਼ਟੀ ਧੰਨੋ ਨਾਲ ਜਾ ਟਕਰਾਈ ।

—ਕੁਛ ਨਹੀਂ ।

—ਕੁਛ ਤਾਂ ਸੋਚ ਰਹੀ ਹੋਵੇਂਗੀ ।

—ਕਿਤੋਂ ਕੁਛ ਆਟੇ ਦਾ ਇੰਤਜ਼ਾਮ ਹੋਇਆ ?

—ਨ—ਹੀਂ ।

ਫਿਰ ਕੁਝ ਪਲ ਤਣੀ ਜਿਹੀ ਚੁੱਪ । ਛਟ-ਪਟਾਉਂਦੀ ਪਿਆਰੀ ਦੀਆਂ ਹਲਕੀਆਂ ਘੁੱਟੀਆਂ ਘੁਟੀਆਂ ਹਿਚਕੀਆਂ ਦੀ ਆਵਾਜ਼ ਝੁੱਗੀ ਦੀ ਚੁੱਪ ਨੂੰ ਹੋਰ ਜ਼ਿਆਦਾ ਸੋਗੀ ਕਰ ਰਹੀ ਸੀ ।

—ਮੈਂ ਕਲ੍ਹ ਤੋਂ ਦਸ ਨੰਬਰ ਵਿਚ ਜਾਵਾਂਗੀ ।

ਰਾਮੂ ਦੇ ਬਾਪੂ ਨੇ ਬੇਯਕੀਨੀ ਵਾਲੀ ਨਜ਼ਰ ਨਾਲ ਪਿਆਰੀ ਨੂੰ ਵੇਖਿਆ । ਇਕ ਬੇਨਾਮ ਅਸਪਸ਼ਟ ਜਿਹੀ ਖੁਸ਼ੀ ਦਾ ਸੋਮਾ ਉਸ ਨੂੰ ਆਪਣੇ ਅੰਦਰ ਫੁੱਟਦਾ ਲਗਿਆ ।

—ਕੀ ਸੋਚ ਰਿਹਾ ਏਂ ਤੂੰ ?

—ਕੁਛ ਨਹੀਂ ।

—ਕੁਛ ਤਾਂ ਸੋਚ ਰਿਹਾ ਹੋਏਂਗਾ ।

—ਸੋਚ ਰਿਹਾ ਹਾਂ ਚੰਗਾ ਹੋਇਆ ਰਾਮੂ ਚਲਿਆ ਗਿਆ...ਇਕ ਮੂੰਹ ਤਾਂ ਘਟ ਗਿਆ ।

ਧੰਨੋ ਜੜ ਹੋਈ ਸਭ ਕੁਝ ਸੁਣਦੀ ਰਹੀ ।

* * *

ਪਿੱਪਲ ਦੇ ਦਰਖਤ ਤੋਂ ਕਿਸੇ ਪੰਛੀ ਦੀ ਮਨਹੂਸ ਆਵਾਜ਼ ਗੂੰਜੀ ਤਾਂ ਰਘੂ ਭੈਰੋਂ ਦੇ ਮੰਦਰ ਦੇ ਚਬੂਤਰੇ ਤੋਂ ਹੇਠਾਂ ਉਤਰ ਆਇਆ । ਉਹ ਮਰੀ ਹੋਈ ਚਾਲ ਨਾਲ ਤਿੰਨਾਂ ਵੇਦੀਆਂ ਦੇ ਕੋਲੋਂ ਗੁਜ਼ਰ ਕੇ ਜਮਨਾ ਵਲ ਜਾਣ ਵਾਲੀਆਂ ਪੌੜੀਆਂ ਦੇ ਕੋਲ ਠਿਠਕ ਕੇ ਖੜ ਗਿਆ ।

ਦੂਰ ਤੱਕ ਭੇਦ ਭਰੀ ਵੀਰਾਨੀ ਪਸਰੀ ਪਈ ਸੀ । ਸੋਕੜੇ ਦੇ ਰੋਗੀ ਜਿਹੀ ਜਮਨਾ ਦੀ ਧਾਰਾ ਪੀਲੀ ਰੇਤ ਦੇ ਬਿਸਤਰੇ ਤੇ ਪਈ ਛਟਪਟਾ ਰਹੀ ਸੀ ।

ਰਘੂ ਮੁੜਿਆ । ਉਸ ਨੇ ਡੂੰਘਾ ਸਾਹ ਛੱਡ ਕੇ ਤਿੰਨਾਂ ਸੁੰਨੀਆਂ ਵੇਦੀਆਂ ਵਲ ਵੇਖਿਆ । ਉਹ ਸਚਮੁੱਚ ਸੁੰਨੀਆਂ ਸਨ । ਬਿਲਕੁਲ ਬਰਫ ਦੀ ਤਰ੍ਹਾਂ ਠੰਡੀਆਂ । ਤਿੰਨਾਂ ਦਿਨਾਂ ਤੋਂ ਇਕ ਵੀ ਮੁਰਦਾ ਨਹੀਂ ਆਇਆ ਸੀ ।

ਰਘੂ ਦੇ ਅੰਦਰ ਰੇਤ ਜਿਹੀ ਘੁਲ ਗਈ । ਉਸ ਦਾ ਮਨ ਉਦਾਸੀਨਤਾ ਨਾਲ ਭਰ ਗਿਆ । ਉਹ ਬੁਰੀ ਤਰ੍ਹਾਂ ਉਤੇਜਿਤ ਹੋ ਗਿਆ ।

ਇਕ ਪਾਸੇ ਕਹਿੰਦੇ ਨੇ ਕਿ ਆਬਾਦੀ ਨੂੰ ਵੱਧਣ

ਨਾ ਦਿਓ, ਦੂਜੇ ਪਾਸੇ ਸਹੁਰੇ ਨਵੇਂ ਨਵੇਂ ਹਸਪਤਾਲ ਖੋਲ ਕੇ, ਦਵਾਈਆਂ ਦੇ ਕਾਰਖਾਨੇ ਲਗਾ ਕੇ, ਨਵੀਆਂ ਨਵੀਆਂ ਦਵਾਈਆਂ ਅਤੇ ਇਲਾਜ ਦੇ ਤਰੀਕੇ ਲੱਭ ਕੇ ਲੋਕਾਂ ਨੂੰ ਮਰਨ ਵੀ ਨਹੀਂ ਦਿੰਦੇ !

ਪੁਰਾਣੇ ਦਿਨ ਵੀ ਕੀ ਦਿਨ ਸਨ ! ਹਰ ਸਾਲ ਦੋ ਸਾਲ ਵਿਚ ਕੋਈ ਨਾ ਕੋਈ ਮਹਾਂਮਾਰੀ ਫੈਲ ਜਾਂਦੀ ਸੀ । ਕਦੀ ਪਲੇਗ, ਕਦੀ ਚੇਚਕ, ਕਦੀ ਮਲੇਰੀਆ... ਉਸ ਨੂੰ ਯਾਦ ਹਨ ਉਹ ਦਿਨ । ਤਦ ਉਸ ਦਾ ਬਾਬਾ ਇਥੇ ਹੀ ਸੀ . ਇਕ-ਇਕ ਦਿਨ ਵਿਚ ਸੌ-ਸੌ ਮੁਰਦੇ ਆਉਂਦੇ ਸਨ । ਉਦੋਂ ਰੋਟੀਆਂ ਛੱਡ ਜਲੇਬੀਆਂ ਖਾਣ ਨੂੰ ਮਿਲਦੀਆਂ ਸਨ ।

ਅਤੇ ਹੁਣ ? ਉਪਰ ਵਾਲਾ ਵੀ ਕਿਹੋ ਜਿਹੇ ਮਜ਼ਾਕ ਕਰਦਾ ਹੈ ! ਤਿੰਨ ਹੀ ਵਾਰੀਆਂ ਵਿਚ ਪੰਜ ਬੱਚੇ ਦੇ ਦਿਤੇ । ਦੋ ਵਾਰ ਜੁੜਵੇਂ । ਇਕ ਲਾਭ ਆਵੇ ਤਾਂ ਦੋ ਜਣਿਆਂ ਦਾ ਪੇਟ ਨਹੀਂ ਭਰਦਾ...ਘਰ ਵਿਚ ਸਤ ਜਣੇ ਹਨ । ਤਿੰਨ ਦਿਨ ਤੋਂ ਇਕ ਵੀ ਮੁਰਦਾ ਨਹੀਂ ਆਇਆ ਹੈ...ਜੇ ਇਹੀ ਹਾਲ ਰਿਹਾ ਤਾਂ...

ਸ਼ਮਸ਼ਾਨ ਵਿਚ ਉਤਰ ਰਹੇ ਡੂੰਘੇ ਹੋ ਰਹੇ ਕੁਹਰੇ ਦੇ ਪਰਦੇ ਵਿਚ ਰਘੂ ਪ੍ਰੇਤ ਛਾਇਆ ਵਾਂਗ ਛਟਪਟਾ ਰਿਹਾ ਸੀ...

ਮਹਿੰਗਾਈ ਦਾ ਇਹ ਹਾਲ ਹੈ ਅਤੇ ਸਹੁਰੇ ਲੋਕਾਂ ਨੇ ਮਰਨਾ ਛੱਡ ਦਿਤਾ ਹੈ । ਚਾਰੇ ਪਾਸੇ ਮਹਿੰਗਾਈ ਹੈ ਪਰ ਸਿਰਫ ਇਸੇ ਧੰਦੇ ਵਿਚ ਮੰਦਵਾੜਾ ਹੈ ।

ਜੋ ਭੁੱਲੇ-ਭਟਕੇ ਮਰ ਜਾਂਦੇ ਹਨ, ਉਹ ਸ਼ਹਿਰ ਤੋਂ ਦੂਰ ਇਸ ਸ਼ਮਸ਼ਾਨ ਭੂਮੀ ਵਿਚ ਨਹੀਂ ਪਹੁੰਚਦੇ । ਅੱਧੇ ਤੋਂ ਵਧ ਤਾਂ ਉਸ ਕੰਮਬਖ਼ਤ ਬਿਜਲੀ ਦੇ ਸ਼ਮਸ਼ਾਨ ਵਿਚ ਪਹੁੰਚ ਜਾਂਦੇ ਹਨ । ਅੱਧੇ ਸ਼ਹਿਰ ਦੇ ਵਿਚ ਬਣੀਆਂ ਸ਼ਮਸ਼ਾਨ-ਘਾਟਾਂ ਤੋਂ ਅਗੇ ਨਹੀਂ ਵਧਦੇ ।

ਜੀ ਕਰਦਾ ਹੈ ਇਸ ਬਿਜਲੀ ਦੇ ਸ਼ਮਸ਼ਾਨ ਨੂੰ ਬੰਬ ਨਾਲ ਉਡਾ ਦਿਆਂ । ਕਾਰਖਾਨਿਆਂ ਅਤੇ ਜਿਉਂਦੇ ਬੰਦਿਆਂ ਨੂੰ ਤਾਂ ਬਿਜਲੀ ਮਿਲਦੀ ਨਹੀਂ ਪਰ ਮੁਰਦਿਆਂ ਲਈ ਇਨ੍ਹਾਂ ਕੋਲ ਬਿਜਲੀ ਹੈ ।

ਕੀ ਜ਼ਮਾਨਾ ਆ ਗਿਆ ਹੈ । ਲੋਕ ਆਪਣਾ ਧਰਮ-ਕਰਮ ਤਕ ਭੁਲ ਗਏ ਹਨ । ਹਰ ਕੰਮ ਵਿਚ ਭਜ-ਦੌੜ ਜਲਦ-ਬਾਜ਼ੀ । ਆਦਮੀ ਮਰਿਆ ਨਹੀਂ ਕਿ ਫਟਾਫਟ. ਉਸ ਨੂੰ ਬਿਜਲੀ ਨਾਲ ਫੂਕ ਕੇ ਭਜ ਗਏ । ਇਥੇ ਤਕ ਆਉਣ ਦੀ ਕਿਸ ਨੂੰ ਫੁਰਸਤ ਹੈ ? ਜਿਨਾਂ ਸਮਾਂ ਇਥੇ ਤਕ ਆਉਣ ਵਿਚ ਲਗੇਗਾ, ਓਨੇ ਵਿਚ ਲੱਖਾਂ ਦੇ ਵਾਰੇ-ਨਿਆਰੇ ਹੋ ਸਕਦੇ ਹਨ ।

ਕਿਤੇ ਬਿਜਲੀ ਨਾਲ ਫੂਕਣ ਤੇ ਮੁਕਤੀ ਮਿਲਦੀ ਹੈ ? ਮੁਰਦੇ ਨੂੰ ਬਿਨਾਂ ਗੰਗਾ-ਜਮਨਾ ਵਿਚ ਨਹਾਏ, ਕਿਤੇ ਉਸ ਦੀ ਮਿੱਟੀ ਸੰਵਰਦੀ ਹੈ ? ਪਰ ਅਜ ਕਲ ਦੇ ਨਾਸਤਕ ਲੋਕਾਂ ਨੂੰ ਅੰਤਿਮ ਕ੍ਰਿਆ-ਕਰਮ ਵੀ ਠੀਕ ਤਰ੍ਹਾਂ ਨਾਲ ਕਰਨ ਦਾ ਵਿਹਲ ਨਹੀਂ ।

ਰਘੂ ਮੁੜਿਆ । ਉਸ ਨੇ ਲਕੜੀ ਦੀ ਸੁੰਨੀ ਟਾਲ ਵਲ ਵੇਖਿਆ । ਖਚੇਰੂ ਟਾਲ ਦੇ ਦਰਵਾਜ਼ੇ ਕੋਲ ਉਂਘਦਾ ਜਿਹਾ ਬੈਠਾ ਬੀੜੀ ਫੂਕ ਰਿਹਾ ਸੀ ।

ਰਘੂ ਨੇ ਖਚੇਰੂ ਨੂੰ ਵੇਖਿਆ ਅਤੇ ਤਿਲਮਿਲਾਇਆ

ਇਸ ਸਾਲੇ ਖਚੇਰੂ ਦੇ ਲਾਲਚ ਨੇ ਮਰਵਾ ਦਿਤਾ ਵਰਨਾ ਪਿਛਲੇ ਸਾਲ ਤਕ ਸਭ ਕੁਝ ਠੀਕ ਸੀ । ਮੁਰਦਿਆਂ ਦੇ ਨਾਂ ਆਉਣ ਤੇ ਵੀ ਕਾਫੀ ਆਮਦਨੀ ਹੋ ਜਾਂਦੀ ਸੀ ।

ਸਰਕਾਰ ਨੇ ਲਾਵਾਰਸ ਲਾਸ਼ਾਂ ਦੇ ਅੰਤਮ ਸੰਸਕਾਰ ਲਈ ਲੱਠੇ ਅਤੇ ਲਕੜੀਆਂ ਦੀ ਮਨਜ਼ੂਰੀ ਦੇ ਰਖੀ ਸੀ । ਇਕਾ ਦੋ ਲਾਵਾਰਸ਼ ਲਾਸ਼ਾਂ ਆਉਂਦੀਆਂ, ਇਕ ਦੋ ਹੋਰ ਫਰਜ਼ੀ । ਅੰਤਮ ਸੰਸਕਾਰ ਹੋ ਜਾਂਦਾ । ਬਿਨਾਂ ਲੱਠੇ ਅਤੇ ਘੱਟ ਲਕੜੀਆਂ ਨਾਲ ਕੰਮ ਹੋ ਜਾਂਦਾ । ਕਾਫੀ ਪੈਸੇ ਬਚ ਜਾਂਦੇ ਸਨ ।

ਪਰ ਇਸ ਸਾਲੇ ਖਚੇਰੂ ਨੂੰ ਜ਼ਿਆਦਾ ਲਾਲਚ ਵਧ ਗਿਆ । ਆਟੇ ਵਿਚ ਲੂਣ ਦੀ ਤਰ੍ਹਾਂ ਤਾਂ ਬੇਈਮਾਨੀ ਖਪ ਜਾਂਦੀ ਹੈ । ਪਰ ਲੂਣ ਵਿਚ ਆਟਾ ਪਾਵੋਗੇ ਤਾਂ ਫੜੇ ਹੀ ਜਾਵੋਗੇ । ਰਜਿਸਟਰ ਵਿਚ ਰੋਜ਼ ਅਠ ਦਸ ਲਾਵਾਰਸ ਲਾਸ਼ਾਂ ਦੇ ਅੰਤਮ ਸੰਸਕਾਰ ਦਰਜ ਹੋਣ ਲਗੇ । ਸਰਕਾਰ ਨੂੰ ਸ਼ੱਕ ਹੋਇਆ, ਖੁਫੀਆ ਪੜਤਾਲ ਹੋਈ । ਲਾਵਾਰਸ ਲਾਸ਼ਾਂ ਮੈਡੀਕਲ ਕਾਲਜ ਵਿਚ ਭੇਜੀਆਂ ਜਾਣ ਲਗੀਆਂ । ਕਈ ਵਾਰ ਜੀ ਕਰਦਾ ਹੈ ਮੁਰਦੇ ਆਉਣ ਚਾਹੇ ਨਾ ਆਉਣ, ਮੈਂ ਇਸ ਖਚੇਰੂ ਦੇ ਬੱਚੇ ਦਾ ਗਲ ਘੁਟ ਕੇ ਇਸ ਦਾ ਇਥੇ ਹੀ ਅੰਤਮ ਸੰਸਕਾਰ ਕਰ ਦਿਆਂ ।

ਰਘੂ ਆਪਣੀ ਅਣਮਾਪੀ ਵੇਦਨਾ ਦੇ ਇਤਿਹਾਸ ਨੂੰ ਦੁਹਰਾਉਂਦਾ ਰਿਹਾ । ਉਸ ਨੇ ਹਸਰਤ ਭਰੀਆਂ ਨਿਗਾਹਾਂ ਨਾਲ ਓਹਨਾਂ ਤਿੰਨ ਸੁੰਨੀਆਂ ਵੇਦੀਆਂ ਨੂੰ ਵੇਖਿਆ ਅਤੇ ਮਰੀ ਹੋਈ ਚਾਲ ਨਾਲ ਦੋਵਾਂ ਬਿਆਈਆਂ ਨਾਲ ਭਰੇ ਪੈਰਾਂ ਨੂੰ ਘੜੀਸਦਾ ਆਪਣੀ ਝੌਂਪੜੀ ਵਲ ਤੁਰ ਪਿਆ ।

ਰਾਤ ਸੰਘਣੀ ਹੋ ਰਹੀ ਸੀ ਅਤੇ ਹੁਣ ਕਿਸੇ ਦੇ ਆਉਣ ਦਾ ਸਵਾਲ ਹੀ ਨਹੀਂ ਸੀ ਉਠਦਾ ।

—ਰਾਮ-ਨਾਮ ਸਚ ਹੈ । ਸੱਚ ਬੋਲੋ ਮਤ ਹੈ ।

ਰਘੂ ਦੇ ਪੈਰ ਜੰਮ ਗਏ । ਉਸ ਦੀਆਂ ਅੱਖਾਂ ਚਮਕ ਉਠੀਆਂ । ਉਹ ਠਿਠਕਿਆ ਅਤੇ ਚੌਕੰਨੀਆਂ ਨਿਗਾਹਾਂ ਨਾਲ ਹਨੇਰੇ ਦੀ ਗਹਿਰਾਈ ਵਿਚ ਚਾਰੇ ਪਾਸੇ ਵੇਖਿਆ ।

ਕੀ ਇਹ ਅਸਲੀਅਤ ਸੀ ਜਾਂ ਭਰਮ ?

ਸੰਘਣੀ ਧੁੰਦ ਅਤੇ ਹਨੇਰੇ ਦੀ ਮਹਿਰ ਨੂੰ ਚੀਰਨ ਵਿਚ ਉਸ ਦੀਆਂ ਅੱਖਾਂ ਅਸਮਰਥ ਸਨ । ਉਸ ਦੀ ਸਾਰੀ ਚੇਤਨਤਾ ਉਸ ਦੇ ਕੰਨਾਂ ਵਿਚ ਇਕੱਠੀ ਹੋ ਚੁੱਕੀ ਸੀ ।

—ਰਾਮ ਨਾਮ ਸੱਚ ਹੈ।

ਆਵਾਜ਼ ਕੋਲ ਆ ਚੁੱਕੀ ਸੀ। ਇਹ ਭਰਮ ਨਹੀਂ, ਨੰਗੀ ਸਚਾਈ ਸੀ। ਮੌਤ ਦਾ ਐਲਾਨ ਕਰਨ ਵਾਲੇ ਇਸ ਯੱਖ ਬੋਲ ਨੇ ਰਘੂ ਦੀ ਮੁਰਦਾ ਆਤਮਾ ਵਿਚ ਨਵਜੀਵਨ ਦਾ ਨਿੱਘ ਭਰ ਦਿਤਾ।

ਓਹ ਖੁਸ਼ੀ ਨਾਲ ਝੂਮ ਉਠਿਆ ਪਰ ਤਦ ਹੀ ਉਸ ਨੇ ਸੋਚਿਆ ਕਿ ਰਾਤ ਦੇ ਹਨੇਰੇ ਵਿਚ ਲੋਕ ਕਿਉਂ ਆਏ ਹਨ? ਕਿਤੇ ਕੋਈ ਗੋਲ ਮਾਲ, ਕਤਲ ਵਗੈਰਾ ਦਾ ਕੇਸ ਨਾ ਹੋਵੇ?

ਤਦ ਤਕ ਓਹ ਲੋਕ ਵਿਸ਼ਰਾਮ-ਚਬੂਤਰੇ ਤਕ ਪਹੁੰਚ ਗਏ। ਕੋਲ ਹੀ ਸਰਕਾਰੀ ਬਿਜਲੀ ਦਾ ਖੰਭਾ ਸੀ, ਜਿਸ ਦੇ ਛੋਟੇ ਛੋਟੇ ਬਲਬ ਦੀ ਪਿਲੀ ਜਿਹੀ ਰੋਸ਼ਨੀ ਵਿਚ ਉਸ ਨੂੰ ਓਹ ਸਾਫ ਦਿਖਾਈ ਦਿਤੇ। ਰਘੂ ਨੇ ਅਰਥੀ ਨੂੰ ਵੇਖਿਆ। ਪਲਕ ਝਮਕਦਿਆਂ ਹੀ ਓਹ ਸਭ ਕੁਝ ਸਮਝ ਗਿਆ।

ਜਿਸ ਮਰਨ ਵਾਲੇ ਨੂੰ ਚੌਥਾ ਆਦਮੀ ਅਤੇ ਕੋਰਾ ਲੱਠਾ ਤਕ ਨਹੀਂ ਜੁੜਿਆ ਓਹ ਰਘੂ ਗੁਰੂ ਨੂੰ ਕੀ ਦੇ ਸਕਦਾ ਹੈ? ਰਘੂ ਬੁੜਬੁੜਾਇਆ ਅਤੇ ਉਸ ਦਾ ਦਿਲ ਡੁੱਬ ਗਿਆ। ਓਨਾਂ ਲੋਕਾਂ ਨੇ ਅਰਥੀ ਵਿਸ਼ਰਾਮ-ਚਬੂਤਰੇ ਉਪਰ ਰੱਖ ਦਿਤੀ।

—ਕੌਣ ਹੈ? ਆਦਮੀ ਜਾਂ ਤੀਵੀਂ? ਰਘੂ ਨੇ ਚਬੂਤਰੇ ਦੇ ਕੋਲ ਜਾ ਕੇ ਪੁੱਛਿਆ।

—ਮੁੰਡਾ।

—ਕਿੱਡਾ ਕੂ?

—ਸੋਲਾਂ ਸਾਲਾਂ ਦਾ।

—ਕਿਵੇਂ ਮਰਿਆ?

ਉਹ ਦੋਵੇਂ ਹਸ ਪਏ। ਭਿਆਨਕ, ਭੇਦ-ਭਰਿਆ ਅਤੇ ਘਿਨਾਉਣਾ ਜਿਹਾ ਠਹਾਕਾ। ਤੀਜਾ ਗਰਦਨ ਝੁਕਾਈ ਖੜਾ ਰਿਹਾ।

—ਬੋਲਦੇ ਕਿਉਂ ਨਹੀਂ? ਰਘੂ ਨੇ ਓਨਾਂ ਨੂੰ ਡਾਂਟਿਆ।

—ਮੌਤ ਆਈ ਤੇ ਬਸ ਮਰ ਗਿਆ।

—ਰਾਤ ਵਿਚ ਕਿਵੇਂ ਲੈ ਆਏ?

—ਰਾਤ ਵਿਚ ਤਾਂ ਜਿਉਂਦਿਆਂ ਲਈ ਤਾਂ ਝੁੱਗੀ ਵਿਚ ਥਾਂ ਹੁੰਦੀ ਨਹੀਂ...ਫੇਰ...

—ਠੀਕ ਹੈ...ਠੀਕ ਹੈ। ਕਿੰਨੀਆਂ ਲਕੜੀਆਂ ਚਾਹੀਦੀਆਂ ਹਨ।

—ਲਕੜੀਆਂ? ਓਹ ਖਰੀਦਣ ਲਈ ਪੈਸੇ ਕਿੱਥੇ ਹਨ? ਜਮਨਾ ਵਿਚ ਵਹਾਉਣ ਦੀ ਇਜਾਜ਼ਤ ਦੇ ਦਿਓ ਪੰਡਤ ਜੀ ਤੁਹਾਡਾ ਬਹੁਤ ਉਪਕਾਰ ਹੋਵੇਗਾ।

—ਜਮਨਾ ਵਿਚ ਤਾਂ ਬੱਚੇ ਵਹਾਏ ਜਾ ਸਕਦੇ ਨੇ, ਪਰ ਇਹ ਤਾਂ ਪੂਰਾ ਆਦਮੀ ਹੈ। ਇਸ ਨੂੰ ਰੋੜ੍ਹਨਾ ਗੈਰ-ਕਾਨੂੰਨੀ ਹੋਵੇਗਾ। ਤੁਹਾਨੂੰ ਲਕੜੀਆਂ ਲੈਣੀਆਂ ਹੀ ਪੈਣਗੀਆਂ। ਰਘੂ ਨੇ ਦ੍ਰਿੜ੍ਹਤਾ ਨਾਲ ਕਿਹਾ। ਉਸ ਨੇ ਸੋਚਿਆ, ਖਚੇਰੂ ਤੋਂ ਹੀ ਕੁਝ ਕਮੀਸ਼ਨ ਮਿਲ ਜਾਵੇਗਾ ਤਾਂ ਕਿਲੋ ਆਟੇ ਦਾ ਜੁਗਾੜ ਬਣ ਜਾਵੇਗਾ।

—ਕੀ ਭਾਅ ਹੈ?

—ਬਾਰਾਂ ਰੁਪਏ ਮਣ। ਘੱਟ ਤੋਂ ਘੱਟ ਚਾਰ ਮਣ ਤਾਂ ਲਗ ਜਾਣਗੀਆਂ।

—ਬੱਲੇ ਬੱਲੇ! ਮਰੇ ਹੋਏ ਨੂੰ ਵੀ ਫੂਕਣ ਲਈ ਪੰਜਾਹ ਸੱਠ ਰੁਪਏ ਚਾਹੀਦੇ ਨੇ! ਇਨੇ ਪੈਸਿਆਂ ਵਿਚ ਤਾਂ ਮਹੀਨੇ ਭਰ ਦਾ ਆਟਾ ਆ ਜਾਏਗਾ।

ਅਚਾਨਕ ਕਾਲੇ ਬਦਲਾਂ ਵਿਚਕਾਰ ਜਿਵੇਂ ਸੁਨਹਿਰੀ ਬਿਜਲੀ ਦੀ ਚਮਕ ਗਈ। ਰਘੂ ਦਾ ਅੰਦਰ ਜਗਮਗਾ ਗਿਆ।

—ਤਾਂ ਤੁਹਾਡੇ ਕੋਲ ਇੰਨੇ ਪੈਸੇ ਨਹੀਂ ਹਨ?

—ਪੈਸੇ ਹੁੰਦੇ ਤਾਂ ਫਿਰ ਗੱਲ ਹੀ ਕੀ ਸੀ?

—ਠੀਕ ਹੈ! ਤੁਸੀਂ ਮੁਰਦੇ ਨੂੰ ਛੱਡ ਜਾਓ।

—ਸੱਚ! ਪਹਿਲਵਾਨ ਬੋਲਿਆ।

—ਤੁਸੀਂ ਇਸ ਦਾ ਕੀ ਕਰੋਗੇ?

—ਪਰਉਪਕਾਰ।

—ਰੱਬ ਕਰੇ ਤੁਸੀਂ ਜੁਗ ਜੁਗ ਜੀਵੋ, ਪੰਡਤ ਜੀ। ਭਾਰ ਤੋਂ ਹੌਲੇ ਹੋ ਕੇ ਓਹ ਚਲੇ ਗਏ।

ਰਘੂ ਉਛਲ ਉਠਿਆ।

—ਜੈ ਭੈਰੋਂ ਬਾਬੇ ਦੀ! ਉਹ ਚੀਕ ਪਿਆ ਅਤੇ ਸੋਚਣ ਲਗਿਆ, ਭੈਰੋਂ ਬਾਬੇ ਦੀ ਕ੍ਰਿਪਾ ਹੋਈ ਤਾਂ ਇਨ੍ਹਾਂ ਪੰਜਾਂ ਨਿਆਣਿਆਂ ਨੂੰ ਰੋਟੀ ਤਾਂ ਮਿਲੇਗੀ ਹੀ, ਦੋ ਦੋ ਜਲੇਬੀਆਂ ਵੀ ਪੱਲੇ ਪੈ ਜਾਣਗੀਆਂ।

—ਪੰਡਤ ਚਾਚਾ ਕਿੱਥੇ, ਇਹ ਕੀ ਮਾਮਲਾ ਹੈ? ਤਦ ਤਕ ਖਚੇਰੂ ਉਠ ਕੇ ਰਘੂ ਦੇ ਕੋਲ ਆ ਖੜਾ ਹੋ ਗਿਆ।

—ਖਚੇਰੂ ਚਬੂਤਰੇ ਉਤੇ ਅਰਥੀ ਰੱਖੀ ਹੈ, ਜ਼ਰਾ ਧਿਆਨ ਰੱਖਣਾ! ਮੈਂ ਹੁਣੇ ਅੱਧੇ ਘੰਟੇ ਵਿਚ ਆਇਆ।

—ਤੁਸੀਂ ਕਿੱਥੇ ਚਲ ਪਏ ਚਾਚਾ? ਖਚੇਰੂ ਨੇ ਖੰਘਦਿਆਂ ਹੋਇਆਂ ਪੁਛਿਆ। ਰਘੂ ਨੇ ਕੋਈ ਜਵਾਬ ਨਹੀਂ ਦਿਤਾ। ਉਸ ਵਿਚ ਜਿਵੇਂ ਨਵੀਂ ਜਿੰਦਗੀ ਆ ਗਈ ਸੀ। ਸ਼ਮਸ਼ਾਨ ਤੋਂ ਬਾਹਰ ਆ ਕੇ ਉਹ ਕੁਝ ਹੀ ਦੂਰੀ ਤੇ ਬਣੀ ਆਪਣੀ ਝੌਂਪੜੀ ਦੇ ਕੋਲ ਪਹੁੰਚਿਆ। ਨਾਲ ਦੀ ਝੁੱਗੀ ਵਿਚ ਦੀਨੂ ਰਹਿੰਦਾ ਸੀ। ਉਹ ਸਵੇਰੇ ਅਖਬਾਰ ਵੰਡਦਾ ਹੈ। ਉਸ ਦੇ ਕੋਲ ਸਾਇਕਲ ਹੈ।

* * *

ਉਹ ਕਾਫੀ ਤੇਜ਼ ਰਫਤਾਰ ਨਾਲ ਸਾਇਕਲ ਚਲਾ ਰਿਹਾ ਸੀ। ਉਸ ਨੂੰ ਪੁਰਾਣੇ ਮੈਡੀਕਲ ਕਾਲਜ ਦੀ ਯਾਦ ਆ ਰਹੀ ਸੀ। ਓਹ ਉਦੋਂ ਮੈਡੀਕਲ ਕਾਲਜ ਨੂੰ ਲਾਸ਼ਾਂ

ਦੀ ਸਪਲਾਈ ਕਰਦਾ ਹੁੰਦਾ ਸੀ। ਹਰ ਲਾਸ਼ ਦੇ ਉਸ ਨੂੰ ਦਸ ਰੁਪਏ ਮਿਲਦੇ ਸਨ। ਉਦੋਂ ਸਸਤਾ ਜਮਾਨਾ ਸੀ। ਛੇਤੀ ਹੀ ਉਸਦਾ ਇਹ ਧੰਦਾ ਠੱਪ ਹੋ ਗਿਆ। ਮੈਡੀਕਲ ਕਾਲਜ ਨੂੰ ਇਕ ਹਸਪਤਾਲ ਨਾਲ ਦਿਤਾ ਗਿਆ। ਹਸਪਤਾਲੋਂ ਵਿਚ ਹੀ ਇੰਨੇ ਲਾਵਾਰਸ ਲੋਕ ਮਰਨ ਲਗੇ ਕਿ ਕਾਲਜ ਦੇ ਵਿਦਿਆਰਥੀਆਂ ਨੂੰ ਚੀਰ-ਫਾੜ ਸਿਖਾਉਣ ਲਈ ਲਾਸ਼ਾਂ ਦੀ ਕਮੀ ਨਾ ਰਹੀ।

ਹਾਲੀ ਇਕ ਸਾਲ ਪਹਿਲਾਂ ਨੇੜੇ ਹੀ, ਪਰ ਸ਼ਹਿਰ ਤੋਂ ਕਾਫੀ ਦੂਰ, ਇਕ ਨਵਾਂ ਮੈਡੀਕਲ ਕਾਲਜ ਖੁਲ੍ਹਿਆ ਸੀ। ਭੈਰੋਂ ਬਾਬਾ ਦੀ ਕ੍ਰਿਪਾ ਨਾਲ ਕਾਲਜ ਨਾਲ ਕੋਈ ਹਸਪਤਾਲ ਨਹੀਂ ਜੁੜਿਆ ਸੀ। ਉਹ ਭੱਜਿਆ ਭੱਜਿਆ ਪ੍ਰੋਫੈਸਰ ਕੁਲਸ਼੍ਰੇਸ਼ਠ ਸਾਹਬ ਦੇ ਕੋਲ ਗਿਆ ਸੀ। ਉਸ ਨੇ ਉਨ੍ਹਾਂ ਨੂੰ ਮੁਰਦੇ ਲੈ ਲੈਣ ਦੀ ਬੇਨਤੀ ਕੀਤੀ ਸੀ।

—ਬਈ ਸਾਡੇ ਕੋਲ ਇਨ੍ਹਾਂ ਹੀ ਹਸਪਤਾਲਾਂ ਤੋਂ ਲਾਸ਼ਾਂ ਆ ਜਾਂਦੀਆਂ ਹਨ। ਜੇ ਕਦੀ ਜ਼ਰੂਰਤ ਹੋਈ ਤਾਂ ਅਸੀਂ ਤੇਰੇ ਨਾਲ ਸੰਪਰਕ ਕਰ ਲਵਾਂਗੇ। ਤੁਸੀਂ ਭੈਰੋਂ ਸ਼ਮਸ਼ਾਨ ਘਾਟ ਵਾਲੇ ਹੋ ਨਾ?

—ਜੀ, ਹਾਂ। ਤਦ ਰਘੂ ਨੇ ਭਰੇ ਗਲ ਨਾਲ ਕਹਿ ਦਿਤਾ ਸੀ। ਉਸ ਸਮੇਂ ਪ੍ਰੋਫੈਸਰ ਸਾਹਬ ਟਾਲ ਗਏ ਸਨ। ਅਜ ਉਹ ਪ੍ਰੋਫੈਸਰ ਦੀ ਅਜਿਹੀ ਮਿੰਨਤ-ਖੁਸ਼ਾਮਦ ਕਰੇਗਾ ਕਿ ਉਹ ਨਾਂਹ ਨਹੀਂ ਕਰ ਸਕਣਗੇ। ਫਿਰ ਘਟੋਂ ਘਟ ਵੀਹ ਤੀਹ ਤਾਂ ਕਿਤੇ ਨਹੀਂ ਗਏ।

ਰਘੂ ਪ੍ਰੋਫੈਸਰ ਸਾਹਬ ਦੀ ਕੋਠੀ ਵਿਚ ਪਹੁੰਚ ਗਿਆ ਉਹ ਪਾਈਪ ਪੀਂਦਿਆਂ ਹੋਇਆਂ ਆਪਣੇ ਲਾਨ ਵਿਚ ਟਹਿਲ ਰਹੇ ਸਨ। ਉਨਾਂ ਦਾ ਤਕੜਾ ਅਲਸ਼ੇਸ਼ਨ ਕੁੱਤਾ ਸਾਹਮਣੇ ਹੀ ਬੰਨ੍ਹਿਆਂ ਸੀ। ਰਘੂ ਨੂੰ ਅੰਦਰ ਆਉਂਦਾ ਵੇਖ ਉਹ ਜ਼ੋਰ ਜ਼ੋਰ ਨਾਲ ਭੌਂਕਣ ਲਗਿਆ।

—ਨੋ ਵਾਲਟਰ...ਨੋ! ਪ੍ਰੋਫੈਸਰ ਸਾਹਬ ਨੇ ਪਾਈਪ ਕੱਢ ਕੇ ਕਿਹਾ। ਫਿਰ ਉਹ ਰਘੂ ਵਲ ਵਧ ਆਏ। ਫਿਰ ਉਨਾਂ ਨੇ ਪੁੱਛਿਆ, ਕੌਣ ਹੋ?

—ਹਜ਼ੂਰ ਮੈਂ ਰਘੂ ਹਾਂ। ਓਹੀ ਭੈਰੋਂ ਸ਼ਮਸ਼ਾਨ ਘਾਟ ਵਾਲਾ।

—ਓਹ ਹਾਂ, ਰਘੂ! ਕਹੋ, ਕਿਵੇਂ ਆਉਣਾ ਹੋਇਆ?

—ਹਜ਼ੂਰ ਇਕ ਵਾਰ ਤਾਂ ਸੇਵਾ ਦਾ ਮੌਕਾ ਦਿਓ! ਸਿਰਫ ਇਕ ਹੀ ਏ। ਬੜੀ ਆਸ ਨਾਲ ਲੈ ਕੇ ਆਇਆ ਹਾਂ।

—ਰਘੂ, ਅਸੀ ਤੁਹਾਨੂੰ, ਪਹਿਲਾਂ ਵੀ ਕਿਹਾ ਸੀ ਕਿ ਇਥੇ ਕੋਈ ਸਕੋਪ ਨਹੀਂ ਹੈ। ਤੁਸੀਂ ਤਾਂ ਜਾਣਦੇ ਹੀ ਹੋ ਸਾਡੇ ਲਈ ਲਾਸ਼ਾਂ ਦੀ ਕੋਈ ਕਮੀ ਨਹੀਂ... ਲੋਕ ਮਰਦੇ ਹਨ...ਧੜਾ ਧੜ ਮਰਦੇ ਰਹਿੰਦੇ ਹਨ...ਸੜਕ ਦੁਰਘਟਨਾ ਨਾਲ, ਭੁੱਖ ਨਾਲ, ਝਗੜਿਆਂ ਨਾਲ, ਸੀਤ ਲਹਿਰ ਨਾਲ, ਲੂਅ ਨਾਲ, ਹੜ ਨਾਲ, ਦਿਲ ਟੁਟਣ ਨਾਲ, ਮਿਲਾਵਟ ਵਾਲੀਆਂ ਦਵਾਈਆਂ ਨਾਲ, ਜਹਿਰੀ ਸ਼ਰਾਬ ਨਾਲ...

ਰਘੂ ਸੋਚ ਵਿਚ ਡੁੱਬ ਗਿਆ—ਇੰਨੇ ਸਾਰੇ ਲੋਕ ਮਰਦੇ ਹਨ। ਪਰ ਮਰ ਕੇ ਉਹ ਕਿੱਥੇ ਗਾਇਬ ਹੋ ਜਾਂਦੇ ਹਨ? ਪਰ ਉਸ ਤੇ ਇਸ ਦਲੀਲ ਦਾ ਕੋਈ ਅਸਰ ਨਹੀਂ ਹੋਇਆ।

—ਹਜ਼ੂਰ ਅਜ ਇਕ ਤਾਂ ਲੈ ਲਓ। ਮੈਂ ਬਹੁਤ ਆਸ ਲੈ ਕੇ ਆਇਆ ਸੀ। ਘਰ ਵਿਚ ਕਣਕ ਦਾ ਇਕ ਦਾਣਾ ਵੀ ਨਹੀਂ ਹੈ।

—ਤੇਰੀ ਸਮਝ ਵਿਚ ਕਿਉਂ ਨਹੀਂ ਆਉਂਦਾ?

—ਹਜ਼ੂਰ, ਨੌਜਵਾਨ ਲੜਕਾ ਹੈ, ਬਿਲਕੁਲ ਤਾਜ਼ਾ ਲਾਸ਼ ਹੈ। ਕਿਤੇ ਕੋਈ ਬੁਦਬੂ, ਜ਼ਖਮ, ਖੂਨ ਨਹੀਂ...ਤੁਸੀ ਦੇਖੋਗੇ ਤਾਂ...

ਪ੍ਰੋਫੈਸਰ ਕੁਲਸਰੇਸ਼ਠ ਪਾਈਪ ਪੀਂਦੇ ਰਹੇ। ਉਹ ਕੁਝ ਨਹੀਂ ਬੋਲੇ। ਵਿਚਾਰਾਂ ਵਿਚ ਗੁਆਚੇ ਉਹ ਇਧਰ ਉਧਰ ਟਹਿਲਦੇ ਰਹੇ। ਫਿਰ ਉਨ੍ਹਾਂ ਨੇ ਜੇਬ ਤੋਂ ਇਕ ਨੋਟ ਕੱਢ ਕੇ ਰਘੂ ਵਲ ਵਧਾਉਂਦਿਆਂ ਕਿਹਾ—ਠੀਕ ਹੈ। ਅਸੀਂ ਉਸ ਨੂੰ ਮੰਗਵਾ ਲਵਾਂਗੇ। ਇਹ ਲਉ ਤੁਹਾਡਾ ਇਨਾਮ।

ਰਘੂ ਨੇ ਉਮੜ ਕੇ ਉਹ ਨੋਟ ਫੜ ਲਿਆ, ਪਰ ਉਹ ਕਿੰਨਾਂ ਹਲਕਾ ਨੋਟ ਸੀ।

—ਕੁਲ ਪੰਜ ਰੁਪਏ, ਹਜ਼ੂਰ? ਹਜ਼ੂਰ.. ਮਾਈ-ਬਾਪ...ਦਸ ਸਾਲ ਪਹਿਲਾਂ ਤਾਂ ਦਸ ਰੁਪਏ ਦਾ ਰੇਟ ਸੀ। ਰਘੂ ਨੇ ਡੁੱਬਦੇ ਬੋਲ ਨਾਲ ਕਿਹਾ।

—ਤਾਂ ਕੀ ਹੁਣ ਸੌ ਰੁਪਿਆ ਚਾਹੀਦਾ ਹੈ। ਪ੍ਰੋਫੈਸਰ ਸਾਹਬ ਦਾ ਬੋਲ ਚਿੜਚਿੜਾ ਹੋ ਗਿਆ।

—ਹਜ਼ੂਰ ਅਜ ਕਲ ਮਹਿੰਗਾਈ ਦਾ ਜ਼ਮਾਨਾ ਹੈ। ਕਣਕ ਤਿੰਨ ਰੁਪਏ ਕਿਲੋ, ਭੂਨੇ ਛੋਲੇ ਸੱਤ ਰੁਪਏ... ਲਕੜੀਆਂ ਬਾਰਾਂ ਰੁਪਏ ਮਣ...

—ਤਾਂ ਤੈਨੂੰ ਜਿਥੇ ਵਧ ਪੈਸੇ ਮਿਲਣ, ਉਥੇ ਹੀ ਚਲੇ ਜਾਓ। ਲਿਆਓ, ਨੋਟ ਵਾਪਸ ਕਰੋ।

ਰਘੂ ਘਬਰਾ ਗਿਆ। ਉਸ ਨੇ ਨੋਟ ਨੂੰ ਕਸ ਕੇ ਮੁੱਠੀ ਵਿਚ ਘੁਟ ਲਿਆ ਅਤੇ ਦੋ ਕਦਮ ਪਿੱਛੇ ਹਟ ਗਿਆ। ਉਹ ਸੋਚ ਰਿਹਾ ਸੀ—ਹੋਰ ਚੀਜ਼ਾਂ ਦੇ ਸਟਾਕ ਦਬਾਓ ਤਾਂ ਦੋ ਦੇ ਚਾਰ ਹੋ ਜਾਂਦੇ ਹਨ। ਪਰ ਇਸ ਨੂੰ ਰੋਕਣ ਤੇ...ਸਵੇਰੇ ਪੰਜ ਰੁਪਏ ਦੀ ਥਾਂ ਪੰਜ ਪੈਸੇ ਵੀ ਨਹੀਂ ਮਿਲਣਗੇ ..

—ਹੁਣ ਤੂੰ ਜਾ ਸਕਦਾ ਹੈਂ ਰਘੂ। ਅਸੀਂ ਲਾਸ਼ ਨੂੰ ਮੰਗਵਾਉਣ ਦਾ ਪਾਬੰਦ ਕਰਦੇ ਹਾਂ।

ਰਘੂ ਤੁਰਨ ਲਗਿਆ ਤਾਂ ਪ੍ਰੋਫੈਸਰ ਸਾਹਬ ਨੇ ਕਾਲਜ ਦੇ ਥਿਏਟਰ ਵਲ ਵਧਦਿਆਂ ਕਿਹਾ—ਰਘੂ ਚੀਜ਼ਾਂ

ਦੇ ਭਾਅ ਮੰਗ ਅਤੇ ਸਪਲਾਈ ਉਪਰ ਨਿਰਭਰ ਕਰਦੇ ਹਨ ।

ਰਘੂ ਮੁੜ ਪਿਆ । ਉਸ ਦੀ ਸਮਝ ਵਿਚ ਕੁਝ ਨਹੀਂ ਆ ਰਿਹਾ ਸੀ । ਸਾਇਕਲ ਉਸ ਦੇ ਕੋਲ ਸੀ । ਫਿਰ ਵੀ ਉਹ ਸ਼ੋਕ-ਮਗਨ ਜਿਹਾ ਪੈਦਲ ਤੁਰਿਆ ਜਾ ਰਿਹਾ ਸੀ । ਉਸ ਨੂੰ ਲਗ ਰਿਹਾ ਸੀ, ਜਿਵੇਂ ਉਹ ਕਿਸੇ ਦਾ ਅੰਤਮ ਸੰਸਕਾਰ ਕਰਕੇ ਮੁੜ ਰਿਹਾ ਸੀ । ਪਰ ਕਿਸਦਾ ?

ਅਨੁਵਾਦ :
ਅਮਰ ਆਫਤਾਬ

o

---

ਕਹਾਣੀ

# ਸਮਝੌਤਾ

o

## ਜਿੰਦਰ

ਆਖ਼ਿਰ ਮੀਟਿੰਗ ਸੱਦ ਹੀ ਲਈ ਗਈ ।

ਕਈ ਦਿਨਾਂ ਤੋਂ ਤਾਂ ਗੱਲ ਚਲ ਰਹੀ ਸੀ । ਆੜਤੀਏ ਵੀ ਤੰਗ ਸਨ ਤੇ ਮੁਲਾਜ਼ਮ ਵੀ । ਵਿਚ ਵਿਚ ਜੱਟ ਵੀ ਪੁਛ ਲੈਂਦੇ, "ਲਾਲਾ ਜੀ–ਐਦਾਂ ਕਿਦਾਂ ਸਰੂ ?" ਤੇ ਲਾਲਾ ਹੋਰੀਂ ਝੋਨੇ ਦੀਆਂ ਵੱਡੀਆਂ ਵੱਡੀਆਂ ਢੇਰੀਆਂ ਨੂੰ ਵੇਖ ਕੇ ਹੌਸਲੇ ਨਾਲ ਕਹਿੰਦੇ, "ਜਿਊਂਦੇ ਰਹੋ—ਸਭ ਠੀਕ ਹੋ ਜਾਊ ।"

ਜੱਟ ਅਗੋਂ ਹੱਸ ਛੱਡਦੇ ਜਿਵੇਂ ਉਨ੍ਹਾਂ ਆਪਣਾ ਫ਼ਰਜ਼ ਪੂਰਾ ਕਰ ਲਿਆ ਸੀ ਤੇ ਅਗੋਂ ਜਾਨਣ ਆੜਤੀਏ ।

ਐਫ.ਸੀ.ਆਈ. ਦੇ ਇਕ ਕਮਰੇ 'ਚ ਚੁੱਪ ਪਸਰੀ ਪਈ ਸੀ ।

"ਮਿਸਰ ਜੀ—ਤੁਸਾਂ ਚੰਗਾ ਨਹੀਂ ਕੀਤਾ" ਨਿੱਧਾ ਰਾਮ, ਜੋ ਉਨ੍ਹਾਂ 'ਚੋਂ ਵਡੇਰੀ ਉਮਰ ਦਾ ਸੀ, ਨੇ ਪਹਿਲ ਕੀਤੀ ।

"ਸਾਡੀਆ ਢੇਰੀਆਂ ਤਾਂ ਤੁਸਾਂ ਵੇਖੀਆਂ ਹੀ ਨਹੀਂ ।"

"ਸਾਡੇ ਨਾਲ ਵੀ ਇੰਝ ਹੀ ਹੋਇਐ ।"

"ਤੁਹਾਡੀ ਤਾਂ ਇਕ ਵਿਕ ਹੀ ਗਈ—ਸਾਡੇ ਵਲ ਤਾਂ ਹਜ਼ੂਰ ਹੋਰੀਂ ਆਏ ਤੱਕ ਨਹੀਂ", ਕਾਂ ਕਾਂ ਹੋਣ ਲੱਗੀ ।

"ਦਸੋ ਵੀਹ ਪ੍ਰਸੈਂਟ ਤੋਂ ਜ਼ਿਆਦਾ ਮੋਆਸਚਰ ਹੋਵੇ—ਤਾਂ ਮੈਂ ਕੀ ਕਰ ਸਕਦਾਂ" ਐਫ.ਸੀ.ਆਈ. ਦੇ ਕੁਆਲਿਟੀ ਇੰਸਪੈਕਟਰ ਮਿਸਰ ਨੇ ਦਸਿਆ ।

"ਛੱਡੋ ਐ ਗੱਲਾਂ ਸਭ ਕੁਝ ਤਾਂ ਤੁਸਾਂ ਕਰਨਾ", ਸੰਤੋ ਰਾਮ ਨੇ ਅਪਰਾਧੀਆਂ ਵਾਂਗ ਹੱਥ ਜੋੜ ਦਿੱਤੇ ।

"ਪਰ ਮੈਨੂੰ ਵੀ ਤਾਂ ਸਭ ਕੁਝ ਵੇਖਣਾ ਪੈਂਦਾ ।"

"ਜੱਟ ਸਾਡੇ ਗਲ ਪੈਂਦੇ ਆ" ਰਾਜਾ, ਜੋ ਚੜ੍ਹਦੀ ਉਮਰ 'ਚ ਸੀ, ਖਰਵਾ ਬੋਲਿਆ ।

"ਤੁਸੀਂ ਸ਼ੈਲਰ ਵਾਲਿਆਂ ਨੂੰ ਚੁਕਾ ਦਿਓ ਫੇਰ" ਮਿਸਰ ਝਟ ਬੋਲਿਆ ।

"ਗੱਲ ਤਾਂ ਪੈਸਿਆਂ ਦੀ ਆ—ਨਹੀਂ ਤਾਂ ਤੁਹਾਡੀਆਂ ਮਿਨਤਾਂ ਕਿਉਂ ਕਰੀਏ ?"

"ਗਿਲਾ ਝੋਨਾ ਤਾਂ ਮੈਂ ਵੀ ਨਹੀਂ ਚੁੱਕਣਾ" ਮਿਸ਼ਰ ਵੀ ਸਖਤ ਹੋ ਕੇ ਬੋਲਿਆ ।

"ਅਸੀਂ ਕਿਥੇ ਜਾਵਾਂਗੇ ?"

"ਸਾਡਾ ਕੀ ਬਣੂ ?"

"ਕੁਝ ਕਰੋ ।"

"ਇਹ ਤਾਂ ਕਮਲਾ ।"

ਕਈ ਅਵਾਜ਼ਾਂ ਆਈਆਂ ।

ਮਿਸਰ ਨੇ ਚਾਹ ਲਿਆਉਣ ਲਈ ਚਪੜਾਸੀ ਨੂੰ ਹਾਕ ਮਾਰੀ । ਚਪੜਾਸੀ ਨੇ ਝਟ ਕਿਹਾ, "ਪੈਸੇ ਜੀ ।" ਮਿਸਰ ਨੇ ਹਾਕਮ ਸਿੰਘ ਗਰੇਡ ਨੰਬਰ ਥਰਡ ਵਲ ਇਸ਼ਾਰਾ ਕੀਤਾ । ਹਾਕਮ ਸਿੰਘ ਜੇਬਾਂ 'ਚ ਹੱਥ ਮਾਰਨ ਲੱਗਾ । ਕਦੇ ਅਗਲੀ ਜੇਬ 'ਚ ਤੇ ਕਦੀ ਪਿਛਲੀ ਜੇਬ 'ਚ । ਆਖ਼ਿਰ ਪੈਂਟ ਦੀ ਪਿਛਲੀ ਜੇਬ 'ਚੋਂ ਇਕ ਪੁਰਾਣਾ ਦੋਹਾਂ ਦਾ ਨੋਟ ਕਢਦਿਆਂ ਕਿਹਾ "ਯਾਰ ਪੈਸੇ ਤਾਂ ਦੂਜੀ ਕਮੀਜ਼ ਦੀ ਜੇਬ 'ਚ ਰਹਿ ਗਏ ਲਗਦੇ-ਛੱਡ ਇਨਾਂ ਨਾਲ ਕੀ ਬਨਣਾ-ਪਿਆਰੂ ਕੱਢ ਤਾਂ ਇਕ ਨੋਟ"

ਪਿਆਰੇ ਲਾਲ ਆੜਤੀਏ ਨੇ ਚਪੜਾਸੀ ਨੂੰ ਦਸਾਂ ਦਾ ਨੋਟ ਦੇ ਦਿੱਤਾ ।

"ਗਲ ਸੁਣ ਓਏ-ਕਿਵੇਂ ਬਾਂਦਰਾਂ ਵਾਂਗ ਮੂੰਹ ਚੁਕੀ ਫਿਰਦਾਂ" ਗੁਰਦੇਵ ਸਿੰਘ, ਖੁਰਾਕ ਤੇ ਸਪਲਾਈ ਇੰਸਪੈਕਟਰ ਨੇ ਚਪੜਾਸੀ ਨੂੰ ਹਾਕ ਮਾਰ ਕੇ ਕਿਹਾ "ਕਲੀ ਚਾਅ ਨਾਲ ਦਿਲ ਲੂਣਾ-ਦੋ ਕੁ ਕਿਲੋ ਪਕੌੜੇ ਹੀ ਫੜੀ-ਆਈਂ-ਐਨੇ ਵਗ 'ਚ ਮਸਾਂ ਇਕ-2 ਫੇਰ ਵੀ ਆਉਣਾ-ਚੱਲ ਪਕੌੜੇ ਸਿਧਾਰਾਮ ਦੇ ਸਹੀ" ਉਸ ਠੀਕ ਸ਼ਿਕਰੇ ਵਾਂਗ ਸਿਧਾ ਰਾਮ ਤੇ ਨਜ਼ਰਾਂ ਟਿਕਾਂ ਦਿਤੀਆਂ "ਪਕੌੜੇ ਮਗਾਉਂਦਾ ਮਰਦਾ-ਬੋਲੀ ਵੇਲੇ ਤਾਂ ਰੌਲਾ ਪਾਉਣਾ-ਆ ਢੇਰੀ ਕੋਈ ਛਡਣ ਆਲੀ ਜੇ-ਵੇਖੋ ਜੀ-ਅਗਲਿਆਂ ਸੁੱਕਾ ਕੇ ਲਿਆਂਦੀ ਜੇ-ਦੋ ਤਿੰਨ ਦਿਨ ਤਾਂ ਮੰਡੀ 'ਚ ਆਇਆਂ ਹੋ ਗਏ ਜੇ-ਏਦਾਂ ਤਾਂ ਮੈਂ ਨਹੀਂ ਜਾਣ ਦੇਣਾ ਜੇ-ਭਾਅ ਲਾਊ ਜੇ-ਪੂਰੇ ਇਕ ਤੇਈਂ-ਜੇ..."

ਸਿਧਾ ਰਾਮ ਨੇ ਜਕੋ-ਤਕੀ ਕਰਦਿਆਂ-2 ਪੰਜਾਂ-2 ਦੇ ਦੋ ਨੋਟ ਚਪੜਾਸੀ ਨੂੰ ਫੜਾਂ ਦਿੱਤੇ ।

"ਮਰਦਾ ਕਿਉਂ ਜਾਨਾ ਉਏ-ਮੈਂ ਤੁਹਾਡੀ ਮੀਟਿੰਗ

'ਚੋਂ ਕੀ ਲੈਣਾ ਸੀ ਗੁਰਦੇਵ ਸਿੰਘ ਨੇ ਲਤ ਉਪਰ ਹੀ ਰੱਖੀ। "ਗਲ ਸੁਣ ਬਈ-ਮੇਰੇ ਲਈ ਫੋਰ ਸਕੇਰ ਦੀ ਡੱਬੀ ਹੀ ਫੜੀ ਲਿਆਈਂ ਤੇ ਨਾਲ ਹੀ ਮਾਚਿਸ ਵੀ" ਏ.ਕੇ. ਤਿੰਗੜਾ ਮੰਡੀ ਸੁਪਰਵਾਈਜਰ ਬੋਲਿਆ।

"ਜਾਣ ਵੀ ਦੇ ਉਸਨੂੰ" ਮਿਸਰ ਨੇ ਉਸਨੂੰ ਟੋਕਿਆ।

"ਮੇਰੀ ਬਾਰੀ ਦੁੱਖ ਲਗਦਾ—ਮੈਨੂੰ ਇਸ ਕਰਕੇ ਸਦਿਆ ਸੀ" ਏ. ਕੇ. ਤਿੰਗੜਾ ਖਈ-ਖਈ ਕਰਕੇ ਹਸਿਆ ਤਾਂ ਉਸਦੇ ਊਠ ਵਰਗੇ ਲਮਕਦੇ ਬੁਲ੍ਹੇ ਵੇਖ, ਕੋਈ ਹਸਣੋਂ ਨਾ ਰਹਿ ਸਕਿਆ।

"ਕਿਦ੍ਹਾਂ ਬਣੂ ਫੇਰ ਗੱਲ ?" ਸੁਭਾਸ਼ ਨੇ ਗੱਲ ਤੋਰੀ।

"ਪਿਛਲੀ ਵਾਰ ਬਾਰਾਂ ਸੀ"

"ਇਸ ਵਾਰ ਪੰਦਰਾਂ ਸਹੀ" ਮਿਸਰ ਝੱਟ ਬੋਲਿਆ

"ਏਹ ਤਾਂ ਜ਼ਿਆਦਾ ਲਗਦੇ"

"ਕੈਲਕੁਲੇਟ ਕਰ ਲਵੋ-ਭਾਅਾਂ ਤੇ ਮਹਿੰਗਾਈ ਨੂੰ" ਗੁਰਦੇਵ ਸਿੰਘ ਨੇ ਹਿਸਾਬ ਲਗਾਉਂਦਿਆਂ ਕਿਹਾ।

"ਤੁਸੀਂ ਕਿਹੜੇ ਕੋਲੋਂ ਦੇਣੇ ਆਂ" ਹਾਕਮ ਸਿੰਘ ਬੋਲਿਆ।

"ਸਭ ਕੁਝ ਵੇਖਣਾਂ ਪੈਂਦਾ"

"ਫੇਰ ਤਾਂ ਸਾਧ ਹੋ ਜਾਓ" ਏ. ਕੇ. ਤਿੰਗੜਾ ਉਚੀ-2 ਹਸਿਆ।

"ਪੰਦਰਾਂ ਤੁਹਾਡੇ। ਖੁਰਾਕ ਤੇ ਸਪਲਾਈ ਵਾਲੇ ਅਡ ਤੇ ਮਾਰਕੀਟ ਕਮੇਟੀ ਵਾਲੇ ਅਡ" ਕਿਸੇ ਹੋਰ ਨੇ ਕਿਹਾ।

"ਮਾਰਕੀਟ ਕਮੇਟੀ ਨੂੰ ਕਾਹਦੇ" ਹਾਕਮ ਸਿੰਘ ਨੇ ਐਵੇਂ ਗੱਲ ਕੀਤੀ।

"ਤੇ ਤੁਹਾਡੇ ਕਾਹਦੇ ?" ਏ. ਕੇ. ਤਿੰਗੜਾ ਉਸਨੂੰ ਟੁੱਟ ਕੇ ਪਿਆ।

"ਦੋ ਰੁਪਏ ਸੈਂਕੜਾ ਥੋੜੇ ਹੁੰਦੇ ਆ"

"ਉਹ ਤਾਂ ਸਰਕਾਰ ਦੇ ਹੋਏ"

"ਆਹ ਬਲੈਬਾਂ-ਟਿਊਬਾਂ ਤੇ ਹੋਰ-ਹੋਰ ਦੱਸਾਂ" ਗੁਰਦੇਵ ਸਿੰਘ ਬੋਲਿਆ।

"ਮਿਸਰ ਸਾਡੇ ਬਿਨਾਂ ਤੁਸੀਂ ਟੱਕੇ ਤੇ ਵੀ ਨਹੀਂ" ਏ. ਕੇ. ਤਿੰਗੜਾ ਤੇਸ਼ 'ਚ ਆ ਕੇ ਬੋਲਿਆ।

ਮਿਸਰ ਚੁੱਪ ਕਰ ਗਿਆ। ਗੱਲ ਤਿੰਗੜੇ ਦੀ ਸੱਚੀ ਸੀ।

"ਹੈ ਨਾ ਸਾਡੇ ਵਾਲਾ ਪ੍ਰੋਗਰਾਮ ਵਧੀਆ" ਗੁਰਦੇਵ ਸਿੰਘ ਨੇ ਆਪਣੀ ਗੱਲ ਤੋਰ ਲਈ।

"ਤੁਹਾਡੇ ਤਾਂ ਲੋਹੇ ਵਰਗੇ ਪਕੇ।"

"ਕੱਚੇ ਕਹਿ ਕੇ ਤਾਂ ਵੇਖਓ, ਦੂਜੇ ਦਿਨ ਏ. ਐਫ. ਐਸ. ਓ. ਨੇ ਲਾਇਸੈਂਸ ਕੈਂਸਲ ਕਰ ਦੇਣਾ।"

ਇਸ ਗੱਲ ਤੇ ਕੁਝ ਆੜ੍ਹਤੀਆਂ ਦੇ ਮੂੰਹ ਉੱਡ ਗਏ ਜਿਵੇਂ ਸੱਚੀ-ਮੁਚੀ ਲਾਈਸੈਂਸ ਕੈਂਸਲ ਹੋਣ ਲਗੇ ਸਨ।

"ਕੁਝ ਤਾਂ ਸਾਡਾ ਵੀ ਸੋਚੋ—ਮੇਰੀ ਸਰਕਾਰ" ਸੰਤੋ ਰਾਮ ਨੇ ਸੱਪ ਵਾਂਗ ਜੀਭ ਮਾਰਦਿਆਂ ਕਿਹਾ।

"ਜ਼ਿਆਦਾ ਵੀ ਪਚਾਉਣੇ ਔਖੇ ਹੁੰਦੇ"। ਪਿਆਰੇ ਲਾਲ ਹਸਦਾ ਹਸਦਾ ਬੋਲਿਆ।

ਇਕ ਵਾਰ ਫੇਰ ਕਹਿ ਤਾਂ—ਕਹਿੰਦਾ ਬੌਤ ਹੀ ਚੰਗਾ ਲਗਦਾ"। ਮਿਸਰ ਨੇ ਉਸ ਨੂੰ ਵਿਚੋਂ ਹੀ ਟੋਕਿਆ।

ਪਿਆਰੇ ਲਾਲ ਨੇ ਹੰਭੇ ਹੋਏ ਝੋਟੇ ਵਾਂਗ ਸਿਰ ਹੇਠਾਂ ਸੁਟ ਲਿਆ ਤੇ ਅੱਖਾਂ ਕਦੇ ਬੰਦ ਤੇ ਕਦੇ ਖੋਲ੍ਹਣ ਲਗਾ। ਇੰਝ ਕਰਨ ਦੀ ਉਸਦੀ ਆਦਤ ਸੀ। ਜਦੋਂ ਕੋਈ ਏਦਾਂ ਉਸਦੀ ਲਾਅ-ਪਾਅ ਕਰਦਾ ਤਾਂ ਉਸ ਦੀ ਅੱਖਾਂ ਝਮਕਣ ਦੀ ਰਫ਼ਤਾਰ ਤੇਜ਼ ਹੋ ਜਾਂਦੀ।

ਚਪੜਾਸੀ ਚਾਹ ਲੈ ਆਇਆ।

"ਏਦਾਂ ਕਰ ਪਹਿਲਾਂ ਲਾਲਿਆਂ ਨੂੰ ਠੰਡਾ ਪਾਣੀ ਪਿਲਾ—ਅਗੇ ਹੀ ਗਰਮ ਹੋਏ ਆ—ਗਰਮ-ਚਾਹ ਨਾਲ ਤਾਂ ਇਨ੍ਹਾਂ ਹੋਰ ਗਰਮ ਹੋ ਜਾਣਾ।" ਮਿਸਰ ਨੇ ਉਪਰ ਨੂੰ ਮੂੰਹ ਕਰਕੇ ਸਿਗਰੇਟ ਦਾ ਲੰਮਾਂ ਕਸ਼ ਖਿਚ ਕੇ ਧੂੰਆਂ ਛਡਿਆ।

"ਅਸਾਂ ਗਰਮ ਹੋ ਕੇ ਕੇਹੜੀ ਮਾਂ ਕੋਲ ਜਾਣਾ।"

"ਗੱਲ ਸੁਣ ਉਏ—ਮੈਨੂੰ ਤਾਂ ਲੱਗੀ ਆ ਭੁੱਖ—ਤੁਹਾਡੀ ਕਾਵਾਂ ਰੌਲੀ ਨਹੀਂ ਮੁੱਕਦੀ ਲਗਦੀ—ਮੈਨੂੰ ਐਵੇਂ ਸਦ ਲਿਆ—ਪਕੌੜਿਆਂ ਵਾਲਾ ਲਿਫ਼ਾਫ਼ਾ ਕਰ ਉਰੇ।" ਗੁਰਦੇਵ ਸਿੰਘ ਨੇ ਕੁਤਰੀ ਹੋਈ ਦਾਹੜੀ 'ਚ ਉਂਗਲਾਂ ਫੇਰਦਿਆਂ ਕਿਹਾ।

"ਆ ਕੀ ਚੁੱਕ ਲਿਆਇਆ—ਪਿਉ ਆਲਾ ਬੇਸਨ—ਕੋਈ ਮਿੱਠੀ ਚੀਜ਼ ਤਾਂ ਨਾਲ ਲਿਆਉਂਦਾ" ਹਾਕਮ ਸਿੰਘ ਨੇ ਪਕੌੜੇ ਚੁੱਕ ਕੇ ਪਰ੍ਹੇ ਰੱਖ ਦਿੱਤੇ।

ਸੁਭਾਸ਼ ਬਰਫ਼ੀ ਲੈ ਆਇਆ।

"ਚਾਹ ਤਾਂ ਪੀਉ ਜੀ—ਠੰਡੀ ਦਾ ਕੀ ਸਵਾਦ ਰਹਿਣਾ।" ਸੰਤੋ ਰਾਮ ਨੇ ਕੇਤਲੀਆਂ 'ਚੋਂ ਉਡਦੀ ਭਾਫ਼ ਦੀ ਰਫ਼ਤਾਰ ਘਟਦੀ ਵੇਖ ਕਿਹਾ।

"ਚਲੋ ਸਾਢੇ ਬਾਰਾਂ ਸਹੀ"। ਰਾਜੇ ਨੇ ਕੰਮ ਦੀ ਗੱਲ ਤੋਰੀ।

"ਮੈਨੂੰ ਦਸੋ—ਤੁਹਾਨੂੰ ਕੀ ਫ਼ਰਕ ਪੈਂਦਾ" ਮਿਸ਼ਰ ਨੇ ਪ੍ਰਸ਼ਨ ਕੀਤਾ।

"ਸਭ ਕੁਝ ਵੇਖਣਾ ਪੈਂਦਾ।"

"ਵੇਖਣਾ ਪੈਂਦਾ ਮਾਂ ਦਾ ਸਿਰ—ਹੈ ਨਿਕਲਿਆ ਫੇਰ ਬਾਣੀਏ ਦਾ ਪੁੱਤ।"

"ਤੋਲ 'ਚ ਵੀ ਤਾਂ ਤੁਸੀਂ ਫ਼ਰਕ ਪਾ ਜਾਂਦੇ ਆ।"

"ਸ—ਭ—ਚ—ਲ—ਦਾ" ਏ. ਕੇ. ਤਿੰਗੜਾ ਨੇ ਇਕੋ ਵਾਰ ਪੂਰਾ ਗੋਭੀ ਦਾ ਪਕੌੜਾ ਮੂੰਹ 'ਚ ਪਾ ਕੇ ਥਿਥਲਾਉਂਦਿਆਂ ਕਿਹਾ।

"ਹੌਲੀ ਨਹੀਂ ਮਰ ਹੁੰਦਾ ਪੰਡਤਾਂ" ਗੁਰਦੇਵ ਸਿੰਘ ਨੇ ਕਿਹਾ।

"ਆ ਹੀ ਮਹੀਨਾ ਸਾਡਾ, ਫੇਰ ਕਿਸੇ ਪੁਛਣਾ ਸਾਨੂੰ"।

"ਇਹ ਤਾਂ ਗੱਲ ਨਹੀਂ"

"ਨਬੇੜੋ ਯਾਰ ਕੋਈ ਗੱਲ ਵੀ—" ਗੁਰਦੇਵ ਸਿੰਘ ਨੇ ਘੜੀ ਵੇਖ ਕੇ ਕਿਹਾ—ਉਸ ਕਿਧਰੇ ਜਾਣਾ ਸੀ।

"ਸੋਚਾਂਗੇ ਫੇਰ।"

ਪਿਆਰੇ ਲਾਲ, ਸਿੱਧਾ ਰਾਮ ਤੇ ਸੰਤੋ ਰਾਮ ਉਠ ਖੜੇ।

"ਚਲੋ, ਜੇ ਇਕਲੇ-ਇਕਲੇ ਮਿਲਣਾ ਤਾਂ ਤੁਹਾਡੀ ਮਰਜ਼ੀ" ਹਾਕਮ ਸਿੰਘ ਨੇ ਪੈਂਤੜਾ ਬਦਲ ਲਿਆ।

"ਇਕਲੇ-ਇਕਲੇ" ਸ਼ਬਦ ਆੜਤੀਆਂ ਦੇ ਧੁਰ ਅੰਦਰ ਵੱਸ ਗਿਆ ਤੇ ਸਾਰਿਆਂ ਦੇ ਮਨ 'ਚ ਇਕੋ ਵਿਚਾਰ ਭਾਰੂ ਹੋਣ ਲੱਗਾ "ਕਿਧਰੇ ਉਹ ਨਾ ਪਹਿਲਾਂ ਸੈਟ ਕਰ ਲਵੇ" ਕੁਛ ਤਾਂ ਆਪਸੀ ਫੁੱਟ ਦੇ ਮਾਰੂ ਕੁਝ ਵੀ ਮੰਨਣ ਨੂੰ ਤਿਆਰ ਸਨ।

ਸਾਧੋ ਰਾਮ ਨੇ ਸੋਚਿਆ "ਐਂਤਕੀ ਕੰਡੇ ਦਾ ਹੇਰ-ਫ਼ੇਰ ਸਹੀ"—ਪਿਛਲੇ ਸਾਲ ਮਹਿਤਪੁਰ ਵਾਲੇ ਆੜਤੀਏ ਨੇ ਪੂਰੇ ਵੀਹ-ਵੀਹ ਕਿਲੂ ਦੀ ਚੁਕਤਾਈ ਸੀ—ਮਾਰਕਫੈਡ ਵਾਲਿਆਂ ਤੀਹ ਲੈਣੇ ਕੀਤੇ ਸਨ—ਅੱਧੋ-ਅੱਧੀ ਦਾ ਫੇਰ ਵੀ ਫਰਕ—ਕੰਮ ਤਾਂ ਉਦਾਂ ਹੀ ਸੂਤ ਆਉਣਾ ਐਂਤਕੀ—ਜੇ ਕੋਈ ਪੁਛੂ ਤਾਂ ਕਹਿ ਦਊ—ਐਵੇਂ ਤੋਲੀਆਂ ਨੇ ਗ਼ਲਤੀ ਕਰ ਲਈ ਹੋਣੀ ਆਂ—ਦੋ ਚਾਰ ਗਾਲਾਂ ਕੱਢ ਦਊ—ਫੇਰ ਸੌਦਾ ਕੌਣ ਪੁਛੂ—ਨਾਲੇ ਕਾਨਾਂ ਕਿਵੇਂ ਬੋਲੂ।"

ਸਿਧਾ ਰਾਮ ਨੇ ਮਨ ਹੀ ਮਨ 'ਚ ਕਈ ਦਿਨ ਪਹਿਲਾਂ ਹੀ ਸਕੀਮ ਬਣਾ ਲਈ ਸੀ "ਡੇਡ ਰੁਪਿਆ ਆੜਤ ਲੈਂਦੇ ਆ—ਪੰਦਰਾਂ ਜਮਾਂ ਨੌ ਜਮਾਂ ਪੰਜ। ਬਣ ਗਏ ਉਨੱਤੀ। ਬਾਕੀ ਬਚੇ ਇਕ ਯਾਰਾਂ—ਚਲੋ ਚੰਗੇ ਹੀ ਆ—ਪੈਸੇ ਤਾਂ ਵੇਲੇ ਸਿਰ ਮਿਲ ਜਾਂਦੇ—ਪਿਛਲੇ ਸਾਲ ਦੇ ਪੈਸੇ ਸ਼ੈਲਰ ਵਾਲਿਆਂ ਅਜੇ ਤਕ ਨਹੀਂ ਮੋੜੇ ਪਰ੍ਹੂੰ ਪੰਜਾਹ ਹਜ਼ਾਰ ਮਰ ਹੀ ਗਏ—ਨਾ ਕੋਈ ਲਿਖਤ ਨਾ ਕੋਈ ਪੜ੍ਹਤ—ਪੈਸੇ ਤਾਂ ਉਦਾਂ ਹੀ ਬਹੁਤ ਬਣ ਜਾਂਦੇ —ਅੱਧਾ ਮੋਟਾ—ਅੱਧਾ ਪਰਮਲ। ਦਸ ਕੁਅੰਟਲ ਵੀ ਹਲਾਇਆ ਤਾਂ ਸੌ ਤਾਂ ਹੋਜੂ ਦਾ ਕਿਤੇ ਗਿਆ ਨਹੀਂ—ਕੀ ਮਾੜਾ ਸੌਦਾ..."

ਸੁਭਾਸ਼ ਉਂਗਲਾਂ ਤੇ ਹਿਸਾਬ ਕਰਨ ਲੱਗਾ "ਗਿੱਲਾ ਝੋਨਾ ਵੀ ਔਂਦਾ—ਰੇਟ ਹੀ ਬਨ ਲਿਆ ਤਾਂ ਕੀ ਗਿੱਲਾ ਤੇ ਕੀ ਸੁੱਕਾ—ਸਭ ਇਕ ਬਰਾਬਰ—ਜੇ ਬਾਹਲਾ ਗਿੱਲਾ ਹੋਇਆ ਤਾਂ ਦੂਜੀ ਢੇਰੀ 'ਚ ਰਲਾ ਦਿਤਾ—ਜੱਟ ਨੂੰ ਸਮਝਾ ਦਊ—ਐਨੀ ਕੱਟ ਲਗਦੀ ਆ—ਅਗਲਿਆਂ ਨੂੰ ਕੀ ਮਾੜਾ—ਸ਼ੈਲਰ ਵਾਲੇ ਸੌ ਲਾਉਂਦੇ—ਜੇ ਅਗਲੇ ਨੂੰ ਉਪਰ ਪੰਜ ਵੀ ਮਿਲ ਜਾਣ ਤਾਂ ਸੋਨਾ ਹੀ ਆ—ਤੇ ਬਾਕੀ ਆਪਣੇ—ਕੰਮ ਤਾਂ ਸੌਖਾ ਹੀ ਆ।

ਰਾਜਾ ਸਭਨਾਂ ਤੋਂ ਅੱਗੇ ਸੀ "ਜੱਟਾਂ ਦਾ ਕੀ ਆ ਆਉਂਦਿਆਂ ਨੂੰ ਚਾਹ ਦਾ ਗਿਲਾਸ ਮਿਲ ਜਾਵੇ—ਫੇਰ ਭਾਵੇਂ ਸੁਕੀ ਮਾਰੋ ਭਾਵੇਂ ਗਿਲੀ..."

ਦੂਜੇ ਪਾਸੇ ਮਿਸਰ ਤੇ ਗੁਰਦੇਵ ਸਿੰਘ ਆਪਣੇ ਆਪਣੇ ਖਿਆਲ ਲੱਗਾ ਰਹੇ ਸਨ।

"ਏਦੂੰ ਘੱਟ ਨਾ ਮੰਨੀ"

"ਸੁਆਲ ਹੀ ਨਹੀਂ ਪੈਦਾ ਹੁੰਦਾ"

"ਉਂਝ ਬਾਣੀਆਂ ਦਾ ਪੁੱਤ ਕੇਹੜਾ ਕੱਟਾ ਸੌਖਾ"

"ਨੱਥ ਤਾਂ ਮੇਰੇ ਹੱਥ 'ਚ ਹੀ ਆ"

"ਏ ਸੂਤ ਵੀ ਇੰਝ ਹੀ ਔਂਦੇ"

"ਫੇਰ ਤਾਂ ਸੌਰੂ ਪਛਾਣਦੇ ਵੀ ਨਹੀਂ"

"ਚਲੋ ਚੌਦਾਂ ਸੀ" ਇਕੋ ਵਾਰ ਆੜਤੀਏ ਬੋਲੇ।

"ਦੇਖ ਲਓ"

"ਤੁਹਾਡੇ ਨਾਲ ਹੀ ਹਾਂ"

"ਚਲੋ ਸਾਢੇ ਚੌਦਾਂ ਸਹੀ" ਏ. ਕੇ ਤਿੰਗੜਾ ਨੇ ਗੱਲ ਮੁਕਾਈ

"ਸਾਨੂੰ ਮੰਜ਼ੂਰ ਆ"

ਆੜਤੀਏ ਬੋਲੇ

"ਲਾਲਾ ਜੀ-ਜਦ ਮੰਡੀ 'ਚ ਰੌਲਾ ਪੈਂਦੇ ਆ", ਇਕ ਮੁਨੀਮ ਦੌੜਿਆ-2 ਆਇਆ

"ਚਲੋ ਬਈ ਹੁਣ ਮੰਡੀ ਨੂੰ"

ਹਜੂਮ ਮੰਡੀ ਨੂੰ ਤੁਰ ਪਿਆ।

ਬੋਲੀ ਸ਼ੁਰੂ ਹੋ ਗਈ। ਮਿਸਰ ਢੇਹੀ 'ਚ ਬਾਂਹ ਪਾਉਂਦਾ। ਇਕ ਦਾਣਾ ਮੂੰਹ 'ਚ ਪਾਉਂਦਾ ਤੇ ਕਹਿੰਦਾ" ਲਿਖ ਲਓ ਬਈ-ਇਕ ਤੇਰਾਂ ਇਕ ਵੀਹ ਪੰਜਾਹ"

ਜੱਟ ਖੁਸ਼ ਸਨ-ਉਨ੍ਹਾਂ ਦਾ ਮਾਲ ਵਿਕ ਰਿਹਾ ਸੀ। ਆੜਤੀਏ ਖੁਸ਼ ਸਨ ਤੇ ਨਾਲ ਹੀ ਮੁਲਾਜ਼ਮ। ਉਨ੍ਹਾਂ ਨੂੰ ਸਾਲ ਦੀ ਕਮਾਈ ਹੋ ਰਹੀ ਸੀ। ਲੁੱਟ ਕਿਸ ਦੀ ਸੀ-ਇਸ ਦੀ ਕਿਸੇ ਨੂੰ ਕੋਈ ਖ਼ਬਰ ਨਹੀਂ ਸੀ।

00 00

ਕਹਾਣੀ—

# ਤਹਿਖ਼ਾਨੇ 'ਚ ਰਹਿੰਦੇ ਲੋਕ

o

ਰਾਜਿੰਦਰ ਬਿਮਲ

ਇਹ ਲੋਕ ਕਈਆਂ ਹੀ ਪੀੜ੍ਹੀਆਂ ਤੋਂ ਇਸੇ ਹੀ ਤਹਿਖ਼ਾਨੇ ਵਿਚ ਰਹਿੰਦੇ ਆ ਰਹੇ ਹਨ। ਉਦੋਂ ਤੋਂ, ਜਦੋਂ ਤੋਂ ਕੁਝ ਲੋਕਾਂ ਨੇ ਸੂਰਜ ਨੂੰ ਆਪਣੇ ਕਬਜ਼ੇ ਵਿੱਚ ਕਰ ਲਿਆ ਸੀ। ਇਨ੍ਹਾਂ ਲੋਕਾਂ ਦਾ ਕੰਮ ਰਾਜੇ ਦੇ ਮਹਿਲਾਂ ਤੱਕ ਚਾਨਣ ਪੁਚਾਣਾ ਹੈ। ਇਨ੍ਹਾਂ ਦੇ ਆਪਣੇ ਹਿੱਸੇ ਤਾਂ ਸਿਰਫ ਹਨੇਰਾ ਢੋਵਾ ਹੀ ਆਇਆ ਹੈ। ਸਵੇਰ ਤੋਂ ਸ਼ਾਮ ਤਾਈਂ ਇਹ ਸਾਰੇ ਲੋਕ ਸੂਰਜ ਨੂੰ ਖਿੱਚ ਕੇ ਮਹਿੱਲਾਂ ਤੱਕ ਲਿਆਉਂਦੇ ਹਨ; ਸ਼ਾਮ ਨੂੰ ਹਾਰ-ਹੁੱਟ ਕੇ ਮੰਜੀਆਂ 'ਤੇ ਢੇਰੀ ਹੋ ਜਾਂਦੇ ਹਨ। ਸਵੇਰ ਨੂੰ ਜਦੋਂ ਇਨ੍ਹਾਂ ਦੀ ਅੱਖ ਖੁਲ੍ਹਦੀ ਹੈ ਤਾਂ ਇਹ ਸੂਰਜ ਨੂੰ ਅਲੋਪ ਹੋਇਆ ਤੱਕਦੇ ਹਨ। ਅਗਲੇ ਦਿਨ ਫਿਰ ਇਹ ਸਾਰੇ ਸੂਰਜ ਦੀ ਭਾਲ ਕਰਨ ਤੁਰ ਜਾਂਦੇ ਹਨ। ਇਹ ਹੀ ਇਨ੍ਹਾਂ ਦਾ ਨਿੱਤਾ-ਪ੍ਰਤੀ ਦਾ ਕੰਮ ਹੈ।

ਇੱਕ ਦਿਨ ਇੱਕ ਆਦਮੀ ਲੋਕਾਂ ਦੇ ਇਸ ਹਜੂਮ ਨੂੰ ਤਰਸ-ਭਰੀਆਂ ਨਜ਼ਰਾਂ ਨਾਲ ਦੇਖਣ ਲੱਗਾ। ਉਸ ਦੇ ਬੋਲ ਫ਼ਿਜ਼ਾਂ ਵਿਚ ਗੂੰਜਣ ਲੱਗੇ, "ਆਪਣੇ ਤੋਂ ਉੱਪਰ ਵੀ ਇਕ ਧਰਤੀ ਹੈ।"

ਇਹ ਅਧੂਰੇ ਬੋਲ ਅਜੇ ਮਹਿਲਾਂ ਤੱਕ ਪਹੁੰਚੇ ਹੀ ਸਨ ਰਾਜੇ ਦੇ ਮਹਿਲ ਦੀਆਂ ਦੀਵਾਰਾਂ ਡੋਲਣ ਲੱਗ ਪਈਆਂ। ਰਾਜੇ ਨੇ ਆਪਣੇ ਮਹਿਲ ਦੀਆਂ ਡੋਲ੍ਹਦੀਆਂ ਦੀਵਾਰਾਂ ਨੂੰ ਸਥਿਰ ਕਰਨ ਲਈ ਉਸ ਆਦਮੀ ਨੂੰ 'ਸਜ਼ਾ-ਏ-ਮੌਤ' ਦਾ ਹੁਕਮ ਦੇ ਦਿੱਤਾ। ਸ਼ਹਿਰ ਦੇ ਚੌਰਾਹੇ ਵਿਚ ਇਕ ਸਲੀਬ ਗੱਡ ਕੇ ਉਸ ਆਦਮੀ ਨੂੰ ਸਲੀਬ 'ਤੇ ਟੰਗਿਆ ਗਿਆ। ਲੋਕ ਉਸ ਦੀ ਦਰਦਨਾਕ ਮੌਤ 'ਤੇ 'ਤਰਾਸ-ਤਰਾਸ' ਕਰ ਉੱਠੇ।

ਫਿਰ ਹਰ ਚੌਂਕ ਵਿਚ ਇੱਕ ਇੱਕ ਸਲੀਬ ਗੱਡ ਦਿੱਤੀ ਗਈ ਤਾਂ ਜੋ ਲੋਕਾਂ ਨੂੰ ਪਤਾ ਲੱਗ ਸਕੇ ਕਿ ਸੱਚ ਬੋਲਣ ਦੀ ਸਜ਼ਾ ਇਹ ਹੈ। ਸਾਰੇ ਮਾਹੌਲ ਵਿੱਚ ਇੱਕ ਸਹਿਮ ਫੈਲ ਗਿਆ। ਲੋਕ ਉਨ੍ਹਾਂ ਸਲੀਬਾਂ ਤੋਂ ਏਨਾ ਡਰ ਗਏ ਕਿ ਉਹ ਆਪਣੇ ਆਪਣੇ ਘਰਾਂ ਵਿੱਚ ਜਾ ਲੁਕੇ।

ਰਾਜੇ ਸਾਮ੍ਹਣੇ ਇਕ ਹੋਰ ਸਮੱਸਿਆ ਆ ਖੜ੍ਹੀ ਹੋਈ। ਦੂਜੇ ਰਾਜੇ ਉਸ ਦੀ ਡਰਪੋਕ ਪਰਜਾ ਦੇਖ ਕੇ ਉਸ 'ਤੇ ਧਾਵਾ ਬੋਲਣ ਦੀਆਂ ਸਾਜ਼ਿਸ਼ਾਂ ਰਚਣ ਲੱਗੇ। ਰਾਜੇ ਨੂੰ ਇਸ ਸਮੱਸਿਆ ਦਾ ਕੋਈ ਵੀ ਹੱਲ ਨਹੀਂ ਸੀ ਲੱਭ ਰਿਹਾ।

ਇੱਕ ਦਿਨ ਲੋਕਾਂ ਨੇ ਸ਼ਹਿਰ ਦੇ ਸਭ ਤੋਂ ਚਲਾਕ ਆਦਮੀ ਨੂੰ ਮਹਿਲਾਂ ਵਿਚ ਵੜਦਿਆਂ ਵੇਖਿਆਂ। ਜਦੋਂ ਉਹ ਬਾਹਰ ਨਿਕਲਿਆ ਤਾਂ ਉਸ ਦੇ ਮੱਥੇ 'ਤੇ ਤਿਲਕ ਲੱਗਿਆ ਹੋਇਆ ਸੀ ਤੇ ਉਸ ਦੇ ਹੱਥ ਵਿਚ ਇਕ ਵੱਡੀ ਸਾਰੀ ਪੋਥੀ ਸੀ।

ਰਾਜਾ ਬੜੀ ਸ਼ਰਧਾ ਨਾਲ ਉਸ 'ਮਹਾਨ-ਆਦਮੀ' ਨੂੰ ਲੋਕਾਂ ਨਾਲ ਮਿਲਾਉਣ ਆਇਆ। ਸਾਰੇ ਲੋਕ ਮਹਿਲ ਸਾਹਮਣੇ ਇਕੱਠੇ ਹੋ ਗਏ। ਉਸ 'ਮਹਾਨ ਆਦਮੀ' ਨੇ ਸਾਰੇ ਲੋਕਾਂ ਸਾਹਮਣੇ ਰਾਜੇ ਨੂੰ ਕਿਹਾ ਕਿ ਸਾਰੀਆਂ ਸਲੀਬਾਂ ਪੁਟਾ ਲਈਆਂ ਜਾਣ। ਰਾਜੇ ਨੇ ਸਾਰੀਆਂ ਸਲੀਬਾਂ ਪੁਟਾ ਲਈਆਂ।

ਸਾਰੇ ਲੋਕਾਂ ਨੇ ਦੇਖਿਆ ਕਿ ਰਾਜਾ ਉਸ 'ਮਹਾਨ ਆਦਮੀ' ਦੇ ਚਰਨੀਂ ਪੈ ਗਿਆ। ਵੇਖਦਿਆਂ ਹੀ ਵੇਖਦਿਆਂ ਸਾਰੇ ਲੋਕ ਉਸ ਦੀ ਚਰਨ-ਧੂੜ ਨੂੰ ਆਪਣਿਆਂ ਮੱਥਿਆਂ 'ਤੇ ਲਾਉਣ ਲੱਗੇ। ਉਸ 'ਮਹਾਨ ਆਦਮੀ' ਨੇ ਲੋਕਾਂ ਨੂੰ ਪਾਪ-ਪੁੰਨ ਤੇ ਸੱਚ ਝੂਠ ਬਾਰੇ ਬੜੇ ਲੰਮੇ ਲੰਮੇ ਵਿਖਿਆਨ ਦਿੱਤੇ। ਲੋਕ ਉਸ ਦੀ ਹਰ ਗੱਲ ਨੂੰ 'ਇਲਹਾਮ' ਸਮਝ ਕੇ ਮੰਨਣ ਲੱਗ ਪਏ।

ਫਿਰ ਸਮੇਂ ਨੇ ਕਰਵਟ ਬਦਲੀ। ਭਾਵੇਂ ਹੁਣ ਸਲੀਬਾਂ ਪੁਟਾ ਲਈਆਂ ਗਈਆਂ ਸਨ, ਪਰ ਉਨ੍ਹਾਂ ਦੇ ਨਿਸ਼ਾਨ ਅਜੇ ਵੀ ਉਂਜ-ਦੇ-ਉਂਜ ਹੀ ਸਨ। ਕੁਝ ਨੌਜਵਾਨ ਉਨ੍ਹਾਂ ਨਿਸ਼ਾਨਾਂ ਨੂੰ ਬੜੀ ਨੀਝ ਨਾਲ ਦੇਖ ਰਹੇ ਸਨ।

"ਇਹ ਨਿਸ਼ਾਨ ਉਨ੍ਹਾਂ ਸਲੀਬਾਂ ਦੇ ਨੇ ਜੋ ਤੁਹਾਡੇ ਪਿਤਾ-ਪੁਰਖਾਂ ਲਈ ਬਣਾਈਆਂ ਗਈਆਂ ਸਨ।" ਇਤਿਹਾਸ ਉਨ੍ਹਾਂ ਵੱਲ ਆਸ-ਭਰੀਆਂ ਨਜ਼ਰਾਂ ਨਾਲ ਤੱਕਦਾ ਉਨ੍ਹਾਂ ਨੂੰ ਆਖ ਰਿਹਾ ਸੀ।

"ਤੇ ਆਹ ਸਲੀਬ ਕੇਹੀ ਏ?" ਨੌਜਵਾਨਾਂ ਨੇ ਵੱਡੀ ਸਲੀਬ ਜਿਸ 'ਤੇ ਇਕ ਆਦਮੀ ਲਟਕ ਰਿਹਾ ਸੀ, ਜਿਸ ਦੇ ਮੱਥੇ 'ਚੋਂ ਚਾਨਣ ਡੁਲ੍ਹ ਡੁਲ੍ਹ ਪੈ ਰਿਹਾ ਸੀ— ਨੂੰ ਵੇਖਦਿਆਂ ਪੁਛਿਆ।

"ਇਹ ਸਲੀਬ ਉਸ ਸਖ਼ਸ਼ ਦੀ ਏ ਜਿਨ੍ਹੇ ਲੋਕਾਂ ਨੂੰ ਇਹ ਦੱਸਣ ਦੀ ਕੋਸ਼ਿਸ਼ ਕੀਤੀ ਸੀ ਕਿ ਆਪਣੇ ਤੋਂ ਉੱਪਰ ਵੀ ਇਕ ਧਰਤੀ ਏ।"

"ਸੱਚ?"

"ਹਾਂ" ਕਹਿ ਕੇ ਇਤਿਹਾਸ ਅਲੋਪ ਹੋ ਗਿਆ। ਇਸ ਤੋਂ ਵੱਧ ਇਤਿਹਾਸ ਕੁਝ ਜਾਣਦਾ ਵੀ ਨਹੀਂ ਸੀ ਕਿਉਂਕਿ ਉਸ ਤੋਂ ਬਾਅਦ ਕੋਈ ਵੀ ਇਸ ਤੋਂ ਵੱਡੀ ਸਲੀਬ ਚੌਰਾਹੇ ਵਿਚ ਨਹੀਂ ਸੀ ਗੱਡੀ ਗਈ।

ਉਨ੍ਹਾਂ ਨੌਜਵਾਨਾਂ ਨੇ ਸਲੀਬ ਸਾਮ੍ਹਣੇ ਖੜ੍ਹ ਕੇ ਪ੍ਰਤਿਗਿਆ ਕੀਤੀ ਕਿ ਉਹ ਉਸ ਧਰਤੀ 'ਤੇ ਜ਼ਰੂਰ

ਪਹੁੰਚਣਗੇ ਜਿਸ ਦੀ ਸਲੀਬ ਵਾਲੇ ਮਨੁੱਖ ਨੇ ਖੋਜ ਕੀਤੀ ਸੀ।

ਉਹ ਨੌਜਵਾਨ ਸੱਚ ਦੀ ਖੋਜ ਵਿਚ ਨਿਕਲ ਤੁਰੇ।

ਜਦੋਂ ਉਹ ਵਾਪਸ ਮੁੜੇ ਤਾਂ ਉਨ੍ਹਾਂ ਦੇ ਮੱਥਿਆਂ 'ਤੇ ਇਹ ਇਬਾਰਤ ਲਿਖੀ ਹੋਈ ਸੀ ਕਿ ਉਹ ਸਲੀਬ ਵਾਲਾ ਮਨੁੱਖ ਸੱਚ ਹੀ ਕਹਿੰਦਾ ਸੀ ਕਿ ਸਾਡੇ ਤੋਂ ਉਪਰ ਵੀ ਇਕ ਧਰਤੀ ਏ! ਉਹ ਤਾਂ ਇਹ ਵੀ ਕਹਿ ਰਹੇ ਸਨ "ਉਥੇ ਸੂਰਜ ਸਥਾਈ ਤੌਰ 'ਤੇ ਲੋਕਾਂ ਦਾ ਹੈ।"

ਇਹ ਸੁਣਕੇ ਸੂਰਜ ਵਾਲਿਆਂ ਦੇ ਰੋਹ ਦੂਣੇ ਚੌਣੇ ਹੋ ਗਏ।

ਲੋਕਾਂ ਨੂੰ ਉਹਨਾਂ ਨੌਜਵਾਨਾਂ ਦੀਆਂ ਗੱਲਾਂ ਜਾਪ ਰਹੀਆਂ ਸਨ। ਉਹ ਇਨ੍ਹਾਂ ਲੋਕਾਂ ਨੂੰ ਇਸ ਤਹਿਖ਼ਾਨੇ— ਜਿਸ ਵਿਚ ਚਾਰੇ ਪਾਸੇ ਹਨੇਰਾ ਹੀ ਹਨੇਰਾ ਸੀ—'ਚੋਂ ਕੱਢਣਾ ਚਾਹੁੰਦੇ ਸਨ।

ਕੁਝ ਦਿਨਾਂ ਬਾਅਦ ਸੂਰਜ ਵਾਲਿਆਂ ਨੇ ਸੂਰਜ ਦੀ ਤਲਾਸ਼ ਵਿਚ ਨਿੱਕਲੇ ਨੌਜਵਾਨਾ ਨੂੰ ਪਤਾ ਨਹੀਂ ਕਿਥੇ ਖਪਾ ਦਿੱਤਾ।

ਲੋਕਾਂ ਨੂੰ ਇਸ ਸੱਚਾਈ ਦਾ ਪਤਾ ਲੱਗ ਗਿਆ ਸੀ ਕਿ ਇਹ ਤਹਿਖ਼ਾਨੇ 'ਚੋਂ ਇਕੱਲਾ ਇਕੱਲਾ ਕਰਕੇ ਨਹੀਂ ਨਿਕਲਿਆ ਜਾ ਸਕਦਾ, ਇਸ ਲਈ ਬੜੇ ਵੱਡੇ ਕਾਫਲੇ ਬਣਾਉਣ ਦੀ ਲੋੜ ਹੈ। ਲੋਕਾਂ ਨੇ ਇਕ ਮੁੱਠ ਹੋਣਾ ਸ਼ੁਰੂ ਕਰ ਦਿੱਤਾ।

ਸੂਰਜ ਵਾਲੇ ਨਹੀਂ ਸਨ ਚਾਹੁੰਦੇ ਕਿ ਸੂਰਜ ਲੋਕਾਂ ਦਾ ਹੋ ਜਾਵੇ। ਉਨ੍ਹਾਂ ਨੇ ਉੱਨੀ ਮਹੀਨੇ ਸੂਰਜ ਨੂੰ ਪਤਾ ਨਹੀਂ ਕਿਹੜੀ ਅੰਨ੍ਹੇਰੀ ਗੁਫ਼ਾ ਵਿੱਚ ਅਲੋਪ ਕਰ ਦਿੱਤਾ।

ਚਾਰੇ ਪਾਸੇ ਹਨੇਰਾ ਫੈਲ ਗਿਆ। ਹੱਥ ਮਾਰਿਆਂ ਹੱਥ ਨਹੀਂ ਸੀ ਦੀਹਦਾ, ਪੈਰ ਮਾਰਿਆਂ ਪੈਰ! ਲੋਕ ਹਨੇਰੇ ਵਿਚ ਭਟਕ ਰਹੇ ਸਨ। ਉਨ੍ਹਾਂ ਲੋਕਾਂ ਵਿੱਚੋਂ ਇੱਕ ਆਵਾਜ਼ ਬੁਲੰਦ ਹੋਈ "ਇਹ ਸੂਰਜ" ਇਹ ਵਾਕ ਅਧੂਰਾ ਹੀ ਰਹਿ ਗਿਆ, ਕਿਉਂਕਿ ਇਕ ਗੋਲੀ ਨੇ ਇਸ ਆਵਾਜ਼ ਨੂੰ ਸੰਘ ਦੇ ਵਿੱਚ ਹੀ ਗਰਕ ਕਰ ਦਿੱਤਾ।

ਲੋਕ ਇਸ 'ਵਾਕ' ਨੂੰ ਪੂਰਾ ਕਰਨਾ ਚਾਹੁੰਦੇ ਸਨ। ਇਕ ਦਿਨ ਫਿਰ ਇਕ ਹੋਰ ਆਵਾਜ਼ ਬੁਲੰਦ ਹੋਈ "ਸਾਡਾ ਹੈ" ਭਾਵੇਂ ਇਹ ਵੀ ਆਵਾਜ਼ ਗੋਲੀ ਨੇ ਖ਼ਤਮ ਕਰ ਦਿੱਤੀ ਸੀ, ਪਰ ਉਹ ਅਧੂਰਾ ਵਾਕ ਪੂਰਾ ਜ਼ਰੂਰ ਹੋ ਗਿਆ ਸੀ—

"ਇਹ ਸੂਰਜ ਸਾਡਾ ਹੈ"

ਇਹ ਆਵਾਜ਼ ਐਨੀ ਜ਼ਿਆਦਾ ਬੁਲੰਦ ਹੋਈ ਕਿ ਸੂਰਜ ਵਾਲਿਆਂ ਦੇ ਕੰਨਾਂ ਦੇ ਪਰਦਿਆਂ ਨੂੰ ਚੀਰਦੀ ਹੋਈ ਉਨ੍ਹਾਂ ਦੇ ਦਿਮਾਗ ਵਿਚ ਪਹੁੰਚ ਗਈ। ਉਨ੍ਹਾਂ ਨੂੰ ਇਸ ਆਵਾਜ ਦੇ ਅਰਥਾਂ ਦਾ ਪਤਾ ਲੱਗ ਗਿਆ ਸੀ। ਉਨ੍ਹਾਂ ਨੇ ਇਸ ਆਵਾਜ਼ ਨੂੰ ਖ਼ਤਮ ਕਰਨ ਲਈ ਲੋਕਾਂ 'ਤੇ ਤਰ੍ਹਾਂ ਤਰ੍ਹਾਂ ਦੇ ਅੱਤਿਆਚਾਰ ਕਰਨੇ ਸ਼ੁਰੂ ਕਰ ਦਿੱਤੇ; ਪਰ ਲੋਕਾਂ ਦਾ ਕਾਫਲਾ ਏਨਾ ਵਧ ਗਿਆ ਕਿ ਉਨ੍ਹਾਂ ਨੂੰ ਰੋਕਣਾ ਔਖਾ ਹੋ ਗਿਆ।

ਉਨ੍ਹਾਂ ਨੇ ਲੋਕਾਂ ਦੇ ਇਸ ਵਧਦੇ ਕਾਫਲੇ ਨੂੰ ਠੱਲ੍ਹ ਪਾਉਣ ਲਈ ਸੂਰਜ ਦੀ ਪਕੜ ਨੂੰ ਥੋੜ੍ਹਾ ਜਿਹਾ ਢਿੱਲਾ ਕਰ ਦਿੱਤਾ; ਪਰ ਉਸ ਦੀ ਰੋਸ਼ਨੀ ਅਜੇ ਵੀ ਸਹੀ ਲੋਕਾਂ ਤੱਕ ਨਹੀਂ ਸੀ ਅੱਪੜ ਰਹੀ।

ਇਤਿਹਾਸ ਲੋਕਾਂ ਨੂੰ ਦੱਸ ਰਿਹਾ ਹੈ ਕਿ ਜਦੋਂ ਸੂਰਜ 'ਕੁਝ ਲੋਕਾਂ' ਦਾ ਹੋਵੇ ਤਾਂ ਇਸ ਤੋਂ ਅਗਲਾ ਪੜਾਅ ਸੂਰਜ ਸਭ ਲਈ 'ਸਾਂਝਾ' ਹੋਣ ਦਾ ਹੈ।

ਇਤਿਹਾਸ ਉਨ੍ਹਾਂ 'ਕੁਝ ਲੋਕਾਂ' ਵੱਲ ਵੀ ਬੜੀਆਂ ਕੌੜੀਆਂ ਨਜ਼ਰਾਂ ਨਾਲ ਦੇਖ ਰਿਹਾ ਹੈ, ਜੋ ਸੂਰਜ ਨੂੰ ਸਦੀਵੀ ਤੌਰ ਤੇ ਆਪਣਾ ਸਮਝ ਰਹੇ ਹਨ।

o

---

'ਕਵਿਤਾਵਾਂ

## ਯਾਰਦੀ ਗਲੀ ਤੇ ਗੈਰਹਾਜ਼ਰ ਤਲੀਆਂ

o

ਜਗਰੂਪ ਸਿੰਘ ਰੂਪ

ਉਂਜ ਤਾਂ
ਮੇਰੇ ਘਰਦੀ
ਹਰ ਦਰੋਦੀਵਾਰ 'ਤੇ
ਉੱਕਰਿਐ ਹੋਇਐ
ਤੇਰੀ ਗਲੀ ਦਾ
ਸਰਲ ਜਿਹਾ ਸਰਨਾਵਾਂ।
ਮੋਢਿਆਂ ਉੱਤੇ ਵੀ
ਟਿਕੀ ਹੋਈ ਹੈ
ਸਿਰ ਵਰਗੀ ਕੋਈ ਸ਼ੈਅ
ਤੇ ਸਫਰ ਵੀ
ਕੋਈ ਬਹੁਤਾ ਲੰਮਾ ਨਹੀਂ।
ਬੱਸ ਪੁੱਟਣਾ ਪੈਣਾ ਹੈ
ਆਪਣੀ ਗੁੰਮਸ਼ੁਦਾ ਸਰਦਲ ਤੋਂ
ਤੇਰੀਆਂ ਬਰੂਹਾਂ ਤੱਕ
ਇੱਕ ਸਿਰੜੀ ਜਿਹਾ ਕਦਮ
ਪਰ ਉਹਨਾਂ
ਗੈਰ ਹਾਜ਼ਰ ਤਲੀਆਂ ਨੂੰ,
ਦੇਣੀ ਸੀ ਜਿਨ੍ਹਾਂ
ਮੇਰੇ ਕੱਟੇ ਹੋਏ ਸੀਸ ਨੂੰ
ਸਾਰਥਿਕ ਜਿਹੀ ਓਟ
ਕਿੰਜ ਕਰਾਂ
ਤੇਰੀ ਕ੍ਰਿਸ਼ਮੇ ਵਰਗੀ

ਹੋਂਦ ਦੇ ਸਨਮੁੱਖ
ਕਿਉਂਕਿ
ਮੇਰੀ ਇੱਕ ਤਲੀ ਤਾਂ
ਹੋ ਚੁੱਕੀ ਹੈ ਗਿਰਵੀ
ਸ਼ਾਹੂਕਾਰ ਦੀ ਵਹੀ 'ਚ
ਢਿੱਡ ਦੀ ਸਲਾਮਤੀ ਦੇ ਨਾਂ
ਤੇ ਦੂਸਰੀ
ਪੰਜ ਵਰ੍ਹਿਆਂ ਲਈ
ਖੁੱਲ੍ਹੇ ਆਮ ਨਿਲਾਮ
ਦੇਸ਼ ਦੀ
ਸਲਾਮਤੀ ਦੇ ਨਾਂ।
ਉਂਜ ਤਲੀ ਵਿਹੂਣਾ
ਸਿਰ ਹਾਜ਼ਿਰ ਹੈ
ਪਰ ਜਿਸ ਲਈ ਤੈਨੂੰ
ਖ਼ੁਦ ਹੀ ਕਰਨਾ ਪਵੇਗਾ
"ਉਲਟੇ ਬਾਂਸ ਬਰੇਲੀ ਨੂੰ" ਵਰਗਾ
ਆਪਣੀ ਗਲੀ ਤੋਂ
ਮੇਰੀ ਝੁੱਗੀ ਤੱਕਦਾ
ਅਣਚਾਹਿਆ ਜਿਹਾ ਸਫ਼ਰ
ਕਿਉਂਕਿ ਮੈਨੂੰ ਤਾਂ
ਊਬ ਵਜੂਦ ਲੈਕੇ ਤੁਰਦਿਆਂ
ਆਉਂਦੀ ਹੈ
ਅਣਿਆਈ ਮੌਤ ਵਰਗੀ
ਡਾਢੀ ਜਿਹੀ ਸ਼ਰਮ
ਉਂਜ !
ਤਲੀ ਵਿਹੂਣਾ ਸਿਰ
ਜਦੋਂ ਵੀ ਚਾਹੇਂ ਹਾਜ਼ਰ ਹੈ।
o

## ਆਉਣ ਵਾਲੇ ਪਲਾਂ ਦਾ ਦੁਖਾਂਤ
o
ਸੁਰਿੰਦਰ ਚਾਹਲ

ਅਸਮਾਨ ਤੇ ਕਾਲੇ ਬੱਦਲਾਂ ਦਾ ਛਾਉਣਾ
ਬਿਜਲੀ ਦੀ ਗੜਗੜਾਹਟ
ਤੇ ਮੋਰਾਂ ਦੀਆਂ ਦਿਲ ਟੁੰਬਵੀਆਂ ਆਵਾਜ਼ਾਂ
ਕਿਸੇ ਆਉਣ ਵਾਲੇ ਝੱਖੜ ਦੀ ਨਿਸ਼ਾਨੀ ਹੁੰਦਾ ਹੈ।
ਰਾਤ ਨੂੰ ਕੁੱਤਿਆਂ ਦੀਆਂ ਹੂਕਾਂ
ਸ਼ਾਂਤ ਫਿਜ਼ਾ ਨੂੰ ਚੀਰਦੀਆਂ ਗਿੱਦੜਾਂ ਦੀਆਂ ਚੀਕਾਂ
ਤੇ ਬਿੱਲ ਬਤੌਰੀ ਦੀਆਂ ਡਰਾਉਣੀਆਂ ਆਵਾਜ਼ਾਂ
ਦਾਦੀ ਮਾਂ ਦੇ ਦੱਸਣ ਮੁਤਾਬਕ
ਕਿਸੇ ਅਰਥੀ ਉੱਠਣ ਦੀ ਨਿਸ਼ਾਨੀ ਹੁੰਦੀ ਹੈ।

ਇੰਦਰਾ ਦਾ ਮਿੱਤਰ ਦੇਸ਼ਾਂ ਦਾ ਦੌਰਾ
ਅਕਾਸ਼ਬਾਣੀ ਦਾ 'ਜ਼ਿਆ' ਪ੍ਰਤੀ 'ਤਪਸਰਾ'
ਰੰਗ਼ੇ ਦਾ ਕਾਰਟੂਨ
"ਜਨਰਲ ਜ਼ਿਆ ਦੀ ਤੋਪ ਦੁਆਰਾ
ਅਮਨ ਦੀ ਘੁੱਗੀ ਦਾ ਫੁੰਡੇ ਜਾਣਾ।"
ਗ੍ਰਿਹ ਮੰਤਰੀ ਦਾ ਵਾਰ ਵਾਰ ਕਹਿਣਾ
ਦੇਸ਼ ਦੇ ਹਾਲਾਤ ਨੂੰ ਬਾਹਰੀ ਖ਼ਤਰਾ
ਪਾਕਿਸਤਾਨ ਨੂੰ ਐਫ.-16 ਦੀ ਸਪਲਾਈ
ਤੇ ਇੰਦਰਾ ਦਾ 'ਮਿਰਾਜ' ਖਰੀਦਣ ਲਈ
ਫਰਾਂਸ ਦਾ ਦੌਰਾ...
ਇਸ ਤੋਂ ਵੀ ਵੱਧ...ਬਹੁਤ ਕੁੱਝ ਹੋਰ
ਕਿਸੇ ਹੋਣੀ ਦਾ ਪ੍ਰਤੀਕ ਹੈ
ਕੀ ਤੁਸੀਂ ਇਸ ਬਾਰੇ ਕਦੇ ਸੋਚਿਆ ਹੈ ?
ਇਸ ਤੋਂ ਪਹਿਲਾਂ ਕਿ ਕੋਈ ਜੁਵਾਬ
ਤੁਹਾਡੇ ਮੂੰਹ ਵਿੱਚ ਨਿਕਲੇ
ਦੇਸ਼ ਵਿੱਚ 'ਰਾਸ਼ਟਰਪਤੀ ਰਾਜ' ਦਾ ਐਲਾਨ ਹੋ ਚੁੱਕਾ ਹੋਵੇਗਾ
ਸ਼ਹਿਰਾਂ ਤੇ ਪਿੰਡਾਂ ਵਿਚ ਬਲੈਕ ਆਉਟ ਦਾ ਸਾਇਰਨ ਵੱਜੇਗਾ
ਲੋਕਾਂ ਤੇ ਪ੍ਰੈਸ ਦੀ ਜ਼ੁਬਾਨ ਤੇ ਜੰਦਰਾ ਲੱਗੇਗਾ
ਸਰਹੱਦਾਂ ਤੇ ਲਾਸ਼ਾਂ ਵਿੱਛਣਗੀਆਂ
ਇੱਕ ਤੋਂ ਬਾਅਦ ਇੱਕ
ਤੇ ਇਸ ਤੋਂ ਬਾਂਅਦ...
ਕੋਈ ਭੈਣ
ਆਪਣੇ ਵੀਰੇ ਦੀ
ਰੱਖੜੀ ਬੰਨਣ ਵਾਲੀ ਕਲਾਈ
ਸਦਾ ਲਈ ਗੁਆ ਚੁੱਕੀ ਹੋਵੇਗੀ
ਕਿਸੇ ਨਵ-ਵਿਆਹੀ ਦਾ
ਸੁਹਾਗ ਰਾਤ ਦਾ ਸੁਪਨਾ
ਸਦਾ ਲਈ ਇੱਕ
ਸੁਪਨਾ ਬਣ ਕੇ ਰਹਿ ਜਾਵੇਗਾ
ਕਿਸੇ ਮਾਂ ਦੀ ਮਮਤਾ
ਆਪਣੇ ਕਲੇਜੇ ਦੇ ਟੁਕੜੇ ਨੂੰ
ਮੁੜ ਚੁੰਮਣ ਤੋਂ ਵਾਂਝੀ ਹੋ ਜਾਵੇਗੀ
ਕਿਸੇ ਬੁਢੇ ਦੀ ਡੰਗੋਰੀ
'ਤਾਅੜ' ਕਰਦੀ ਸਦਾ ਲਈ ਟੁੱਟ ਜਾਵੇਗੀ
ਲੱਖਾਂ ਹੀ ਬੱਚਿਆਂ ਲਈ
ਉਹਨਾਂ ਦੇ 'ਬਾਪੂਆਂ' ਦੀਆਂ ਸ਼ਕਲਾਂ
ਕਿਸੇ ਪਰੀ ਦੇਸ਼ ਦੀ ਕਹਾਣੀ ਵਾਂਗ
ਸਿਰਫ ਕਲਪਨਾ ਬਣ ਕੇ ਰਹਿ ਜਾਣਗੀਆਂ
ਉਹ ਨੌਜਵਾਨ ਜੋ ਕਦੇ ਛਿੰਜਾਂ ਦੀ ਸ਼ਾਨ ਹੁੰਦੇ ਸਨ
ਲੱਤਾਂ ਬਾਹਵਾਂ ਕੱਟਵਾ ਕੇ ਮੰਜੀਆਂ 'ਚ
ਮਾਸ ਦੇ ਲੋਥੜੇ ਬਣਕੇ ਰਹਿ ਜਾਣਗੇ।
ਤੇ ਉਹ ਅੱਖਾਂ

ਜੋ ਕਦੇ ਸੁਰਮੇ ਦੀ ਧਾਰ ਨਹੀਂ ਸੀ ਝੱਲਦੀਆਂ
ਸਭ ਕੁੱਝ ਦੇਖਣ ਤੋਂ ਅਸਮਰਥ ਹੋ ਜਾਣਗੀਆਂ
ਤੇ ਇਸ ਤੋਂ ਬਾਅਦ...
ਸੀਜ਼ ਫਾਇਰ ਦਾ ਦੌਰ-ਚੱਲੇਗਾ
ਸ਼ਹੀਦਾਂ ਦੀਆਂ ਗਾਥਾਵਾਂ ਗਾਈਆਂ ਜਾਣਗੀਆਂ
ਸੂਰਬੀਰਤਾ ਦੇ ਇਨਾਮ ਵੰਡੇ ,ਜਾਣਗੇ
ਵੈਰੀ ਦੇ ਇਲਾਕੇ ਜਿੱਤਣ ਦੀਆਂ
ਸ਼ੇਖੀਆਂ ਮਾਰੀਆਂ ਜਾਣਗੀਆਂ
ਸੜਕਾਂ ਤੇ
ਜੰਗੀ ਸ਼ਹੀਦਾਂ ਦੇ ਨਾਮਾਂ ਦੀਆਂ
ਫੱਟੀਆਂ ਲਾਈਆਂ ਜਾਣਗੀਆਂ
ਤੇ ਫਿਰ...
ਦੋਨਾਂ ਦੇਸ਼ਾ ਦੇ ਜਰਨੈਲਾਂ ਦੀ
ਕਿਸੇ ਪਹਾੜੀ ਸਥਾਨ ਤੇ
ਮੀਟਿੰਗ ਬੁਲਾਈ ਜਾਵੇਗੀ
ਵਿਸਕੀਆਂ ਉਡਣਗੀਆਂ
ਤੇ ਖੂਬ ਠਹਾਕੇ ਲੱਗਣਗੇ
ਜਨਰਲ ਜ਼ਿਆ ਦੇ ਮਾਣ ਵਿੱਚ
ਲੋਕ-ਨਾਚਾਂ ਦੇ ਪ੍ਰੋਗਰਾਮ
ਦਿੱਤੇ ਜਾਣਗੇ
'ਮੁਗ਼ਲੇ ਆਜ਼ਮ' ਤੇ 'ਅਨਾਰਕਲੀ' ਵਰਗੀਆਂ
ਫ਼ਿਲਮਾਂ ਦਿਖਾਈਆਂ ਜਾਣਗੀਆਂ
ਤੇ ਅਗਲੇ ਹੀ ਦਿਨ
ਅਖਬਾਰ ਵਿੱਚ 'ਉਹੀ ਰੰਗੇ' ਦਾ ਕਾਰਟੂਨ ਹੋਵੇਗਾ
ਪਰ ਥੋੜੇ ਜਿਹੇ ਫਰਕ ਨਾਲ
"ਦੋਨਾਂ ਨੇਤਾਵਾਂ ਦੇ ਹੱਥਾਂ ਵਿਚ ਬਾਰੂਦ ਦੀ ਥਾਂ
ਅਮਨ ਦੀ ਘੁੱਗੀਆਂ ਫੜ ਫੜਾ ਰਹੀਆਂ ਹੋਣਗੀਆਂ"
ਅਖਬਾਰਾਂ ਦੀ ਮੋਟੀ ਸੁਰਖੀ ਹੋਵੇਗੀ
'ਜਿੱਤੇ ਹੋਏ ਇਲਾਕੇ ਵਾਪਸ ਦਿੱਤੇ ਜਾਂਦੇ ਹਨ
ਤੇ ਵਿਗੜੇ ਸੰਬੰਧ ਸੁਧਾਰਣ ਦੀਆਂ ਕੋਸ਼ਿਸ਼ਾਂ ਜਾਰੀ ਹਨ।"
ਤੇ ਇਸ ਤੋਂ ਬਾਅਦ...
ਸ਼ਹੀਦ ਮਾਰਗਾਂ ਤੇ
ਰੋਟੀ ਦੀ ਭੀਖ ਮੰਗਦੀਆਂ
ਸ਼ਹੀਦਾਂ ਦੀਆਂ ਵਿਧਵਾਵਾਂ ਹੋਣਗੀਆਂ
ਤੇ ਤਿਰੰਗੀ ਝੰਡੀ ਵਾਲੀ ਕਾਰ
ਰੋਟੀ ਦੀ ਥਾਂ ਧੂੜ ਦੀ ਇੱਕ ਪਰਤ
ਉਨ੍ਹਾਂ ਦੇ ਹੰਝੂ ਭਰੇ ਚਿਹਰਿਆਂ ਤੇ
ਜਮਾਉਂਦੀ ਹੋਈ
ਬਹੁਤ ਅੱਗੇ ਲੰਘ ਜਾਵੇਗੀ
ਬਹੁਤ ਅੱਗੇ ਲੰਘ ਜਾਵੇਗੀ।

o

## *ਉਹ ਜਿਉਂਦਾ ਹੈ*

o

ਜਸਵਿੰਦਰ

...ਹਾਂ, ਤੇ ਦੋਸਤੋ ਯਕੀਨ ਕਰੋ
ਅਜੇ ਉਹ ਸਿਰ ਤੋਂ ਪੈਰਾਂ ਤੱਕ ਜਿਉਂਦਾ ਹੈ।
ਜਿਵੇਂ ਘੋੜੇ ਨੂੰ ਗਧਾ ਕਹਿਣ ਨਾਲ
ਗਧਾ ਨਹੀਂ ਬਣ ਜਾਂਦਾ,
ਉਵੇਂ ਜਿਉਂਦੇ ਨੂੰ ਮਰਿਆ ਕਹਿ ਕੇ
ਉਹ ਮਰ ਨਹੀਂ ਗਿਆ।
ਲਾਲ ਸੁਰਖ਼ ਲੋਹੇ 'ਚੋਂ
ਸੁਰਖ਼ੀ ਜਾਂਦੀ ਰਹੇ
ਤਾਂ ਤੁਸੀਂ ਉਹਨੂੰ ਠੰਢਾ ਕਹੋਗੇ ?
ਉਹ ਟਹਿਣੀਓਂ ਟੁੱਟਿਆ ਫੁੱਲ ਨਹੀਂ
ਜੋ ਗੁਲਦਸਤੇ ਦੀ
ਸ਼ਾਨ ਬਣਨ ਪਿਛੋਂ ਮੁਰਝਾ ਜਾਏਗਾ।
ਤੇ ਗੰਧਲੇ ਮੌਸਮਾਂ 'ਚ
ਉਹ ਗਾਲ ਵਰਗੀ ਸੁਰ
ਬਣ ਕੇ ਵੀ ਨਹੀਂ ਰਲਿਆ।

ਉਹ ਚੁੱਪ ਹੈ, ਉਦਾਸ ਹੈ ਤੇ ਬੇਚੈਨ ਹੈ,
ਜੋ ਵੀ ਹੈ ਪਰ ਜਿਉਂਦਾ ਹੈ।
ਸ਼ਾਂਤ ਕਾਲੀਆਂ ਰਾਤਾਂ ਨੂੰ
ਉਹ ਹਾਬੜ ਕੇ ਉੱਠਦਾ ਹੈ
ਉੱਚੀ ਉੱਚੀ ਰੋਣ ਲਗਦਾ ਹੈ
ਫੇਰ ਵਿਛੜੇ ਯਾਰਾਂ ਦੇ ਮਰਸੀਏ ਗਾਉਂਦਾ ਹੈ।
ਜਾਂ ਹੱਥ ਆਈ ਚੀਜ਼ ਭੰਨ ਸੁੱਟਦਾ ਹੈ।
ਹੱਥਾਂ ਤੇ ਦੰਦੀਆਂ ਵੱਢਦਾ ਹੈ।
ਦੂਸ਼ਿਤ ਮਾਹੌਲ ਨੂੰ ਸਾੜਨ ਲਈ
ਉਹ ਦੱਬੀ ਚਿਣਗ ਕੱਢਦਾ ਹੈ।
ਪਰ ਕੰਧਾਂ ਕੌਲਿਆਂ 'ਚ ਟਕਰਾ ਕੇ
ਉਹ ਡਿੱਗ ਪੈਂਦਾ ਹੈ।
ਉਹਨੂੰ ਗਮ ਹੈ ਕਿ
ਉਹਦੇ ਪੀਲੀਏ ਦਾ ਵੈਦ ਕੋਈ ਨਹੀਂ।
ਸਭ ਉਹਨੂੰ ਕੈਂਸਰ ਦਾ ਰੋਗੀ
ਸਮਝਦੇ ਨੇ।
ਉਹ ਮੈਲਾ ਕੁਚੈਲਾ ਸੋਨਾ,
ਕੱਚੇ ਜੌਹਰੀਆਂ ਦੀਆਂ ਨਜ਼ਰਾਂ 'ਚ
ਨਿਰਾ ਪਿੱਤਲ ਹੈ।
ਆਪਣੀਆਂ ਅੱਖਾਂ ਤੇ ਛਿੱਟੇ ਮਾਰ ਕੇ
ਜਾਂ ਐਨਕ ਦਾ ਨੰਬਰ ਬਦਲ ਕੇ
ਉਹਦੀ ਨਬਜ਼ ਫੜੋ,

ਉਹਦੇ ਅੰਦਰ ਵੜੋ
ਉਹਦੇ ਚਾਨਣ ਤੋਂ ਪਰਦਾ ਉਠਾਓ
ਉਹ ਜਗਮਗਾਏਗਾ ।
ਤੁਸੀਂ ਬਾਂਹ ਫੜ ਕੇ ਉਠਾਓਗੇ,
ਤਾਂ ਉਹ ਦੱਬੀ ਚਿਣਗ ਨੂੰ
ਪੂਰੇ ਰੋਹ ਨਾਲ ਮਘਾ ਕੇ,
ਤੁਹਾਡੇ ਨਾਲ ਤੁਰ ਪਏਗਾ । ੦

## *ਇੱਕ ਗੱਲ*

੦

ਸਰਵਣ ਗੁਰਨਾ

ਭਾਵੇਂ ਗੱਲ ਗੰਗਾ ਤੋਂ ਜਾਂ ਜਮੁਨਾ ਤੋ ਚਲੇ,
ਪਰ ਨਹਿਰਾਂ, ਸੂਏ ਜਾਂ ਕੱਸੀਆਂ ਤੋਂ ਹੁੰਦੀ,
ਪਹੁੰਚੇਗੀ, ਉਨ੍ਹਾਂ ਪੁਲਾਂ ਤੇ ਵੀ
ਜਿਥੇ ਸੱਚ ਉਗਲਦੇ ਮੂੰਹਾਂ ਨੂੰ ਤੁਸਾਂ ਬੰਦ ਕੀਤਾ,
ਤੇ ਹਰਫ ਰਲ ਗਏ ਆਜ਼ਾਦ ਫਿਜ਼ਾਵਾਂ ਅੰਦਰ ।
ਘੁਸਰ ਮੁਸਰ ਹੁੰਦੀ ਭਾਵੇਂ ਸੁਹਣੇ ਸ਼ਹਿਰਾਂ ਤੋਂ ਤੁਰੇ,
ਸੜਕਾਂ ਮੋਗੇ ਦੀਆਂ ਤੋਂ ਹੁੰਦੀ ਉਨ੍ਹਾਂ ਚੌਂਕਾਂ ਤੇ ਆਊ,
ਜੋ ਹੁਣ ਸਾਂਝੇ ਨਹੀਂ ਰਹੇ,
ਜਿੱਥੇ ਡੁਲੇ ਦੀ ਮਹਿਕ ਅਜੇ ਸੱਜਰੀ ਹੈ,
ਨਾ ਹੀ ਵਟਿਆ ਹੈ ਰੰਗ ਉਸਦਾ ।
ਭਾਵੇਂ 'ਗੀਤਾ' ਤੋਂ ਕਰੋ ਜਾਂ ਸ਼ੁਰੂ ਕਿਸੇ ਹੋਰ 'ਵੇਦ' ਤੋਂ,
ਗੱਲ ਪੋਥੀਆਂ ਤੇ ਆਊਗੀ ਜ਼ਰੂਰ ਦੋਸਤੋ,
ਡਿੱਗੀਆਂ ਸੜਕਾਂ ਤੇ ਮਿਧੀਆਂ ਜੋ ਕਾਲੇ ਬੂਟਾਂ ਨੇ,
ਬੰਨ ਡਾਗਾਂ ਸੰਗ ਪੋਥੀਆਂ ਨੂੰ ਜਦੋਂ ਤੁਰੇ ਅਸੀਂ
ਕਾਲੇ ਬੂਟਾਂ ਨੂੰ ਭੱਜਣ ਲਈ ਫੇਰ ਰਾਹ ਨਹੀਂ ਮਿਲਣਾ ।
ਗੱਲ ਕੁੱਲੀਆਂ ਦੇ ਤੀਲਿਆਂ ਤੋਂ ਚੱਲੀ ਜੇ ਕਿਤੇ,
ਉਨ੍ਹਾਂ ਕੱਖਾਂ ਤੇ ਆਊਗੀ ਜ਼ਰੂਰ ਇਕ ਦਿਨ,
ਕਾਫੀ ਨੇ ਜੋ ਅਜੇ, ਸ਼ਾਹੀ ਮਹਿਲਾਂ ਦੇ ਕਿੰਗਰੇ ਫੂਕਣ ਲਈ ।
ਆਓ ਗੱਲ ਅਜੇ ਉਨਾਂ ਵਹੀਰਾਂ ਤੀਕ ਕਰੀਏ
ਜਦੋਂ ਲੋਕਾਂ ਦੇ ਜੁੜਨ ਦਾ ਅਰਥ
ਇਕ ਮਹਿਜ਼ ਘਟਨਾ ਨਹੀਂ
ਸਗੋਂ ਨਵੇਂ ਯੁੱਗ ਦੀ ਆਮਦ ਹੋਵੇਗਾ । ੦

## *ਜਦੋਂ ਮੈਂ ਕਿਰਨ ਦੀ ਗੱਲ ਕੀਤੀ*

੦

ਡਾ. ਸਾਧੂ

ਠੋਕਰਾਂ ਖਾਂਦਾ ਰਿਹਾ ਦਰ ਦਰ
ਮਾਰਦਾ ਰਿਹਾ ਉਡਾਰੀਆਂ ਸ਼ੀਸ਼ ਮਹਿਲ 'ਚ
ਸ਼ਿਵਾਲਕ ਦੀਆਂ ਪਹਾੜੀਆਂ
'ਤੇ ਲਟ ਲਟ ਵਗਦੇ ਚਸ਼ਮਿਆਂ 'ਚੋਂ
ਉਡਦੇ ਤੁਬਕਿਆਂ ਨੂੰ ਫੜਨ ਲਈ
ਜਾਲ ਸੁਟਦਾ ਰਿਹਾ
ਹੁਸੀਨ ਦੀਆਂ ਨਾਗ ਵਰਗੀਆਂ
ਜ਼ੁਲਫਾਂ ਦੀ ਛਾਂ ਹੇਠ
ਲਭਦਾ ਰਿਹਾ ਗਵਾਚੇ ਪਲਾਂ ਦੀ ਚੋਣ
ਤਰੇਲ ਦੇ ਚਮਕਦੇ ਤੁਬਕਿਆਂ ਨੂੰ
ਸਮਝਦਾ ਰਿਹਾ ਹੀਰੇ ਮੋਤੀ
ਟੁਟਦੇ ਮਰਦੇ ਸ਼ਬਦਾਂ ਨੂੰ ਘੜ-ਤਰਾਸ ਕੇ
ਬਣਾਉਂਦਾ ਰਿਹਾ ਤੋਤੇ ਮੋਰ
ਪਰ ਮੇਰੀ ਕਵਿਤਾ ਦੇ ਗਲ 'ਚ
ਸਦਾ ਸੰਗੀਤ ਦੀ ਸੁਰ ਅੜਦੀ ਰਹੀ
ਤੇ ਅਜੇਹਾ ਹੀ ਕੋਈ ਹੋਰ ਮਿਕਨਾਤੀਸ
ਹਸੀਨ ਦੀਆਂ ਜ਼ੁਲਫਾਂ
ਸ਼ਿਵਾਲਕ ਦੀਆਂ ਪਹਾੜੀਆਂ
ਸ਼ੀਸ ਮਹਿਲਾਂ ਦੇ ਸੁਪਨੇ
ਜਦੋਂ ਤਕ ਬੇੜੀਆਂ ਦੀ ਗੱਲ ਨਹੀਂ ਕੀਤੀ
ਭੁੱਖ ਦੀ ਭੱਠੀ 'ਚ
ਭੁਜਦੇ ਜਿਸਮ ਦੀ ਗੱਲ ਨਹੀਂ ਕੀਤੀ
ਸਧਰਾਂ ਦੇ ਪਲ 2 ਘੁਟਦੇ
ਸਾਹਾਂ ਦੀ ਗੱਲ ਨਹੀਂ ਕੀਤੀ
ਮੈਨੂੰ ਬਖਸ਼ਦੇ ਰਹੇ ਹਾਰ ਸ਼ਿੰਗਾਰ
ਚਾਂਦੀ ਦੀ ਟੁਣਕਾਰ
ਨਵੇਂ 2 ਪੁਰਸਕਾਰ
ਰੇਡੀਓ, ਟੈਲੀਵੀਜਨ ਤੇ ਸ਼ਾਹੀ ਦਰਬਾਰ
ਪਰ ਜਦੋਂ ਮੈਂ ਪਤਝੜ ਨੂੰ
ਤੂਫਾਨ ਦਾ ਨਾਂ ਦਿੱਤਾ
ਫੁਟਦੀਆਂ ਕੋਮਲ ਕਰੂੰਬਲਾਂ ਦੀ ਗੱਲ ਕੀਤੀ
ਪੂਰਬ 'ਚੋਂ ਆਉਂਦੀ ਭਾਅ ਮਾਰਦੀ
ਕਿਰਨ ਦੀ ਗੱਲ ਕੀਤੀ
ਰਸ ਤੇ ਲਗੇ 'ਭੌਣ' ਉਪਰ
ਡੀ. ਡੀ. ਟੀ ਪਾਉਣ ਦੀ ਗੱਲ ਕੀਤੀ
ਤਾਂ ਮੇਰਾ ਚੌਗਿਰਦਾ ਤੰਗ ਹੋ ਗਿਆ
ਪੈਰਾਂ 'ਚ ਬੇੜੀਆਂ ਕਸ ਦਿਤੀਆਂ
ਮੇਰੇ ਆਲੇ ਦੁਆਲੇ
ਕੰਧਾਂ ਉਸਾਰਨ ਦੀ ਬੜਕ ਮਾਰੀ
ਮੇਰੀ ਕਲਮ ਦਾ ਮੂੰਹ
ਤੋੜਨ ਦੀ ਗੱਲ ਕੀਤੀ
ਪਰ ਸੁਚੀਆਂ ਸੁਗੰਧੀਆਂ ਨੂੰ
ਕੌਣ ਠੱਲ ਸਕਦਾ ਹੈ
ਇਤਿਹਾਸ ਗਵਾਹੀ ਭਰਦਾ ਹੈ
ਤੇ ਅਜ ਜਦੋਂ ਮੈਂ ਗਲੀ 'ਚ ਸਿੱਧੇ
ਟੁਟੇ ਫੁਟੇ ਸ਼ਬਦਾਂ ਨੂੰ ਫੜਦਾ ਹਾਂ
ਤਾਂ ਮੇਰੀ ਕਵਿਤਾ ਦੀ ਲੈਅ
ਸ਼ਬਦਾਂ ਦੀ ਟੁਣਕਾਰ
ਹਰ ਰੋਮ 2 'ਚ ਵਗਦੀ ਹੈ
ਮੇਰੀ ਕਵਿਤਾ ਦੀਆਂ ਰਗਾਂ 'ਚ
ਸੰਗੀਤ ਦਾ ਜੋ ਸੁਰ
ਫਿਜ਼ਾ 'ਚ ਗੂੰਜ ਉਠਦੀ ਹੈ
ਜਦੋਂ ਮੈਂ ਕਿਰਨ ਦੀ ਗੱਲ ਕਰਦਾ ਹਾਂ
ਜਦੋਂ ਮੈਂ ਕਿਰਤ ਦੇ ਸ਼ਰਬਤ ਦੀ ਗੱਲ ਕਰਦਾ ਹਾਂ ।

# ਉਦਾਸੀ ਰੋਗ

o

## ਡਾ. ਸ਼ਿਆਮ ਸੁੰਦਰ ਦੀਪਤੀ

ਡਾਕਟਰ ਦੀਪਤੀ ਦਾ ਇਹ ਲੇਖ 'ਸਮਤਾ' ਵਿਚ ਪਹਿਲੇ ਦਿੱਤੇ ਦੋ ਲੇਖਾਂ ਦੀ ਅਗਲੀ ਕੜੀ ਹੈ। ਸਾਡਾ ਸਮਾਜਕ ਆਲਾ-ਦੁਆਲਾ ਸਾਡੇ ਕਿੰਨੇ ਸਾਰੇ ਰੋਗਾਂ ਦਾ ਜ਼ਿਮੇਵਾਰ ਹੈ। ਇਹਨਾਂ ਦੇ ਕਾਰਣ ਜਾਣ ਲੈਣਾ ਜਿਥੇ ਸਾਡੇ ਗਿਆਨ ਵਿਚ ਵਾਧਾ ਕਰਦਾ ਹੈ, ਉਥੇ ਸਮਾਜਕ ਤਬਦੀਲੀ ਵਾਸਤੇ ਸਾਨੂੰ ਸਾਡੀਆਂ ਜ਼ਿੰਮੇਵਾਰੀਆਂ ਦਾ ਅਹਿਸਾਸ ਦਿਵਾਂਦਾ ਹੈ। —ਸੰਪਾਦਕ

'ਉਦਾਸੀ'—ਕਿਨ੍ਹਾਂ ਜਾਣਿਆਂ ਪਛਾਣਿਆਂ ਸ਼ਬਦ ਹੈ। ਇਹ ਸਿਰਫ ਸ਼ਬਦ ਹੀ ਨਹੀਂ ਇਸ ਨਾਲ ਜੁੜੀ ਹੋਈ ਸਥਿਤੀ ਨਾਲ ਵੀ ਅਸੀ ਪੂਰੀ ਤਰ੍ਹਾਂ ਜਾਣੂ ਹਾਂ। ਰੋਜ਼ਮਰਾ ਦੀ ਜ਼ਿੰਦਗੀ 'ਚ ਜਾਂ ਤਾਂ ਆਪਾਂ ਖੁਦ ਹੀ ਕਹਿੰਦੇ ਹਾਂ ਕਿ 'ਅੱਜ ਮੈਂ ਉਦਾਸ ਹਾਂ' ਜਾ ਕੋਈ ਮਿੱਤਰ ਪਿਆਰਾ ਸਾਨੂੰ ਕਹਿ ਦਿੰਦਾ ਹੈ 'ਕੀ ਗਲ ਅੱਜ ਕੁਛ ਉਦਾਸ ਨਜ਼ਰ ਆ ਰਿਹਾ ਹੈ' ਜਾਂ ਅੰਗ੍ਰੇਜ਼ੀ ਸ਼ਬਦ 'ਮੂਡ ਆਫ' ਹੈ। ਇਹ ਉਦਾਸੀ ਆਪਣੇ 'ਚ ਇਨ੍ਹਾਂ ਘਰ ਕਰ ਚੁਕੀ ਹੈ ਕਿ ਜਦੋਂ ਉਦਾਸੀ ਨੂੰ ਇਕ ਰੋਗ ਦੇ ਰੂਪ 'ਚ ਦਸਿਆ ਜਾਂਦਾ ਹੈ ਤਾਂ ਹੈਰਾਨੀ ਜਿਹੀ ਹੁੰਦੀ ਹੈ ਕਿ ਉਦਾਸੀ ਵੀ ਕੋਈ ਰੋਗ ਹੁੰਦਾ ਹੈ। ਕਿਉਂ ਜੋ ਅਸੀ ਉਦਾਸੀ ਨੂੰ ਜ਼ਿੰਦਗੀ ਦਾ ਹਿੱਸਾ ਬਣਾ ਕੇ ਜੀ ਰਹੇ ਹਾਂ! ਇਸ ਲਈ ਅਸੀ ਇਸ ਨੂੰ ਰੋਗ ਮਨਣ ਤੋਂ ਇਨਕਾਰ ਕਰ ਦਿੰਦੇ ਹਾਂ।

ਦੂਜੇ ਪਾਸੇ 'ਉਦਾਸੀ'—ਜੇਕਰ ਵਿਗਿਆਨ ਨਜ਼ਰੀਏ ਤੋਂ ਵੇਖੀਏ ਤਾਂ ਕੋਈ ਰੋਗ ਹੈ ਵੀ ਨਹੀਂ। ਇਹ ਇਕ ਰੋਗ ਦਾ ਲੱਛਣ ਹੈ। ਕਿਉਂ ਜੋ ਆਪਾਂ ਖੁਦ ਇਹ ਕਹਿੰਦੇ ਹਾਂ ਕਿ ਮੈਂ ਉਦਾਸ ਹਾਂ। ਦੇਖਣਾ ਤਾਂ ਇਹ ਹੈ ਕਿ ਕੋਈ ਉਦਾਸ ਕਿਉਂ ਹੁੰਦਾ ਹੈ! ਇਸ ਕਿਉਂ ਦਾ ਜਵਾਬ ਹੀ ਅਸਲੀ ਰੋਗ ਹੈ।

'ਉਦਾਸੀ ਰੋਗ—ਜਿਸ ਤਰ੍ਹਾਂ ਇਹ ਪ੍ਰਚਲਿਤ ਹੈ, ਇਸ ਦੇ ਕਾਰਣਾ ਦੀ ਡੂੰਘਾਈ ਤਕ ਪਹੁੰਚਣ ਤੋਂ ਪਹਿਲਾਂ ਆਪਾਂ ਇਸ ਰੋਗ 'ਚ ਪੈਦਾ ਹੋਣ ਵਾਲੇ ਲਛਣਾਂ ਨੂੰ ਵੇਖਾਂਗੇ ਤੇ ਫਿਰ ਉਹਨਾਂ ਲਛਣਾਂ ਨੂੰ ਸਾਹਮਣੇ ਰਖਕੇ ਅਸੀਂ ਉਸ ਮਾਨਸਿਕ ਅਵਸਥਾਵਾਂ ਨੂੰ ਸਮਾਜ ਦੇ ਵਾਤਾਵਰਨ 'ਚ ਉਲੀਕਾਂਗੇ!

### I ਮਾਨਸਿਕ ਲੱਛਣ:

1. ਮੈਂ ਕੋਈ ਵੀ ਨਵਾਂ ਕੰਮ ਭਰੋਸੇ ਨਾਲ ਨਹੀਂ ਕਰ ਸਕਦਾ।

2. ਮੈਂ ਜੋ ਵੀ ਕੰਮ ਹੱਥ 'ਚ ਲੈਂਦਾ ਹਾਂ ਉਸ ਨੂੰ ਜਾਰੀ ਰਖਣ ਤੇ ਪੂਰਾ ਕਰਣ 'ਚ ਅਸਫਲ ਰਹਿੰਦਾ ਹਾਂ।

3. ਲੋਕਾਂ ਨਾਲ ਮੇਲ ਜੋਲ ਰਖਣ ਵਿਚ ਮੇਰੇ ਤਾਕਤ ਨਹੀਂ ਹੈ।

4. ਮਸਲਿਆਂ ਨੂੰ ਮ੍ਰਿਜੱਠਣ ਦਾ ਮੇਰੇ ਅੰਦਰ ਉਤਨਾ ਭਰੋਸਾ ਨਹੀਂ ਹੈ ਜਿਤਨਾ ਪਹਿਲਾਂ ਸੀ।

5. ਕੰਮ 'ਚ ਉਤਨੀ ਨਿਪੁੰਨਤਾ ਨਹੀਂ ਜਿਨ੍ਹੀ ਪਹਿਲਾਂ ਸੀ।

6. ਜਦੋਂ ਸਭ ਕੰਮ ਠੀਕ ਚਲ ਰਿਹਾ ਹੋਵੇ ਤਾਂ ਕਈ ਵਾਰ ਸੋਚਦਾਂ ਹਾਂ ਕਿ ਜ਼ਿਆਦਾ ਦੇਰ ਤਕ ਇਸੇ ਤਰ੍ਹਾਂ ਨਹੀਂ ਚਲੇਗਾ ਅਤੇ ਕੁਝ ਵਿਗੜ ਜਾਵੇਗਾ।

7. ਜਦੋਂ ਕੋਈ ਕੰਮ ਵਿਗੜ ਜਾਂਦਾ ਹੈ ਤਾਂ ਮੈਂ ਉਸਨੂੰ ਕਰਨ ਦੇ ਯੋਗ ਨਹੀਂ ਹੁੰਦਾ।

8. ਮੈਂ ਮਹਿਸੂਸ ਕਰਦਾ ਹਾਂ ਕਿ ਮੈਂ ਆਪਣੇ ਕੰਮ 'ਚ ਅਸਫਲ ਹਾਂ।

9. ਮੈਂ ਮਹਿਸੂਸ ਕਰਦਾ ਹਾਂ ਕਿ ਮੈਂ ਆਪਣੇ ਪਰਿਵਾਰ ਤੇ ਦੋਸਤਾਂ ਦੀ ਉਮੀਦ ਤੇ ਪੂਰਾ ਨਹੀਂ ਉਤਰਦਾ।

10. ਮੇਰੀ ਆਪਣੇ ਮਿਤਰਾਂ ਅਤੇ ਰਿਸ਼ਤੇਦਾਰਾਂ ਨਾਲ ਮੋਹ ਘੱਟ ਰਹੀ ਹੈ।

11. ਤੜਕੀਲੀ ਅਤੇ ਰੰਗ ਦੀਆਂ ਚੀਜ਼ਾਂ ਲਈ ਮੇਰਾ ਸ਼ੌਕ ਖਤਮ ਹੋ ਗਿਆ ਹੈ।

12. ਮੇਰੀ ਭੋਗ-ਵਿਲਾਸ ਦੀ ਇੱਛਾ ਘੱਟ ਗਈ ਹੈ।

13. ਦੂਸਰੇ ਲੋਕਾਂ ਦੇ ਹੋਂਦੇ ਹੋਏ ਵੀ ਮੈਂ ਅਕਸਰ ਕੱਲਾ ਮਹਿਸੂਸ ਕਰਦਾ ਹਾਂ।

14. ਜ਼ਿਆਦਾ ਸਮਾਂ ਮੈਂ ਉਦਾਸ ਰਹਿੰਦਾ ਹਾਂ।

15. ਅੱਜ ਕਲ੍ਹ ਮੈਨੂੰ ਨਿਰਾਸ਼ਾ ਦੇ ਵਿਚਾਰ ਆਉਂਦੇ ਹਨ।

## II ਗੰਭੀਰ ਮਾਨਸਿਕ ਲੱਛਣ :—

16. ਮੈਂ ਪਿਛਲੀਆਂ ਕੀਤੀਆਂ ਗਲਤੀਆਂ ਬਾਰੇ ਉਦਾਸ ਰਹਿੰਦਾ ਹਾਂ।

17. ਮੈਂ ਮਹਿਸੂਸ ਕਰਦਾ ਹਾਂ ਕਿ ਮੇਰੇ 'ਚ ਕੋਈ ਬੁਰਾਈ ਹੈ।

18. ਮੈਂ ਸੋਚਦਾ ਹਾਂ ਕਿ ਮੇਰੀ ਜ਼ਿੰਦਗੀ ਇਤਨੀ ਅੱਛੀ ਨਹੀਂ ਹੈ ਜਿੰਨੀ ਕਿ ਪਹਿਲੇ ਹੁੰਦੀ ਸੀ।

19. ਮੈਂ ਆਪਣੇ ਆਪ ਨੂੰ ਦੂਜਿਆਂ ਨਾਲੋਂ ਘਟੀਆ ਮਹਿਸੂਸ ਕਰਦਾ ਹਾਂ।

20. ਅੰਦਰੂਨੀ ਤੌਰ ਤੇ ਮੈਂ ਆਪਣੇ ਆਪ ਨੂੰ ਨਿਕੰਮਾ ਆਦਮੀ ਸਮਝਦਾ ਹਾਂ।

21. ਮੈਂ ਅਕਸਰ ਸੋਚਦਾ ਹਾਂ ਦੂਜੇ ਆਦਮੀ ਮੈਨੂੰ ਪਸੰਦ ਨਹੀਂ ਕਰਦੇ।

22. ਮੈਂ ਸਮਾਜ ਉਤੇ ਬੋਝ ਹਾਂ।

23. ਜੀਵਨ ਬੋਝ ਹੈ।

24. ਮੈਨੂੰ ਛੇਤੀ ਹੀ ਰੋਣਾ ਆ ਜਾਂਦਾ ਹੈ।

25. ਮੈਂ ਕਦੇ ਕਦੇ ਇਸ ਜੀਵਨ ਜੀਊਣ ਦੀ ਬਜਾਏ ਮਰ ਜਾਨਾ ਪਸੰਦ ਕਰਦਾ ਹਾਂ।

## III ਸਰੀਰਿਕ ਲੱਛਣ :—

1. ਮੈਂ ਮਹਿਸੂਸ ਕਰਦਾ ਹਾਂ ਕਿ ਮੇਰੇ ਵਿਚ ਦਿਨ ਭਰ ਦਾ ਕੰਮ ਕਰਨ ਦੀ ਤਾਕਤ ਵੀ ਨਹੀਂ ਹੈ।

2. ਮੇਰੀ ਭੁੱਖ ਪਹਿਲਾਂ ਨਾਲੋਂ ਘੱਟ ਗਈ ਹੈ।

3. ਮੇਰਾ ਸਿਰ ਅਕਸਰ ਭਾਰਾ ਭਾਰਾ ਰਹਿੰਦਾ ਹੈ।

4. ਹੱਥਾਂ ਪੈਰਾਂ ਵਿਚ ਜਲਨ ਮਹਿਸੂਸ ਹੁੰਦੀ ਹੈ।

5. ਮੈਂ ਆਪਣੀਆਂ ਪੀੜਾਂ ਅਤੇ ਦਰਦਾਂ ਕਾਰਨ ਉਦਾਸ ਰਹਿੰਦਾ ਹਾਂ।

ਇਹਨਾਂ ਲਛਣਾਂ ਨੂੰ ਸਾਹਮਣੇ ਰਖ ਕੇ ਰੋਗ ਦੀ ਦੀ ਵੰਡ ਕੀਤੀ ਜਾਂਦੀ ਹੈ।

10—14 ਮਾਮੂਲੀ

15—22 ਮੱਧਮ

22 ਤੋਂ ਉਪਰ ਗੰਭੀਰ ਦੇ ਕਸ਼ਟਪੂਰਣ

ਵੈਸੇ ਜੇ ਮਾਨਸਿਕ ਲਛਣਾਂ ਨੂੰ ਮੁਖ ਰਖ ਕੇ ਦੇਖਿਆ ਜਾਵੇ ਤਾਂ ਸਾਡੇ ਸਾਹਮਣੇ ਇਹ ਗਲਾਂ ਸਾਹਮਣੇ ਆਉਂਦੀਆਂ ਹਨ :

1. ਕਿਸੇ ਕੰਮ 'ਚ ਭਰੋਸਾ ਨਾ ਰਹਿਣਾ; ਅਨਿਸ-ਚਿਤਤਾ ਦਾ ਹੋਣਾ (Insecurity)

2. ਆਪਣੇ ਆਲੇ ਦੁਆਲੇ ਦੇ ਵਾਤਾਵਰਨ 'ਚ ਮੋਹ ਨਾ ਰਹਿਣਾ (Unattachment)

3. ਇਕੋ ਦਮ ਜ਼ਿੰਦਗੀ ਤੋਂ ਨਿਰਾਸ਼ ਹੋਣਾ (Despair)

4. ਆਪਣੇ-ਆਪ ਨੂੰ ਕੋਸਣਾ, ਹੀਣਾ ਮਹਿਸੂਸਣਾ (Guilt)

ਇਹ ਚਾਰ ਸਥਿਤੀਆਂ ਹਨ ਜਿਨ੍ਹਾਂ 'ਚੋਂ ਇਕ ਆਦਮੀ ਗੁਜ਼ਰਦਾ ਹੈ।

ਹੁਣ ਇਨ੍ਹਾਂ ਸਥਿਤੀਆਂ ਦੀ ਹੋਂਦ ਨੂੰ ਆਪਾਂ ਸਮਾਜਿਕ ਵਾਤਾਵਰਨ 'ਚ ਰਖਕੇ ਦੇਖਾਂਗੇ। ਇਸ ਬਹਿਸ 'ਚ ਨਾ ਪੈਂਦੇ ਹੋਏ ਕਿ ਸਮਾਜ ਕਿਨ੍ਹੇ ਵਰ੍ਹੇ ਪਹਿਲਾਂ ਹੋਂਦ 'ਚ ਆਇਆ, ਗੱਲ ਇਹ ਮੁਖ ਹੈ ਕਿ ਸਮਾਜ ਜਦੋਂ ਵੀ ਹੋਂਦ 'ਚ ਆਇਆ, ਪੱਥਰ ਯੁਗ ਜਦੋਂ ਮਨੁੱਖ ਨੇ ਆਪਣੇ ਆਪ ਨੂੰ ਪਸ਼ੂਆਂ ਤੋਂ ਅੱਡ ਕਰ ਲਿਆ। ਇਕ ਸੀ ਪੈਰਾਂ ਤੇ ਖੜਾ ਹੋ ਕੇ ਹੱਥਾਂ ਨਾਲ ਸ਼ਿਕਾਰ ਕਰਨਾ ਤੇ ਉਸ ਤੋਂ ਬਾਅਦ ਦਿਮਾਗ ਦੀ ਵਰਤੋਂ ਨਾਲ ਨਵੀਆਂ ਖੋਜਾਂ ਕਰਨੀਆਂ ਤੇ ਉਸ ਨੂੰ ਆਪਣੀ ਲੋੜ ਅਨੁਸਾਰ ਵਰਤਨਾ। ਪਹਿਲਾਂ ਮਨੁਖ ਸਿਰਫ 'ਇਕੱਠਾ' ਕਰਦਾ ਸੀ (gatherer) ਤੇ ਫਿਰ ਉਸ ਨੇ ਪਸ਼ੂਆਂ ਤੇ ਜ਼ਮੀਨ ਤੋਂ ਪੈਦਾਵਾਰੀ ਸ਼ੁਰੂ ਕਰਤੀ (Producer), ਉਸ ਦਿਨ ਤੋਂ ਹੀ ਉਹ ਪਸ਼ੂਆਂ ਤੋਂ ਵੱਖ ਹੋ ਗਿਆ।

ਚਾਹੇ ਜ਼ਿੰਦਗੀ ਨੂੰ ਕਿਸੇ ਵੀ ਦਾਅਰੇ 'ਚ ਸਿਮਤ ਕਰ ਲਿਆ ਜਾਵੇ ਫਿਰ ਵੀ ਇਹ ਦੁਨੀਆਂ ਘਟਨਾ ਪ੍ਰਧਾਨ ਤਾਂ ਹੈ ਹੀ। ਤੇ ਜਦੋਂ ਅਸੀਂ ਇਸ 'ਚ ਬਾਹਰ ਆਵਾਂਗੇ ਤਾਂ ਘਟਨਾਵਾਂ ਦੀ ਸੰਭਾਵਨਾ ਵੱਧ ਹੀ ਜਾਵੇਗੀ। ਤੇ ਇਸ ਤਰ੍ਹਾਂ ਜੇ ਅਸੀਂ ਆਪਣੇ ਆਪ ਨੂੰ ਇਨ੍ਹਾਂ ਨਾਲ ਜੋੜ ਲਈਏ ਤਾਂ ਸਾਫ ਹੈ ਕਿ ਉਹ ਆਪਣੀ 'ਤਕਦੀਰ' ਕਹਿਲਾ ਸਕਦੀਆਂ ਹਨ।

ਤੁਸੀਂ ਸਭ ਨੇ 'ਪਿਆਸੇ ਕਾਂ' ਦੀ ਕਹਾਣੀ ਸੁਣੀ ਹੋਵੇਗੀ। ਮੈਂ ਉਸ ਨੂੰ ਕੁਝ ਇਸ ਤਰ੍ਹਾਂ ਪੇਸ਼ ਕਰ ਰਿਹਾ ਹਾਂ—

ਇਕ ਕਾਂ ਸੀ। ਉਸ ਨੂੰ ਪਿਆਸ ਲਗੀ। ਉਸ ਨੇ ਪਿਆਸੇ ਕਾਂ ਵਾਲੀ ਕਹਾਣੀ ਸੁਣੀ ਹੋਈ ਸੀ। ਉਹ ਉੱਡਣ ਲੱਗਾ। ਉਸ ਨੂੰ ਇਕ ਘੜਾ ਨਜ਼ਰ ਆਇਆ। ਉਸ ਨੇ ਆ ਕੇ ਵੇਖਿਆ, ਉਸ 'ਚ ਥੋੜਾ ਜਿਹਾ ਪਾਣੀ ਸੀ ਜਿਸ ਤਕ ਉਸ ਦੀ ਚੁੰਜ ਨਹੀਂ ਸੀ ਪਹੁੰਚ ਰਹੀ, ਉਸ ਨੇ ਓਹੀ ਤਰਕੀਬ ਅਪਨਾਈ। ਨਿੱਕੇ ਨਿੱਕੇ ਪੱਥਰ ਲਿਆ ਕੇ ਘੜੇ 'ਚ ਪਾਏ। ਉਸ ਨੇ ਕੀ ਵੇਖਿਆ ਪਾਣੀ ਉੱਪਰ ਨਾ ਆਇਆ। ਉੱਪਰ ਪੱਥਰ ਹੀ ਸਨ ਪਾਣੀ ਥੱਲੇ ਰਹਿ ਗਿਆ ਸੀ ਜਾਂ ਪੱਥਰਾਂ ਨੇ ਚੂਸ ਲਿਆ ਸੀ! ਤੇ ਹੁਣ ਉਹ ਪਿਆਸਾ ਵੀ ਸੀ ਤੇ ਥਕਿਆ ਹੋਇਆ ਵੀ ਤੇ ਇਸ ਘਟਨਾ ਤੋਂ ਨਿਰਾਸ਼ ਵੀ।

ਨਿਰਾਸ਼ਾ ਦਾ ਕਾਰਨ ਇਕ ਤਾਂ ਸਾਡੇ ਸਾਹਮਣੇ ਹੈ ਕਿ ਇਸ ਵਾਤਾਵਰਨ 'ਚ ਜੋ ਕੁਝ ਅਸੀਂ ਮਿਥ ਕੇ ਚਲਦੇ ਹਾਂ ਜਾਂ ਇਸ ਨੂੰ ਜਿਸ ਤਰ੍ਹਾਂ ਸਾਡੇ ਸਾਹਮਣੇ ਪੇਸ਼ ਕੀਤਾ ਜਾਂਦਾ ਹੈ ਤਾਂ ਅਸੀਂ ਉਸ ਨੂੰ ਸਿਰਫ ਉਸੇ ਨਜ਼ਰੀਏ ਨਾਲ ਵੇਖਦੇ ਤੁਰੇ ਜਾਂਦੇ ਹਾਂ! ਤੇ ਇਸ ਘਟਨਾ

ਪ੍ਰਧਾਨ ਦੁਨੀਆਂ ਦਾ ਫਾਇਦਾ ਚੰਦ ਲੋਕ ਆਪਣਾ ਮੰਤਵ ਪੂਰਾ ਕਰਨ ਲਈ ਡਰ, ਵਹਿਮ, ਤਕਦੀਰ, ਪਾਪ-ਪੁੰਨ ਦੇ ਚੱਕਰਾਂ 'ਚ ਪਾ ਕੇ ਹੋਰ ਗੁੰਝਲਦਾਰ ਬਣਾ ਦਿੰਦੇ ਹਨ।

ਫਰਾਓਡ ਦੇ ਮੁਤਾਬਕ—ਮੁਢਲੀ ਉਮਰ 'ਚ ਦਿਤੀ ਗਈ ਸਿਖਿਆ ਜਦੋਂ ਜਵਾਨੀ ਦੇ ਤਜਰਬਿਆਂ ਨਾਲ ਤਾਲ-ਮੇਲ ਨਹੀਂ ਖਾਂਦੀ ਤਾਂ ਆਦਮੀ 'ਚ ਤਨਾਓ ਪੈਦਾ ਹੁੰਦਾ ਹੈ ਤੇ ਕੁੰਠਾ ਹੁੰਦੀ ਹੈ ਜੋ ਕਿ ਮਾਨਸਿਕ ਰੋਗਾਂ ਦਾ ਆਧਾਰ ਬਣਦੀ ਹੈ!

ਜਦੋਂ ਬੱਚਾ ਸ਼ੁਰੂ ਸ਼ੁਰੂ 'ਚ ਸਿਖ ਰਿਹਾ ਹੁੰਦਾ ਹੈ ਤੇ ਜੋ ਕੁਝ ਉਹ ਚੰਗਾ ਕਰਦਾ ਹੈ ਤਾਂ ਉਸ ਲਈ ਉਸ ਨੂੰ ਸ਼ਾਬਾਸ਼ੀ ਮਿਲਦੀ ਹੈ ਤੇ ਜੋ ਗ਼ਲਤ ਕਰਦਾ ਹੈ ਉਸ ਲਈ ਗੁੱਸਾ। ਸ਼ਾਬਾਸ਼ੀ ਪ੍ਰਾਪਤ ਤਜ਼ਰਬਿਆਂ ਨੂੰ ਉਹ ਆਪਣੇ ਮਨ 'ਚ ਬਿਠਾਈ ਜਾਂਦਾ ਹੈ ਜੋ ਕਿ ਉਸ ਦੀ ਪੂੰਜੀ ਬਣ ਜਾਂਦਾ ਹੈ ਤੇ ਜਦੋਂ ਉਹ ਘਰ ਦੀ ਚਾਰ-ਦੀਵਾਰੀ ਤੋਂ ਬਾਹਰ ਆਉਂਦਾ ਹੈ ਉਸ ਨੂੰ ਵਾਤਾਵਰਨ ਦੇ ਹਾਲਾਤ ਅਜੀਬ ਲਗਦੇ ਹਨ। ਇਕ ਆਮ ਕਹਾਵਤ ਹੈ ਜੋ ਕਿ ਗੀਤ 'ਚ ਵੀ ਆ ਗਈ ਹੈ—'ਪੜੋਗੇ ਲਿਖੋਗੇ ਬਣੋਗੇ ਨਵਾਬ' ਤੇ ਆਪਣੀ ਜ਼ਿੰਦਗੀ ਦੇ ਵੀਹ ਪੱਚੀ ਸਾਲ ਮੇਹਨਤ ਕਰਨ ਤੋਂ ਬਾਅਦ ਨਵਾਬ ਤਾਂ ਕੀ ਜਦੋਂ ਨਵਾਬ ਦੀ ਚੌਕੀਦਾਰੀ ਵੀ ਨਸੀਬ ਨਹੀਂ ਹੁੰਦੀ ਤਾਂ ਆਦਮੀ ਜ਼ਿੰਦਗੀ ਤੋਂ ਨਿਰਾਸ਼ ਹੋ ਜਾਂਦਾ ਹੈ।

ਫਰਾਓਡ ਵੈਸੇ ਏਥੋਂ ਤਕ ਹੀ ਗੱਲ ਕਰਦਾ ਹੈ, ਉਹ ਸਮਾਜਿਕ ਢਾਂਚੇ ਵਲ ਨਹੀਂ ਜਾਂਦਾ। ਕਿ ਉਹ ਕੀ ਕਾਰਣ ਹਨ ਜੋ ਕਿ ਆਦਮੀ ਨੂੰ ਇਸ ਤਰ੍ਹਾਂ ਦੀ ਹਾਲਤ ਲਈ ਮਜ਼ਬੂਰ ਕਰ ਦਿੰਦੇ ਹਨ।

ਫਰਾਓਡ ਤੋਂ ਅੱਗੇ ਗੱਲ ਕਰਦੇ ਹਾਂ—ਆਮ ਤੌਰ ਤੇ ਰੋਜ਼ਮਰਾ ਦੀ ਜ਼ਿੰਦਗੀ 'ਚ ਮਨੁੱਖ ਜਦੋਂ ਹੋਸ਼ ਸੰਭਾਲਦਾ ਹੈ ਤਾਂ ਉਹ ਸਮਾਜ 'ਚ—ਆਪਣੇ ਆਲੇ ਦੁਆਲੇ ਦੀਆਂ ਵਸਤੂਆਂ ਜੋ ਉਸ ਨੂੰ ਫਕਰਦੀਆਂ ਹਨ (Perception) ਉਹ ਉਹਨਾਂ ਨੂੰ ਆਪਣੇ ਨਾਲ ਜੋੜਦਾ ਜਾਂਦਾ ਹੈ ਚਾਹੇ ਉਹ ਮੂਰਤ ਹੋਵੇ ਜਾਂ ਅਮੂਰਤ। ਉਹ ਇਸ ਕ੍ਰਿਆ 'ਚ ਆਪਣੇ ਆਪ ਨੂੰ ਵਸਤੂ ਸਮਝਕੇ, ਆਪਣੇ ਆਪ ਨੂੰ ਚੇਤਨ ਪ੍ਰਾਣੀ ਵਜੋਂ ਸਮਾਜ 'ਚ ਪੇਸ਼ ਕਰਦਾ ਹੈ। ਕਿਸੇ ਵੀ ਚੀਜ਼ ਨਾਲ ਜੁੜਨਾ (Attachment) ਜਾਂ ਹੋਣਾ (To be) ਕਿਸੇ ਦਾ ਹੋਣਾ ਹੀ ਮਨੁੱਖ ਦੀ ਹੋਂਦ ਦੀ ਨਿਸ਼ਾਨੀ ਹੈ। ਕਿਸੇ ਨਾਲ ਜੁੜਿਆ ਹੀ ਆਦਮੀ ਕੰਮ ਕਰਦਾ ਹੈ (Action) ਕੰਮ ਕਰਨ ਨਾਲ ਹੀ ਮਨੁੱਖ ਆਪਣੇ ਆਲੇ ਦੁਆਲੇ ਦੇ ਲੋਕਾਂ 'ਚ ਪਛਾਣਿਆ ਜਾਂਦਾ ਹੈ। ਤਾਂ ਇਹ ਗੱਲ ਸਹੀ ਹੈ—

'ਕਿਸੇ ਵੀ ਆਦਮੀ ਦੀ ਕੋਈ ਇੱਛਾ ਉਸ ਦੀ ਵਿਅਕਤੀਗਤ ਨਹੀਂ ਹੁੰਦੀ ਜੋ ਕਿ ਕੁਛ ਕਰਨ ਦੀ ਸਨਕ 'ਚ ਹੀ ਕੁਛ ਕਰਦੀ ਹੈ ਜਾਂ ਕਿ ਆਪਣੀ ਇਗੋ (Ego) ਦੀ ਮੰਗ ਤੇ ਇਸ ਤਰ੍ਹਾਂ ਕਰਦੀ ਹੈ ਬਲਕਿ ਇਹ ਇੱਛਾ ਦੂਜਿਆਂ ਨੂੰ ਖੁਸ਼ ਕਰਨ 'ਚ ਹੀ ਸੰਤੁਸ਼ਟ ਹੁੰਦੀ ਹੈ।'

ਇਕ ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ 'ਚ ਪੜ੍ਹਦੀ ਸੀ। ਅਬੋਹਰ ਤੋਂ ਇਕ ਬਸ ਚਲਦੀ ਸੀ ਅਬੋਹਰ-ਚੰਡੀਗੜ੍ਹ। ਉਹ ਉਸ ਤੇ ਸਵੇਰੇ ਚਲਦੀ ਸੀ ਤੇ ਛੁਟੀਆਂ 'ਚ ਸ਼ਾਮ ਨੂੰ ਉਸ ਬਸ ਚੋਂ ਅਬੋਹਰ ਆਉਂਦੀ ਸੀ। ਉਸ ਨੇ ਇਕ ਸੀਟ ਬਣਾਈ ਹੋਈ ਸੀ ਜਿਸ ਤੇ ਉਹ ਸਫਰ ਕਰਦੀ ਸੀ। ਇਕ ਦਿਨ ਸਵੇਰੇ ਅਬੋਹਰ ਤੋਂ ਉਸ ਨੇ ਜਾਣਾ ਸੀ ਉਸ ਨੇ ਵੇਖਿਆ ਕਿ ਉਸ ਦੀ ਸੀਟ ਤੇ ਕੋਈ ਹੋਰ ਸਵਾਰੀ ਬੈਠੀ ਸੀ! ਉਸ ਨੂੰ ਉਸ ਦੇ ਪਿਤਾ ਨੇ ਕਿਸੇ ਹੋਰ ਸੀਟ ਤੇ ਬਿਠਾ ਦਿਤਾ ਪਰ ਉਹ ਆਪਣੇ ਆਪ ਨੂੰ ਸੁਖਾਲਾ ਨਹੀਂ ਮਹਿਸੂਸ ਰਹੀ ਸੀ। ਉਸਦੇ ਪਿਤਾ ਨੇ ਪੁਛਿਆ—ਕੀ ਗੱਲ ਬੇਟੇ। ਤਾਂ ਉਸ ਨੇ ਕਿਹਾ—ਪਿਤਾ ਜੀ, ਮੈਂ ਹਰ ਵਾਰੀ 'ਉਸ' ਸੀਟ ਤੇ ਬੈਠ ਕੇ ਜਾਂਦੀ ਹਾਂ।

ਇਹ ਇਕ ਅਮੂਰਤ ਵਸਤੂ ਨਾਲ ਜੁੜਨਾ ਹੈ। ਬਚਪਨ 'ਚ ਤਾਂ ਇਹ ਆਮ ਤੌਰ ਤੇ ਹੁੰਦਾ ਹੈ ਸਕੂਲ 'ਚ-ਇਹ ਮੇਰੀ ਥਾਂ ਹੈ। ਇਹ ਮੇਰੀ ਸੀਟ ਹੈ। ਤੇ ਜਿਸ ਦਿਨ ਬੱਚੇ ਦੀ ਉਹ ਜਗਾਂ ਛੁਟ ਜਾਂਦੀ ਹੈ ਉਹ ਉਸ ਦਿਨ ਪੜ ਨਹੀਂ ਸਕਦਾ।

– ਵਾਸਤਵ 'ਚ ਆਦਮੀ ਦੀ ਸੰਤੁਸ਼ਟੀ ਬਾਹਰੀ ਜਗਤ 'ਚ ਜੁੜੀ ਹੁੰਦੀ ਹੈ। ਤੇ ਇਸ ਦੀ ਪ੍ਰਤੀਕ੍ਰਿਆ ਵਜੋਂ ਉਹ ਆਪਣੇ ਇਰਦ-ਗਿਰਦ ਤੋਂ ਆਪਣਾ ਆਪਾ ਤਿਆਰ ਕਰਦਾ ਹੈ ਦੂਜਿਆਂ ਦੇ ਵਤੀਰੇ ਨੂੰ ਮੁਖ ਰਖ ਕੇ ਜਦੋਂ ਕੋਈ ਆਦਮੀ ਆਪਣੇ ਆਪ ਬਾਰੇ ਸੋਚਦਾ ਹੈ ਤਾਂ ਆਦਮੀ ਸ੍ਵੈ-ਚੇਤਨ (Self-Concious) ਹੁੰਦਾ ਹੈ ਤੇ ਸਮਾਜਿਕ ਪ੍ਰਾਣੀ ਵਜੋਂ ਹੋਂਦ 'ਚ ਆਉਂਦਾ ਹੈ। ਤੇ ਇਸ ਤਰ੍ਹਾਂ ਉਹ ਆਪਣੀ ਇਕ ਤਸਵੀਰ ਮਿਥਦਾ ਹੈ (Image) ਇਹ ਤਸਵੀਰ ਉਸ ਨੂੰ ਆਪਣੀ ਨਜ਼ਦੀਕੀ ਹਰਮਨ ਪਿਆਰੇ ਦੋਸਤਾਂ ਮਿਤਰਾਂ ਤੋਂ ਮਿਲਦੀ ਹੈ। ਤਾਂ ਕਿਸੇ ਪਿਆਰੇ ਮਿਤਰ ਦੋਸਤ ਤੋਂ ਟੁੱਟਣਾ; ਇਸ ਨੂੰ ਵਾਕ 'ਚ ਇਸ ਤਰ੍ਹਾਂ ਕਹਿ ਸਕਦੇ ਹਾਂ—ਪਿਆਰ ਜਾਂ ਪਿਆਰੀ ਵਸਤੂ ਦਾ ਖੋਣਾ (Loss of Love or Love object). ਤਾਂ ਇਸ ਨਾਲ ਉਸ ਦੀ 'ਤਸਵੀਰ' ਦਾ ਕੋਈ ਹਿੱਸਾ ਨਾ ਰਹਿਣ ਕਾਰਣ, ਉਸ ਦੀ ਪਛਾਣ ਨੂੰ ਪ੍ਰਾਪਤੀਆਂ ਤੇ ਖੁਸ਼ ਹੋਣ ਵਾਲਾ ਤੇ ਹਰ ਨਵੇਂ ਕੰਮ ਤੇ ਹੌਸਲਾ ਵਧਾਉਣ ਵਾਲਾ ਤੇ ਹੱਲਾਸ਼ੇਰੀ ਦੇਣ ਵਾਲਾ ਨਹੀਂ ਰਹਿੰਦਾ। ਜੋ ਵੀ ਕੰਮ ਕਰਦਾ ਹੈ ਉਸ ਨੂੰ ਉਸ ਅਨੁਕੂਲ ਪ੍ਰਤੀਕ੍ਰਿਆ ਨਹੀਂ ਮਿਲਦੀ, ਪੁਨਰਬਲ ਨਹੀਂ

ਮਿਲਦਾ ਤਾਂ ਉਹ ਨਿਰਾਸ਼ ਹੋ ਜਾਂਦਾ ਹੈ। ਉਸ ਨੇ ਆਪਣੇ ਆਲੇ ਦੁਆਲੇ 'ਚ ਕੋਈ ਮੋਹ ਨਹੀਂ ਰਹਿ ਜਾਂਦਾ।

ਇਕ ਹੋਰ ਮੁਖ ਲੱਛਣ ਹੈ ਆਪਣੇ ਆਪ ਨੂੰ ਹੀਣਾ ਮਹਿਸੂਸ ਕਰਣ, ਸਾਰਾ ਦੋਸ਼ ਆਪਣੇ ਆਪ ਤੇ ਲੈ ਲੈਣਾ—(Guilt Feeling)

ਜਿਸ ਤਰ੍ਹਾਂ ਆਪਾਂ ਗੱਲ ਕਰ ਰਹੇ ਹਾਂ ਕਿ ਸਮਾ-ਵਾਤਾਵਰਨ 'ਚ ਮਨੁੱਖ ਲੋਕਾਂ ਨਾਲ ਜੁੜਦਾ ਹੈ ਤਾਂ ਉਹ ਲੋਕਾਂ ਦੀਆਂ ਪ੍ਰਤੀ ਕ੍ਰਿਆਵਾਂ ਨੂੰ ਆਪਣੀ ਉਰਜਾ ਜਾਂ ਸ਼ਕਤੀ ਵਜੋਂ ਇਸਤੇਮਾਲ ਕਰਦਾ ਹੈ। ਇਸ ਨੂੰ ਮੰਤਵ ਦੀ ਸ਼ਬਦਾਵਲੀ ਵੀ ਕਿਹਾ ਗਿਆ ਹੈ (Vocabalary of Motives)। ਹੁਣ ਕਿਸੇ ਵੀ ਨੇੜੇ ਤੇ ਪਿਆਰੇ ਵਿਅਕਤੀ ਦਾ ਅੱਡ ਹੋਣਾ ਮਤਲਬ 'ਮੰਤਵ ਦੀ ਸ਼ਬਦਾ-ਵਲੀ- ਘੱਟ ਜਾਉਣਾ ! ਤਾਂ ਜ਼ਿੰਦਗੀ ਦੀਆਂ ਸਮਸਿਆਵਾਂ ਜੋ ਕਿ ਉਹ ਹੁਣ ਸਾਂਹਮਣੇ ਵੇਖਦਾ ਹੈ ਤਾਂ ਉਹ ਆਪਣੀਆਂ ਸਮਸਿਆਵਾਂ ਨੂੰ ਸੁਲਝਾਉਣ ਲਈ ਇਸ ਸ਼ਬਦਾਵਲੀ ਦੀ ਥੋੜ ਪਾਉਂਦਾ ਹੈ। ਮਤਲਬ ਹੋਂਸਲੇ ਦੀ ਕਮੀ ਜਾਂ ਉਸ ਸ਼ਾਬਾਸ਼ੀ ਦੀ ਘਾਟ ਜੋ ਕਿ ਉਸ ਦੀ ਕੰਮ ਕਰਣ ਦੀ ਸ਼ਕਤੀ ਹੈ। ਤਾਂ ਉਹ ਇਸ ਦਾ ਉਪਰਾਲਾ ਇਸ ਤਰ੍ਹਾਂ ਕਰਦਾ ਹੈ—ਆਪਣੀ ਤਕਦੀਰ ਨੂੰ ਆਪਣੇ ਹੱਥ ਲੈ ਲਿੰਦਾ ਹੈ—Defence Mechanism. ਤੇ ਆਪਣੇ ਆਪ ਨੂੰ ਕੋਸ ਕੇ ਇਸ ਦਾ ਹਲ ਲਭਦਾਂ ਹੈ—ਕਿ ਕਸੂਰ ਮੇਰਾ ਹੈ, ਗਲਤੀ ਮੇਰੇ 'ਚ ਹੈ। ਮੇਰੇ ਕਾਰਣ ਹੀ ਸਭ ਕੁਛ ਹੋਇਆ ਹੈ। ਮੈਂ ਸਮਾਜ ਤੇ ਬੋਝ ਹਾਂ। ਮੈਨੂੰ ਮਰ ਜਾਣਾ ਚਾਹੀਦਾ ਹੈ।

ਜੇ ਅਸੀਂ ਉਪਰ ਦੀ ਸਾਰੀ ਗੱਲ ਦਾ ਧੁਰਾ ਲਭੀਏ ਤਾਂ ਉਹ ਹੈ—ਟੁੱਟਣਾ। ਜਿਸ ਨੂੰ ਅਸੀਂ ਐਲੀਨੇਸ਼ਣ ਵੀ ਕਹਿ ਸਕਦੇ ਹਾਂ (Alienation) ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਮਨੁਖ ਐਲੀਨੇਟ ਕਦੋਂ ਹੁੰਦਾ ਹੈ ? ਤੇ ਕਿਉਂ ਹੁੰਦਾ ਹੈ ?

ਮਨੁੱਖ ਦਾ ਹਰ ਕੰਮ ਜੁੜਨ ਨਾਲ ਸਬੰਧਤ ਹੁੰਦਾ ਹੈ। ਉਸ ਦੀ, ਉਸ ਦੇ ਕੰਮ ਦੀ ਸਮਾਜ 'ਚ ਮਾਨਤਾ ਹੁੰਦੀ ਹੈ (Recognition)—ਉਦਾਹਰਣ ਦੇ ਤੌਰ ਤੇ;

"ਮੈਂ ਐਲੋਪੈਥੀ ਦੀ ਦਵਾਈ ਲਿੰਦਾ ਹਾਂ ਕਿਉਂ ਜੋ ਇਸ ਨਾਲ ਮੇਰੀ ਸਿਹਤ ਠੀਕ ਰਹਿੰਦੀ ਹੈ। ਇਸ ਕੰਮ 'ਚ ਇਕ ਟੀਚਾ ਹੈ, ਮੰਤਵ ਹੈ—ਸਿਹਤ। ਸਿਹਤ ਨੂੰ ਪ੍ਰਾਪਤ ਕਰਣ ਲਈ ਰਸਤਾ ਹੈ—ਐਲੋਪੈਥੀ। ਸਿਹਤ ਪ੍ਰਾਪਤੀ ਲਈ ਇਕ ਸੰਸਥਾ ਹੈ, ਮੈਡੀਕਲ ਵਿਭਾਗ (ਉਸ 'ਚ ਕੰਮ ਕਰ ਰਹੇ ਲੋਕ (ਡਾਕਟਰ ਆਦਿ) ਤੇ ਉਸ ਲਈ ਸਹੂਲਤਾਂ ਹਨ—ਹਸਪਤਾਲ, ਦਵਾਈ ਵਗੈਰਾ।

ਇਸ ਨੂੰ ਚਾਰ ਹਿਸਿਆਂ 'ਚ ਵੰਡਿਆ ਜਾ ਸਕਦਾ ਹੈ।

1. ਮੰਤਵ—(Value)
2. ਰਾਹ—(Norms)
3. ਰੋਲ—(Role)
4. ਸਹੂਲਤਾਂ (Facilities)

ਮੰਤਵ ਹੈ, ਸਿਹਤ ! ਮਰੀਜ਼ ਲਈ ਸਿਹਤ ਉਸ ਦਾ ਟੀਚਾ ਹੈ, ਡਾਕਟਰ ਲਈ ਸਿਹਤ ਵੰਡਣਾ ! ਦੋਵੇਂ ਆਪਣੇ ਰੋਲ ਅਦਾ ਕਰਦੇ ਹਨ।

ਮਰੀਜ਼ ਆਪਣੇ ਰੋਲ ਤੋਂ ਟੁੱਟ ਜਾਂਦਾ ਹੈ ਜਦੋਂ ਉਸ ਨੂੰ ਡਾਕਟਰ ਤੋਂ ਸਿਹਤ ਨਹੀਂ ਮਿਲਦੀ। ਡਾਕਟਰ ਆਪਣੇ ਰੋਲ ਤੋਂ ਟੁੱਟ ਜਾਂਦਾ ਹੈ ਜਦੋਂ ਉਹ ਕਿਸੇ ਦੀ ਸਿਹਤ ਠੀਕ ਨਹੀਂ ਕਰ ਸਕਦਾ। ਆਦਮੀ 'ਚ ਉਸ ਦਾ ਰੋਲ ਹੈ—ਕਿੱਤਾ। ਜਦੋਂ ਉਹ ਆਪਣੇ ਕਿੱਤੇ ਤੋਂ ਪਛਾਣਿਆਂ ਨਹੀਂ ਜਾਂਦਾ ਤਾਂ ਉਹ ਐਲੀਨੇਟ ਹੋ ਜਾਂਦਾ ਹੈ।

ਡਾਕਟਰ ਕੋਲ ਹੁਨਰ ਹੈ। ਪਰ ਉਸ ਦਾ ਹੁਨਰ ਓਦੋਂ ਤਕ ਕਿਸੇ ਕੰਮ ਦਾ ਨਹੀਂ ਜਦੋਂ ਤਕ ਮਰੀਜ਼ ਨੂੰ ਦਵਾਈ ਨਹੀਂ ਮਿਲਦੀ (ਸਹੂਲਤਾਂ) ਮਰੀਜ਼ ਨੂੰ ਦਵਾਈ ਨਹੀਂ ਮਿਲਦੀ ਤਾਂ ਉਸ ਦਾ ਵਿਸ਼ਵਾਸ਼ ਉਠ ਜਾਂਦਾ ਹੈ। ਕੋਈ ਵੀ ਵਰਕਰ ਕਿਸੇ ਫੈਕਟਰੀ 'ਚ ਕੰਮ ਕਰਦਾ ਹੈ ਜੋ ਕਿ ਕੁਛ ਬਣਾਂਦਾ ਹੈ, ਉਸ ਨੂੰ ਵਰਤ ਨਹੀਂ ਸਕਦਾ ਤਾਂ ਉਹ ਉਸ ਕੰਮ ਤੋਂ, ਉਸ ਵਸਤੂ ਤੋਂ ਤੇ ਫਿਰ ਆਪਣੇ ਆਪ ਤੋਂ ਟੁਟ ਜਾਂਦਾ ਹੈ (ਮਾਰਕਸ)

ਅਜਨਬੀਪੰਣ ਦੇ ਆਰਥਿਕ ਨਿਯਮ ਅਨੁਸਾਰ— ਕੋਈ ਵਰਕਰ ਜਿੰਨ੍ਹੀ ਜ਼ਿਆਦਾ ਪੈਦਾਵਾਰ ਕਰੇਗਾ, ਉਨ੍ਹੀ ਘੱਟ ਵਰਤੋਂ ਕਰੇਗਾ। ਜਿਨ੍ਹੇ ਜ਼ਿਆਦਾ ਮੰਤਵ ਬਣਾਏਗਾ, ਉਨ੍ਹਾਂ ਹੀ ਮੰਨਤਹੀਨ ਹੋਵੇਗਾ। ਵਸਤੂਆਂ ਦੀ ਹਾਲਤ ਜਿੰਨੀ ਸੁਧਰੇਗੀ ਵਰਕਰ ਦੀ ਹਾਲਤ ਓਨੀ ਹੀ ਡਿਗੇਗੀ। ਕੰਮ ਜਿੰਨਾ ਸ਼ਕਤੀਸ਼ਾਲੀ ਹੋਵੇਗਾ, ਕਾਮਾ ਓਹਨਾ ਹੀ ਸ਼ਕਤੀਹੀਨ ਹੋਵੇਗਾ।

ਤੇ ਏਹੀ ਸਭ ਕੁਛ ਹੈ—ਐਲੀਨੇਸ਼ਨ ! ਸੀਮੈਨ (Seeman) ਨੇ ਐਲੀਨੇਸ਼ਨ ਦੇ ਪੰਜ ਹਿੱਸੇ ਦਸੇ ਹਨ : ਸ਼ਕਤੀਹੀਨਤਾ (Powerlessness), ਅਰਥਹੀਨਤਾ (Meaninglessness) ਕਲੱਪਣ (Isolation), (Self-estrangement), ਅਨਿਯਮਤਾ (Norm-ess) ਪਰ ਇਨ੍ਹਾਂ ਨਾਲ ਹੀ ਬਸ ਨਹੀਂ ਹੋ ਜਾਂਦੀ। ਅਸੀਂ ਇਸ ਤਰ੍ਹਾਂ ਦੇ ਸੈਂਕੜੇ ਸ਼ਬਦ ਐਲੀਨੇਸ਼ਨ ਲਈ ਵਰਤੇ ਜਾ ਸਕਦੇ ਹਨ—ਟੁੱਟਣਾ, ਆਪਣੀ ਹੋਂਦ ਤੇ ਹੀ ਸ਼ੱਕ ਹੋਣਾ, ਇਹ ਸਮਝਣਾ ਕਿ ਉਸ ਨੂੰ ਕੋਈ ਪਿਆਰ ਨਹੀਂ ਕਰਦਾ, ਪਰਦੇਸੀ ਸਮਝਣਾ (Free Floater, Outsider) ਵਗੈਰਾ, ਵਗੈਰਾ ! ਉਪਰ ਦਿਤੀ ਗਈ ਪਰਿਭਾਸ਼ਾ ਐਲੀਨੇਸ਼ਨ ਤੇ ਸਿੱਧੀ ਢੁਕਦੀ ਹੈ।

ਹੁਣ ਤਕ ਦੀ ਸਾਰੀ ਗੱਲ ਨੂੰ ਸਮੇਟਿਆ ਜਾਵੇ ਤਾਂ—ਫਰੌਮ (Fromm) ਦੇ ਅਨੁਸਾਰ ! ਮਨੁੱਖ ਜੁੜਨਾ ਚਾਹੁੰਦਾ ਹੈ, ਕਿਸੇ ਦਾ ਹੋਣਾ ਚਾਹੁੰਦਾ ਹੈ। ਇਸੇ ਵਿਚ ਹੀ ਉਹ ਆਪਣੇ ਆਪ ਨੂੰ ਸੁਰਖਿਅਤ ਮਹਿਸੂਸ ਕਰਦਾ ਹੈ ਤੇ ਇਸ ਨਾਲ ਹੀ ਉਸ ਨੂੰ ਮਾਨਸਿਕ ਸੰਤੁਸ਼ਟੀ ਮਿਲਦੀ ਹੈ ਜੋ ਕਿ ਪਿਆਰ, ਮੁਹੱਬਤ, ਸਮਾਜ 'ਚ ਪਛਾਣੇ ਜਾਣ ਨਾਲ ਤੇ ਮਾਨਤਾ ਪ੍ਰਾਪਤ ਹੋਣ ਨਾਲ ਹੁੰਦੀ ਹੈ !

ਵੈਸੇ ਹਰ ਇਕ ਮਨੁੱਖ ਦੀ ਆਪਣੀ ਜ਼ਿੰਦਗੀ 'ਚ ਸ਼ੁਰੂ ਤੋਂ ਲੈ ਕੇ ਆਖਰ ਤਕ, ਉਮਰ ਮੁਤਾਬਕ ਇਕ ਖ਼ਾਸ ਚਾਹ ਹੁੰਦੀ ਹੈ—

ਪਿਆਰ ਦੀ ਜ਼ਰੂਰਤ (ਬਚਪਣ 'ਚ)
ਜੁੜਣ ਦੀ ਜ਼ਰੂਰਤ (ਸਕੂਲ ਜਾਣ ਵੇਲੇ)
ਸੁਤੰਤਰ ਰਹਿਣ ਦੀ ਚਾਹ (ਕਿਸ਼ੋਰਾਵਸਥਾ 'ਚ)
ਕੁਝ ਕਰਣ ਦੀ ਇੱਛਾ (ਜਵਾਨੀ 'ਚ)
ਪਛਾਣੇ ਜਾਣ ਦੀ ਚਾਹ (ਅਧੇੜ ਉਮਰੇ)
ਆਪਣੀ ਨਜ਼ਰਾਂ 'ਚ ਉਪਰ ਉਠਣਾ
ਨਿਸਚਿੰਤ ਹੋਣ ਦੀ ਚਾਹ (ਬੁਢਾਪੇ 'ਚ)

ਤੇ ਜਦੋਂ ਵੀ ਸਮਾਜ 'ਚ ਇਹਨਾਂ ਅਧਾਰਭੂਤ ਹਾਲਤਾਂ ਨੂੰ ਠੇਸ ਪਹੁੰਚਦੀ ਹੈ ਤਾਂ ਫਰੌਮ (Fromm) ਮੁਤਾਬਕ ਜਾਂ ਤਾਂ—ਮਨੁੱਖ ਗੁੱਸੇ ਨਾਲ ਭੜਕ ਉਠਦਾ ਹੈ (Overaggressive) ਜਾਂ ਹਾਲਾਤ ਨਾਲ ਸਮਝੌਤਾ ਕਰ ਲੈਂਦਾ ਹੈ ਤੇ ਘਟਨਾਵਾਂ ਨੂੰ ਤਕਦੀਰ ਮਨ ਲੈਂਦਾ ਹੈ (Submission), ਜਾਂ ਫਿਰ ਇਸ ਦੁਨੀਆਂ ਨੂੰ ਛੱਡ ਕੇ ਆਪਣੀ ਵਖਰੀ ਦੁਨੀਆਂ ਬਣਾ ਲੈਂਦਾ ਹੈ (apathetic withdrawl).

ਤੇ ਆਪਾਂ ਉਦਾਸੀ ਰੋਗ ਦੇ ਜਿਨ੍ਹਾਂ ਲਛਣਾਂ ਦੀ ਗੱਲ ਕੀਤੀ ਹੈ ਉਹ ਸਾਰੇ ਕਿਸੇ ਨਾ ਕਿਸੇ ਰੂਪ 'ਚ ਹੋ ਰਹੇ ਐਲੀਨੇਸ਼ਨ ਦੀ ਹੀ ਪੈਦਾਵਾਰ ਹਨ।

ਇਸ ਨਾਲ ਜੁੜਦੀ ਇਕ ਗੱਲ ਹੈ—ਨਸ਼ਿਆਂ ਦੀ ਵਰਤੋਂ (ਸ਼ਰਾਬ, ਗੋਲੀਆਂ ਵਗੈਰਾ) ਇਹ ਵੈਸੇ ਆਪਣੇ ਆਪ 'ਚ ਇਕ ਅਲਗ ਚਰਚਾ ਦਾ ਵਿਸ਼ਾ ਹੈ, ਪਰ ਇਸ ਨੂੰ ਵੀ ਹਾਲਾਤ ਨਾਲ ਸਮਝੌਤਾ ਕਰਨਾ (Submission) ਦਾ ਇਕ ਰੂਪ ਹੀ ਦਸਿਆ ਜਾਂਦਾ ਹੈ। ਮੈਂ ਜਿਸ ਇਲਾਕੇ 'ਚ ਕੰਮ ਕਰਦਾ ਹਾਂ ਉਥੇ ਨਸ਼ੇ ਦੀ ਵਰਤੋਂ ਸਭ ਤੋਂ ਜਿਆਦਾ ਹੁੰਦੀ ਹੈ (ਜਿਲਾ ਬਠਿੰਡਾ)। ਮੇਰੇ ਕੋਲ ਡਿਸਪੈਂਸਰੀ 'ਚ ਇਕ ਮਰੀਜ਼ ਆਇਆ। ਉਸਨੇ ਗੋਲੀਆਂ ਖਾਧੀਆਂ ਹੋਈਆਂ ਸਨ। ਪਰ ਉਹ ਆਇਆ ਸੀ ਪੱਟੀ ਕਰਵਾਉਣ। ਉਸ ਨੂੰ ਵੇਖ ਕੇ ਮੈਂ ਪੁਛਿਆ—'ਕੀ ਖਾਧਾ ਹੋਇਆ ਹੈ'।

ਉਹ ਬੋਲਿਆ, 'ਕੁਛ ਵੀ ਨਹੀਂ'।

ਮੈਂ ਉਲਟ ਤਰ੍ਹਾਂ ਪੁਛ ਲਿਆ, 'ਕਿੰਨੀਆਂ ਗੋਲੀਆਂ ਖਾਧੀਆ ਨੇ'।

ਜਵਾਬ ਸੀ—'ਕਿਹੜੀਆਂ ਗੋਲੀਆਂ, ਦੋ ਮੁਕਦਮੇ ਚਲਦੇ ਨੇ'।

ਜਵਾਬ 'ਚ ਪੂਰਾ ਕਿੱਸਾ ਸੀ।

ਇਹ ਠੀਕ ਹੈ ਨਸ਼ਿਆਂ ਦੀ ਵਰਤੋਂ ਦਾ ਜ਼ਿਲੇ ਦੇ ਹਿਸਾਬ ਜਾਂ ਰਾਜਾਂ ਦੇ ਹਿਸਾਬ ਨਾਲ ਚਾਰਟ ਕਰਨਾ ਹੋਰ ਗੱਲ ਹੈ ਪਰ ਉਹਨਾਂ ਦੇ ਕਾਰਣ ਤਕ ਪਹੁੰਚਣਾ ਹੋਰ ਗੱਲ।

ਇਸ ਸਾਰੀ ਗੱਲ ਤੋਂ ਉਦਾਸੀ ਰੋਗ ਦੇ ਮਾਨਸਿਕ ਲਛਣਾਂ ਦੀ ਉਤਪਤੀ ਦੀ ਸਮਝ ਸਾਫ ਹੁੰਦੀ ਹੈ ਤੇ ਹੁਣ ਥੋੜੀ ਜਿਹੀ ਗੱਲ ਸਰੀਰਿਕ ਲਛਣਾਂ ਬਾਰੇ :—

ਕੋਈ ਵੀ ਮਾਨਸਿਕ ਰੋਗ ਇਕੋ ਦਿਲ 'ਚ ਹੀ ਸਾਹਮਣੇ ਨਹੀਂ ਆਉਂਦਾ। ਰੋਜ਼ਮਰਾਂ ਦੀ ਜ਼ਿੰਦਗੀ 'ਚ ਹਾਦਸਿਆਂ ਨੂੰ ਆਪਣੇ ਨਾਲ ਦੋ-ਚਾਰ ਕਰਦਾ ਹੈ ਤੇ ਇਕ ਦਿਨ ਟੁੱਟ ਜਾਂਦਾ ਹੈ। ਜਦੋਂ ਵੀ ਕੋਈ ਘਟਨਾ ਹੁੰਦੀ ਹੈ ਮਨੁਖ ਤਨਾਓ 'ਚ ਆਉਂਦਾ ਹੈ ਜੋ ਕਿਸੇ ਵੀ ਮਾਨਸਿਕ ਰੋਗ ਦੀ ਮੁੱਢਲੀ ਹਾਲਤ ਹੈ। ਇਸ ਅਵਸਥਾ ਦਾ, ਹਰ ਇਕ ਮਨੁਖ ਆਪਣੇ ਜੀਵਨ 'ਚ ਸਾਹਮਣਾ ਕਰਦਾ ਹੀ ਹੈ ! ਸਭ ਨਾਲ ਬੀਤੀ ਹੋਈ ਗੱਲ ਹੈ—ਪਰੀਖਿਆ ਦਾ ਦਿਨ ਜਾਂ ਉਸ ਤੋਂ ਵੱਧ ਕਿਸੇ ਨੌਕਰੀ ਦੀ ਇੰਟਰਵਿਊ ! ਤੁਸੀਂ ਜੋ ਮਹਿਸੂਸ ਕਰਦੇ ਹੋ—

—ਮੁਠੀਆਂ ਦਾ ਮਿੱਚੀਆਂ ਜਾਉਣਾ
—ਮੂੰਹ ਸੁਕਣਾ
—ਦਿਲ ਦੀ ਧੜਕਣ ਵਧਣਾ
—ਦਿਲ ਡੁਬਣਾ
—ਪਸੀਨਾ ਆਉਣਾ
—ਵਾਰੀ-ਵਾਰੀ ਪਿਸ਼ਾਬ ਆਉਣਾ

ਜੇ ਤਨਾਓ ਕੁਝ ਜ਼ਿਆਦਾ ਗੰਭੀਰ ਹੋਵੇ (ਘਰ 'ਚ ਲੜਾਈ, ਦਫਤਰ ਦਾ ਮਾਹੌਲ ਵਗੈਰਾ) ਤਾਂ ਉਪਰਲੇ ਸਾਰੇ ਲਛਣਾਂ ਤੋਂ ਇਲਾਵਾ ! ਦਰਦਾਂ-ਪੀੜਾਂ, ਬੁਰੇ-ਬੁਰੇ ਖਿਆਲ ਆਉਣੇ, ਹਰ ਅਗਲੇ ਕਦਮ ਤੇ ਡਰ ਦਾ ਭਰਮ ਹੋਣਾ, ਸਾਹ ਡੂੰਘਾ ਹੋਣਾ, ਭੁੱਖ ਨਾ ਲਗਣੀ, ਹਾਜ਼ਮਾ ਠੀਕ ਨਾ ਹੋਣਾ, ਸਿਰ ਦਰਦ Tension Headache ਸਿਰ ਭਾਰੀ-ਭਾਰੀ ਰਹਿਣਾ।

ਇਹ ਸਿਰ-ਦਰਦ ਤੇ ਹੋਰ ਦਰਦਾਂ ਪੀੜਾਂ ਤਨਾਓ ਕਰਕੇ ਹੁੰਦੀਆਂ ਹਨ। ਉਸ ਦੀ ਪੜਤਾਲ ਲਈ, ਜੇ ਇਸ ਹਾਲਤ ਦੇ ਆਦਮੀ ਨੂੰ 10% Sodium Amylate (ਸੋਡੀਅਮ ਅਮਾਈਲੇਟ) ਦਾ ਟੀਕਾ ਨਾੜ 'ਚ ਲਾਇਆ ਜਾਵੇ ਤਾਂ ਉਸ ਦਾ ਸਿਰ ਦਰਦ ਉਸੇ ਵਕਤ ਠੀਕ ਹੋ ਜਾਂਦਾ ਹੈ ਜਦ ਕਿ Sodium Amylate ਕੋਈ ਸਿਰ ਦਰਦ ਦੀ ਦਵਾ ਨਹੀਂ ਹੈ, ਇਹ ਸਿਰਫ ਸਰੀਰ ਨੂੰ ਤਨਾਓ ਮੁਕਤ ਕਰਦੀ ਹੈ।

'ਤਨਾਓ-ਮੁਕਤ' ਦਾ ਮਤਲਬ ਹੈ ਕਿ ਸ਼ਰੀਰ ਦੀਆਂ ਮਾਸਪੇਸ਼ੀਆਂ ਤੇ ਨਾੜਾਂ ਜੋ ਖਿਚੀਆਂ ਗਈਆਂ ਸਨ ਤੇ ਉਹਨਾਂ ਕਾਰਨ ਇਹ ਲੱਛਣ ਪੈਦਾ ਹੋਏ ਹਨ ਉਹ ਮਾਸ-ਪੇਸ਼ੀਆਂ ਤਨਾਓ ਤੋਂ ਮੁਕਤ (Relax) ਹੋ ਜਾਂਦੀਆਂ ਹਨ। Sodium Amylate ਇਹ ਬਾਹਰੋਂ ਭੇਜਿਆ ਗਿਆ ਕੈਮੀਕਲ ਹੈ। ਜੋਕਿ ਆਪਣੇ ਢੰਗ ਨਾਲ ਤਨਾਓ ਠੀਕ ਕਰਦਾ ਹੈ। ਇਸ ਤੋਂ ਸਾਫ ਹੋ ਜਾਂਦਾ ਹੈ ਕਿ ਕੋਈ ਇਸ ਤਰ੍ਹਾਂ ਦਾ ਕੈਮੀਕਲ ਪਹਿਲਾਂ ਹੀ ਪੈਦਾ ਹੋਇਆ ਹੋਵੇਗਾ ਜਿਸਨੇ ਸ਼ਰੀਰ 'ਚ ਤਨਾਓ 'ਚ ਲਿਆਂਦਾ ਤੇ ਉਸ ਕੈਮੀਕਲ ਨਾਲ ਲੜ ਕੇ Sodium amylate ਨੇ ਉਸ ਦੇ ਅਸਰ ਨੂੰ ਖਤਮ ਕੀਤਾ।

ਤਾਂ ਇਸ ਤੋਂ ਦੋ ਗਲਾਂ ਸਾਹਮਣੇ ਆਉਂਦੀਆਂ ਹਨ।

1. ਜਦੋਂ ਵੀ ਮਨੁੱਖ ਤਨਾਓ 'ਚ ਹੁੰਦਾ ਹੈ ਤਾਂ ਕੋਈ ਨਾ ਕੋਈ ਕੈਮੀਕਲ ਪੈਦਾ ਹੁੰਦਾ ਹੈ ਜੋ ਕਿ ਪੂਰੇ ਸ਼ਰੀਰ ਤੇ ਆਪਣਾ ਅਸਰ ਪਾਉਂਦਾ ਹੈ।

2. ਬਾਹਰੋਂ ਵਰਤੀ ਗਈ ਕੋਈ ਵੀ ਦਵਾਈ ਆਰਜ਼ੀ ਕੰਮ ਤਾਂ ਕਰ ਸਕਦੀ ਹੈ ਪਰ ਉਹ ਉਸ ਨੂੰ ਪੂਰੀ ਤਰ੍ਹਾਂ ਛੁਟਕਾਰਾ ਨਹੀਂ ਦੇ ਸਕਦੀ। ਇਲਾਜ ਕਿਤੇ ਹੋਰ ਹੈ।

ਆਦਮੀ ਆਪਣੀ ਰੋਜ਼ਮਰਾ ਦੀ ਜ਼ਿੰਦਗੀ ਜੀਂਦਾ ਹੋਇਆ ਤਨਾਓ 'ਚ ਲੰਘੇਗਾ ਤੇ ਉਸ ਦੇ ਸ਼ਰੀਰ 'ਚ ਪ੍ਰਤੀਕ੍ਰਿਆ ਵਜੋਂ ਕੋਈ ਨਾ ਕੋਈ ਕੈਮੀਕਲ ਪੈਦਾ ਹੋਵੇਗਾ। ਤੇ ਫਿਰ ਜਦੋਂ ਕੋਈ ਆਦਮੀ ਆਪਣੀ ਸਰੀਰਿਕ ਬਣੌਤਰ ਵਜੋਂ ਤੇ ਪ੍ਰਤੀਕ੍ਰਿਆ ਦੇ ਅਸਰ ਦੇ ਦਰਜੇ ਵਜੋਂ ਮਾਨਸਿਕ ਰੋਗੀ ਬਣਕੇ ਆਉਂਦਾ ਹੈ ਤਾਂ ਉਸਦਾ ਖ਼ੂਨ, ਪਿਸ਼ਾਬ ਟੈਸਟ ਕਰਕੇ ਉਸ 'ਚੋਂ ਲਭੇ ਅਸਮਾਨਯ ਕੈਮੀਕਲ (Abnormal Chemicals) ਦੇ ਆਧਾਰ ਤੇ ਇਹ ਕਹਿਣਾ ਕਿ ਫਲਾਂ ਕੈਮੀਕਲ 'ਉਦਾਸੀ ਰੋਗ' ਦਾ ਕਾਰਣ ਹੈ ਤੇ ਫਲਾਂ ਪਾਗਲਪਣ ਦਾ ਆਦਿ! ਇਹ ਕੋਈ ਕਾਰਣ ਨਹੀਂ (Cause) ਬਲਕਿ ਅਸਰ ਹਨ (effect) ਕਿਉਂ ਜੋ ਆਮ ਤੌਰ ਦੇ ਕਿਸੇ ਵੀ ਮਾਨਸਿਕ ਰੋਗ ਦਾ ਕਾਰਣ ਲਭਦੇ ਵਕਤ, ਇਸ ਤਰ੍ਹਾਂ ਦੀ ਢੂੰਡ ਕੀਤੀ ਜਾਂਦੀ ਹੈ:

1. ਆਦਮੀ ਦੇ ਅੰਦਰੋਂ—ਸਰੀਰ ਤੋਂ

2. ਆਦਮੀ ਤੋਂ ਬਾਹਰ—ਵਾਤਾਵਰਣ ਤੋਂ

1. ਆਦਮੀ ਦੇ ਅੰਦਰੋਂ—(ਸ਼ਰੀਰ ਤੋਂ)

(ੳ) ਜੈਨੇਟਿਕ

(ਅ) ਬਾਓਕੈਮੀਕਲ

2. ਆਦਮੀ ਤੋਂ ਬਾਹਰ (ਵਾਤਾਵਰਨ)—ਜੋ ਕਿ ਅਸਲ 'ਚ ਸਹੀ ਕਾਰਣ ਹੈ। ਇਸ ਨੂੰ ਇਸ ਤਰ੍ਹਾਂ ਸਮਝਿਆ ਜਾ ਸਕਦਾ ਹੈ।

+ ਪਰਿਵਾਰਕ ਵਾਤਾਵਰਨ

+ ਪਰਿਵਾਰ ਤੋਂ ਬਾਹਰ

o ਉਪਚਾਰਕ ਵਾਤਾਵਰਨ—ਦਫਤਰ, ਬਿਜਨੈਸ

o ਅਨਉਰਚਾਰਕ ਵਾਤਾਵਰਨ—ਦੋਸਤ

ਬਾਕੀ ਇਹਨਾਂ ਨੂੰ ਸਾਹਮਣੇ ਰਖ ਕੇ ਅਸੀਂ ਕਿਨ੍ਹੇ ਹੀ ਕਾਰਣ ਸਮਾਜ 'ਚੋਂ ਲੱਭ ਸਕਦੇ ਹਾਂ। ਜਿਵੇਂ: ਉਦਾਸੀ ਰੋਗ ਔਰਤਾਂ 'ਚ ਆਦਮੀਆਂ ਨਾਲੋਂ ਦੋ ਗੁਣਾ ਵੱਧ ਹੁੰਦਾ ਹੈ। ਉਸ ਦਾ ਕਾਰਣ ਸਾਡੇ ਦੇਸ਼ 'ਚ ਘੱਟ ਤੋਂ ਘੱਟ ਇਹ ਹੋ ਸਕਦੇ ਹਨ:

ਰੂੜੀਵਾਦੀ ਸੰਸਕਾਰ: ਔਰਤ ਨੂੰ ਕਰਮਜਲੀ, ਮਨਹੂਸ, ਕਲਮੂੰਹੀ ਆਦਿ। ਪਤੀ ਦੇ ਹੁੰਦੇ ਹੋਇਆਂ ਵੀ ਉਸ ਦੇ ਲਈ ਆਪਣੇ ਆਪ ਨੂੰ ਅਰਪਿਤ ਕਰਨਾ! ਜ਼ਿਆਦਾਤਰ ਤਾਂ ਸਾਡੇ ਸਮਾਜ 'ਚ ਅਜੇ ਵੀ ਔਰਤ ਨੂੰ ਰਸੋਈ ਘਰ ਲਈ ਤੇ ਬੱਚੇ ਪੈਦਾ ਕਰਨ ਵਾਲੀ ਤੇ ਸਾਂਭਣ ਵਾਲੀ ਤੋਂ ਵੱਧ ਦਰਜਾ ਨਹੀਂ ਦਿੱਤਾ ਜਾਂਦਾ।

ਹੋਰ ਕਾਰਣਾਂ 'ਚ—ਅੰਧ ਵਿਸ਼ਵਾਸ, ਪਾਪ-ਪੁੰਨ ਦੇ ਡਰ, ਸਵਰਗ ਨਰਕ ਤੇ ਲੋਕ ਪਰਲੋਕ ਦੇ ਚੱਕਰ। ਮਸ਼ੀਨੀ ਯੁੱਗ 'ਚ ਅੰਧ ਵਿਸ਼ਵਾਸਾਂ ਦੀ ਸੜਕ ਤੋਂ ਤੁਰ ਕੇ ਬਰਾਬਰੀ ਕਰਨਾ ਤੇ ਸਭ ਤੋਂ ਵੱਧ ਤੇ ਹਰ ਇਕ ਕਾਰਣ ਦਾ ਧੁਰ ਹੈ ਆਰਥਕ ਅਸੁਰਖਿਆ (Economic Insecurity)

ਪਰ ਇਹਨਾਂ ਕਾਰਣਾਂ ਨੂੰ ਇਕ ਇਕ ਕਰਕੇ ਸਮਝਣ ਦੀ ਜ਼ਰੂਰਤ ਹੈ। ਇਹ ਸਭ ਸਮਾਜਿਕ ਵਿਕਾਸ ਦੇ ਨਾਲ ਨਾਲ ਆਏ ਹਨ। ਇਨ੍ਹਾਂ ਨੂੰ ਉਸੇ ਸੰਦਰਭ 'ਚ ਹੀ ਲਿਆਂ ਜਾਵੇ ਤੇ ਸਮਝਿਆ ਜਾਵੇ। ਇਸ ਤਰ੍ਹਾਂ ਸੰਸਕ੍ਰਿਤੀ ਦੇ ਵਿਕਾਸ ਨੂੰ ਮਨੁੱਖ ਐਲੀਨੇਟ ਹੋਇਆ ਹੈ।

ਉਸ ਸੰਦਰਭ 'ਚ ਸਮਝਣ ਤੋਂ ਪਿਛੋਂ ਹੀ ਅਸੀਂ ਇਸ ਦਾ ਕੋਈ ਉਪਰਾਲਾ ਸੋਚ ਸਕਦੇ ਹਾਂ। ਕਾਰਣ ਇਕ ਹੈ—ਐਲੀਨੇਸ਼ਣ, ਚਾਹੇ ਕਿਸੇ ਵੀ ਤਰ੍ਹਾਂ ਦਾ ਮਾਨਸਿਕ ਰੋਗ ਹੋਵੇ ਤਾਂ ਉਪਰਾਲਾ ਵੀ ਉਸ ਨੂੰ ਮੁੱਖ ਰੱਖ ਕੇ ਹੀ ਕੀਤਾ ਜਾ ਸਕਦਾ ਹੈ।

ਪਰ ਇਹ ਲੇਖ ਮੈਂ, ਅਕਬਰ-ਬੀਰਬਲ ਦੀ ਗੱਲ ਤੇ ਖਤਮ ਕਰਦਾ ਹਾਂ—

ਅਕਬਰ ਨੇ ਕਿਸੇ ਨੂੰ ਸਜ਼ਾ ਦੇ ਤੌਰ ਤੇ ਇਹ ਕਿਹਾ ਕਿ ਇਹ ਬਕਰੀ ਲੈ ਜਾ ਤੇ ਇਕ ਮਹੀਨੇ ਬਾਅਦ ਆਈਂ। ਇਸ ਬਕਰੀ ਦਾ ਭਾਰ ਤੋਲ ਕੇ ਲੈ ਜਾ ਇਹ ਇਨ੍ਹਾਂ ਹੀ ਹੋਣਾ ਚਾਹੀਦਾ ਹੈ, ਨਾ ਘੱਟ ਨਾ ਵੱਧ। ਉਹ ਦੁਚਿੱਤੀ 'ਚ ਪੈ ਗਿਆ। ਕਿ ਇਹ ਕਿਵੇਂ ਹੋ ਸਕਦਾ ਹੈ। ਜੇ ਕੁਛ ਖਵਾਇਆ ਤਾਂ ਭਾਰ ਵਧੇਗਾ ਤੇ ਜੇ ਨਾ ਖਵਾਇਆ ਤਾਂ ਭਾਰ ਘਟੇਗਾ। ਫਿਰ ਉਸ ਨੂੰ ਬੀਰਬਲ ਦੀ ਯਾਦ ਆਈ। ਉਸ ਨੇ ਬੀਰਬਲ ਨੂੰ ਆਪਣੇ ਦੁਚਿਤੀ ਬਿਆਨ ਕੀਤੀ। ਤੇ ਫਿਰ ਕੀ, ਬੀਰਬਲ ਨੇ

ਕਿਹਾ—ਇਸ 'ਚ ਕੀ ਮੁਸ਼ਕਿਲ ਹੈ। ਤੂੰ ਜਾ ਆਰਾਮ ਕਰ ਤੇ ਸਵੇਰ ਤੋਂ ਸ਼ਾਮ ਤਕ ਜੋ ਤੇਰਾ ਦਿਲ ਕਰੇ ਇਸ ਨੂੰ ਖਵਾਇਆਂ ਕਰ। ਪਰ ਇਕ ਕੰਮ ਜੋ ਤੂੰ ਕਰਨਾ ਹੈ, ਇਹ ਕਿ ਸਵੇਰ ਤੋਂ ਸ਼ਾਮ ਤਕ ਖਵਾਉਣ ਤੋਂ ਬਾਅਦ ਇਸ ਨੂੰ ਇਕ ਵਾਰੀ ਸ਼ੇਰ ਦੇ ਸਾਹਮਣੇ ਕਰ ਆਇਆ ਕਰ। ਸਾਰਾ ਖਾਧਾ-ਪੀਤਾ ਬਰਾਬਰ!

ਇਹ ਤਾਂ ਕਿੱਸਾ ਹੈ—ਸੱਚ ਜਾਂ ਝੂਠ ਕਿ ਇਹ ਵਾਪਰਿਆ ਜਾਂ ਨਹੀਂ। ਪਰ ਇਸ ਤੋਂ ਸਪਸ਼ਟ ਹੈ ਕਿ ਕਿਸ ਤਰ੍ਹਾਂ ਸਾਰੇ ਦਿਨ ਦਾ ਖਾਇਆ ਪੀਆ ਬਰਾਬਰ ਹੋ ਜਾਂਦਾ ਹੈ। ○

---

# *ਇਕ ਗਿਆਨੀ-ਸੱਤ ਖਾਲਿਸਤਾਨੀ*

## ਐਮ. ਸੀ. ਭਾਰਦਵਾਜ

ਪ੍ਰੋ. ਭਾਰਦਵਾਜ ਦਾ ਇਹ ਲੇਖ ਪੰਜਾਬ ਵਿਚ ਹਿੰਦੂ ਸਿੱਖ ਮਸਲੇ ਤੇ ਇਕ ਵਿਸਥਾਰਪੂਰਬ ਝਾਤ ਪਾਂਦਾ ਹੈ। ਇਤਹਾਸਕ ਪਛੋਕੜ ਤੋਂ ਇਸ ਮੱਸਲੇ ਨੂੰ ਲੈ ਕੇ ਪ੍ਰੋ. ਭਾਰਦਵਾਜ ਨੇ ਉਹਨਾਂ ਸ਼ਕਤੀਆਂ ਤੇ ਉਂਗਲ ਰਖਣੀ ਚਾਹੀ ਹੈ, ਜੋ ਪੰਜਾਬ ਦੇ ਅਮਨ ਨੂੰ ਬਰਬਾਦ ਕਰਨਾ ਚਾਹੁੰਦੀਆਂ ਹਨ ਅਤੇ ਲੋਕਾਂ ਦੇ ਚੰਗੀ ਜ਼ਿੰਦਗੀ ਲਈ ਸੰਘਰਸ਼ ਵਿਚ ਵਿਘਣ ਪਾਉਣਾ ਚਾਹੁੰਦੀਆਂ ਹਨ। ਅਸੀਂ ਚਾਹਵਾਂਗੇ ਕਿ ਸਾਡੇ ਸਾਧਾਰਨ ਲੋਕ ਤੇ ਖਾਸ ਕਰਕੇ ਬੁਧੀਜੀਵੀ ਤੱਬਕਾ ਇਸ ਮੱਸਲੇ ਦਾ ਪੂਰਾ ਨੋਟਿਸ ਲੈਣ ਤੇ ਇਸ ਉਤੇ ਬਹਿਸ ਚਲਾਉਣ। ਇਸ ਲੇਖ ਉਤੇ ਹਰ ਕਿਸਮ ਦੀ ਟਿੱਪਣੀ ਦਾ ਲੇਖਕ ਸਵਾਗਤ ਕਰੇਗਾ।

ਸੰਪਾਦਕ

---

ਹੂੰ! ਤੇ ਹੁਣ 'ਉਹ' ਵੰਡਣਾ ਚਾਹੁੰਦੇ ਹਨ, ਉਹੋ ਹੀ...ਉਹੋ, ਜਿਨ੍ਹਾਂ ਅਸਾਮੀਆਂ ਨੂੰ ਬੰਗਾਲੀਆਂ ਦੇ ਖਿਲਾਫ ਕੀਤਾ ਹੋਇਆ ਹੈ...ਮਰਾਠੀਆਂ ਨੂੰ ਗੁਜਰਾਤੀਆਂ ਦੇ ਖਿਲਾਫ...ਉੱਤਰੀ ਭਾਰਤੀਆਂ ਨੂੰ ਪੂਰਬੀਆਂ ਦੇ ਖਿਲਾਫ ਤੇ ਦੱਖਣ ਵਾਲਿਆਂ ਨੂੰ ਉੱਤਰ ਵਾਲਿਆਂ ਦੇ ਖਿਲਾਫ...ਤੇ ਉਹ ਹਮੇਸ਼ਾਂ ਇਕ ਨੂੰ ਦੂਜੇ ਦੇ ਵਿਰੁਧ ਭੜਕਾਉਂਦੇ ਰਹਿੰਦੇ ਹਨ...ਕੌਮਾਂ ਨੂੰ ਕੌਮਾਂ ਨਾਲ ਲੜਾਉਂਦੇ ਰਹਿੰਦੇ ਹਨ—ਹਿੰਦੂਆਂ ਨੂੰ ਮੁਸਲਮਾਨਾਂ ਨਾਲ, ਮੁਸਲਮਾਨਾਂ ਨੂੰ ਮੁਸਲਮਾਨਾਂ ਨਾਲ—ਸ਼ੀਆਂ ਨੂੰ ਸੁੰਨੀਆਂ ਨਾਲ...ਪ੍ਰੋਟੈਸਟਾਂ ਤੇ ਕੈਥੋਲਿਥਕਾਂ ਨਾਲ (ਈਸਾਈਆਂ ਦੇ ਦੋਨ੍ਹਾਂ ਗਰੁੱਪਾਂ ਨੂੰ)...ਜਾਟਾਂ ਨੂੰ ਹਰੀਜਨਾਂ ਨਾਲ ਤੇ ਹਰੀਜਨਾਂ ਨੂੰ ਚੁਮਾਰਾਂ ਨਾਲ...ਅਤੇ ਉਹ ਅਜਿਹਾ ਕਰਨ ਤੋਂ ਕਦੇ ਵੀ ਗੁਰੇਜ਼ ਨਹੀਂ ਕਰਦੇ, ਕੋਈ ਵੀ ਮੌਕਾ ਨਹੀਂ ਖੁੰਝਣ ਦਿੰਦੇ...ਹੋਰ ਕੁਝ ਨਾ ਹੋਊ ਤਾਂ ਪਹਾੜੀਆਂ ਨੂੰ ਮੈਦਾਨਾਂ ਵਿਚ ਰਹਿਣ ਵਾਲਿਆਂ ਵਿਰੁਧ ਹੀ ਭੜਕਾਉਣ ਲਗ ਪੈਣਗੇ...ਅਤੇ ਜੋ 'ਉਹ' ਹੁਣ ਕਰਨ ਲਗੇ ਹਨ, ਉਸ ਬਾਰੇ ਤਾਂ 'ਪਾੜੋ ਅਤੇ ਰਾਜ ਕਰੋ' (*Divide & Rule*)ਦੀ ਨੀਤੀ ਘੜਨ ਵਾਲਾ ਫਰੰਗੀ ਵੀ ਕਦੇ ਨਹੀਂ ਸੀ ਸੋਚ ਸਕਿਆ...? ਇਸ ਵੇਰਾਂ ਉਨ੍ਹਾਂ ਅਜਿਹਾ ਕਰਨ ਵਾਸਤੇ ਕੁਝ ਸਿਰ-ਫਿਰੇ, ਭੁਲੱਕੜ, ਆਪ-ਹੁਦਰੇ ਟਾਈਪ ਦੇ ਨੌਜਵਾਨਾਂ ਨੂੰ ਅਗੇ ਲਾਇਆ ਹੈ ਅਤੇ ਉਨ੍ਹਾਂ ਰਾਹੀਂ ਆਖਰੀ ਚਾਲ ਵੀ ਉਨ੍ਹਾਂ ਚਲਾ ਹੀ ਦਿਤੀ—ਸਿੱਖਾਂ ਨੂੰ ਸਿੱਖਾਂ ਨਾਲ ਲੜਾਉਣ ਵਾਲੀ...? ਹਿੰਦੂਆਂ ਨੂੰ ਹਿੰਦੂਆਂ ਨਾਲ ਲੜਾਉਣ ਵਾਲੀ...? ਕੇਸਧਾਰੀ ਸਿੱਖਾਂ ਨੂੰ ਕੇਸ-ਰਹਿਤ ਸਿੱਖਾਂ ਨਾਲ ਹੀ ਲੜਾਉਣ ਦੀਆਂ ਕੋਸ਼ਿਸ਼ਾਂ ਵਿਚ ਹਨ ਪਰ...।

...ਪਰ ਉਹ ਮੂਰਖ ਇੰਨਾ ਵੀ ਨਹੀਂ ਹਨ ਜਾਣਦੇ ਕਿ ਜੀਂਦਿਆਂ ਜੀ ਸਰੀਰ ਨਾਲੋਂ ਰੂਹ ਨੂੰ ਵੱਖ ਨਹੀਂ ਹੈ ਕੀਤਾ ਜਾ ਸਕਦਾ ..? ਉਏ ਪਾਜੀਓ, ਕਦੇ ਨੌਹਾਂ ਨਾਲੋਂ ਵੀ ਮਾਸ ਅੱਡ ਹੋਇਆ ਹੈ...??

'ਹਾਂ, ਹੋ ਸਕਦਾ ਹੈ, ਜ਼ਰੂਰ ਕੀਤਾ ਜਾ ਸਕਦਾ ਹੈ ਪਰ ਬੁੱਚੜਖਾਨਿਆਂ ਵਿਚ...ਤੇ ਠੀਕ ਇਹੋ 'ਨੇਕ ਕੰਮ' ਉਨ੍ਹਾਂ ਬੁੱਚੜਾਂ ਨੇ ਕਰ ਵਖਾਇਆ ਹੈ... ...।

### ਗਊ ਹਤਿਆ ਮਹਾਂ ਪਾਪ :

ਵੈਸੇ ਉਨ੍ਹਾਂ 'ਸੂਰਮਿਆਂ ਨੂੰ ਬੁੱਚੜ ਵੀ ਕਹਿਣਾ, ਬੁੱਚੜ-ਗਿਰੀ ਨਾਲ ਜ਼ਿਆਦਤੀ ਕਰਨਾ ਹੋਵੇਗਾ ਕਿਉਂਕਿ ਬੁੱਚੜ ਪਸ਼ੂ ਜ਼ਰੂਰ ਕਟਦੇ ਹਨ ਮਗਰ ਕੌਮਾਂ ਦੀਆਂ ਭਾਵਨਾਵਾਂ ਨੂੰ ਠੇਸ ਨਹੀਂ ਪਹੁੰਚਾਂਦੇ ਪਰ ਇਨ੍ਹਾਂ ਵਹਿਸ਼ੀਆਂ ਨੇ ਜੋ ਕਾਰਾ ਕੀਤਾ ਹੈ,ਸਮੁੱਚੇ ਹਿੰਦੁਸਤਾਨੀਆਂ ਦਾ ਸਿਰ ਮਾਰੇ ਸ਼ਰਮ ਦੇ ਝੁਕ ਗਿਆ ਹੈ...??? ਇਨ੍ਹਾਂ ਫਿਰਿਆਂ ਨੇ ਇਹ ਕਾਰਾ ਹਿੰਦੂਆਂ ਨੂੰ ਜ਼ਲੀਲ ਕਰਨ ਵਾਸਤੇ ਕੀਤਾ ਹੈ—ਜਿਵੇਂ ਉਹ ਦਾਹਵਾ ਕਰਦੇ ਹਨ ਪਰ ਮੂਰਖਾਂ ਦੇ ਮੂਰਖ, ਇਨ੍ਹਾਂ ਵੀ ਨਹੀਂ ਜਾਣਦੇ ਕਿ...

ਸਰਵਉਚਤਮ ਸਿੱਖੀ ਅਦਾਰੇ ਸ਼ਰੋਮਣੀ ਪ੍ਰਬੰਧਕ ਕਮੇਟੀ ਦੀ ਪ੍ਰੀਭਾਸ਼ਾ(Defination) ਮੁਤਾਬਕ; ਉਹ ਹਰ ਸ਼ਖ਼ਸ ਵੀ 'ਸਿੱਖ' ਹੈ ਜੋ ਗੁਰੂਆਂ ਦੇ ਸਰੂਪ ਸ੍ਰੀ ਗੁਰੂ ਗਰੰਥ ਸਾਹਿਬ ਨੂੰ ਮੰਨਦਾ ਹੈ ਅਤੇ ਸਿੱਖੀ ਕਦਰਾਂ ਕੀਮਤਾਂ ਦਾ ਸਤਿਕਾਰ ਕਰਦਾ ਹੈ...ਔਰ ਲੇਖਕ ਦਾਹਵੇ ਨਾਲ ਕਹਿੰਦਾ ਹੈ ਕਿ ਚੰਦ ਮਜ਼ਬੀ ਜਨੂੰਨੀਆਂ ਨੂੰ ਛਡਕੇ, ਚੰਦ ਤੰਗ-ਦਿਲੇ ਬਿਜ਼ਨੈਸਮੈਨਾਂ ਨੂੰ ਛਡ ਕੇ ਬਾਕੀ ਤਮਾਮ ਹਿੰਦੂ (ਖਾਸ ਕਰਕੇ ਜੋ

ਪੰਜਾਬ ਅਤੇ ਉਸ ਦੇ ਆਸ ਪਾਸ ਵਸੇ ਹੋਏ ਹਨ) ਸ੍ਰੀ ਹਰੀਮੰਦਰ ਸਾਹਿਬ-ਸ੍ਰੀ ਅੰਮ੍ਰਿਤਸਰ ਨੂੰ ਅਤੀ ਪਾਵਨ ਤੀਰਥ ਅਸਥਾਨ ਮੰਨਦੇ ਹੋਏ, ਗੁਰੂ ਸਾਹਿਬਾਨਾਂ, ਗੁਰੂ ਗਰੰਥ ਅਤੇ ਹੋਰ ਗੁਰਧਾਮਾਂ ਪ੍ਰਤੀ ਪੂਰਨ ਸ਼ਰਧਾ ਰੱਖਦੇ ਆਏ ਹਨ, ਰਖ ਰਹੇ ਹਨ ਅਤੇ ਰਖਦੇ ਰਹਿਣਗੇ !!

ਭਾਵੇਂ ਇਹੋ ਜਿਹੇ ਛੱਤੀ ਸੌ 'ਦਲ-ਅਖਾਲਸੀਏ' ਜਿੰਨੀ ਮਰਜ਼ੀ ਬਕਵਾਸ ਕਰਦੇ ਰਹਿਣ ਮਗਰ ਜਿਨ੍ਹਾਂ ਦੇ ਰੋਮ ਰੋਮ ਵਿਚ ਗੁਰੂਆਂ ਦੀ ਫਿਲਾਸਫੀ ਪ੍ਰਤੀ ਸਤਿਕਾਰ ਬਣਿਆ ਹੋਇਆ ਹੈ—ਉਹ ਅਜਿਹਾ ਕਦੇ ਵੀ ਨਹੀਂ ਤਿਆਗਣਗੇ !!!

...ਤੇ ਅਕਲ ਦੇ ਅੰਨ੍ਹੇ ਇਨਾ ਵੀ ਨਹੀਂ ਹਨ ਜਾਣਦੇ ਕਿ ਗਊ ਕੇਵਲ ਹਿੰਦੂ ਧਰਮ ਦਾ ਹੀ ਪ੍ਰਤੀਕ ਨਹੀਂ ਹੈ, ਸਗੋਂ ਗਊ ਤਾਂ ਹਰ ਮਜ਼ਬ, ਹਰ ਕੌਮ, ਹਰ ਮੁਲਕ ਲਈ ਉਨੀ ਹੀ ਮਹਾਨ ਹੈ, ਉਨੀ ਹੀ ਪੂਜਨੀਕ ਹੈ ਜਿੰਨੀ ਹਿੰਦੂਆਂ ਵਾਸਤੇ, 'ਬ-ਸ਼ਰੁਤੇ ਕਿ ਕੋਈ ਉਸਦੀ ਮਹਾਨਤਾ ਨੂੰ ਸਮਝੇ ਤਾਂ ਹੀ.......।

## ਸ੍ਰੀ ਕਰਿਸ਼ਣ ਨੇ ਕਿਹਾ ਸੀ :

ਲਿਖਤੀ-ਅਲਿਖਤੀ ਇਤਿਹਾਸ ਮੁਤਾਬਕ, ਉਹ ਭਗਵਾਨ ਕਰਿਸ਼ਣ ਹੀ ਸਨ ਜਿਨ੍ਹਾਂ ਨੇ ਸਭ ਤੋਂ ਪਹਿਲਾਂ ਕਿਹਾ ਸੀ :

**ਗਊ ਗੋਵਰਧਨ ਗੋਪਾਲ ਦੀ ਪੂਜਾ ਕਰੋ ।**

ਉਨ੍ਹਾਂ ਦਿਨਾਂ ਵਿਚ 99 ਫੀ ਸਦੀ ਲੋਕ, ਪਿੰਡਾਂ ਵਿਚ ਰਹਿੰਦੇ ਸਨ ਅਤੇ ਖੇਤੀ-ਬਾੜੀ ਹੀ ਉਨ੍ਹਾਂ ਦਾ ਮੁੱਖ ਪੇਸ਼ਾ ਹੋਇਆ ਕਰਦਾ ਸੀ ਤੇ ਖੇਤੀਬਾੜੀ ਦਾ ਧੁਰਾ ਹੁੰਦਾ ਸੀ, ਬੈਲ—ਗਊ ਦਾ ਜਾਇਆ...

ਗਊ ਤੋਂ ਦੁੱਧ, ਦੁੱਧ ਤੋਂ ਮੱਖਣ, ਦਹੀਂ, ਲੱਸੀ, ਮਲਾਈ, ਰਬੜੀ, ਖੋਇਆ, ਪਨੀਰ, ਖੀਰ ਤੇ ਹੋਰ ਛੱਤੀ ਪ੍ਰਕਾਰ ਦੀਆਂ ਨਿਆਮਤਾਂ ਬਣਦੀਆਂ ਹਨ... ... ਮਾਂ-ਮਹਿਟਰਾਂ ਲਈ ਤਾਂ ਦੂਜੀ ਮਾਂ, ਗਾਂ ਹੀ ਹੋਇਆ ਕਰਦੀ ਸੀ ..ਗਊ ਤੋਂ ਦੁੱਧ, ਦੁੱਧ ਤੋਂ ਤਾਕਤ (ਖ਼ੂਨ) ਸਵੱਸਥ ਜ਼ਿੰਦਗੀ ਦਾ ਰਾਜ਼ ? ਗਊ ਤੋਂ ਗੋਬਰ, ਗੋਬਰ ਲਿਪਣ-ਪੋਚਣ ਦੇ ਕੰਮ ਆਉਂਦਾ ਸੀ, ਗੋਬਰ ਜੋ ਬਾਲਣ ਦੇ ਕੰਮ ਆਉਂਦਾ...ਗੋਬਰ ਤੋਂ ਖਾਦ—ਉਪਜ ਵਿਚ ਵਾਧਾ...??

ਗਊ ਦੇ ਜਾਏ—ਬੈਲ ਹਲਟ ਚਲਾਇਆ ਕਰਦੇ ਸਨ—ਪੀਣ ਲਈ ਪਾਣੀ ! ਪਾਣੀ ਜੋ ਜ਼ਿੰਦਗੀ ਹੈ ! ਪਾਣੀ ਜੋ ਬੰਦਗੀ ਹੈ !! ਪਾਣੀ ਨਾਲ ਹਰਿਆਵਲ, ਖੇਤੀਬਾੜੀ, ਜੰਗਲ ਝਾੜੀ...। ਸੋ ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਖੇਤੀ ਪ੍ਰਧਾਨ ਸੋਸਾਇਟੀ ਵਿਚ ਗਊ ਜ਼ਰੀਏ, ਕੁੱਲੀ-ਜੁੱਲੀ-ਗੁੱਲੀ ਸਭੇ ਚੀਜ਼ਾਂ ਪ੍ਰਾਪਤ ਹੋ ਜਾਇਆ ਕਰਦੀਆਂ ਸਨ...???

ਉਂਜ ਇਥੇ ਹੀ ਬਸ ਨਹੀਂ ਸੀ ਹੁੰਦੀ, ਗਊ ਮਰਨ ਉਪਰੰਤ ਆਪਣਾ ਚਮੜਾ ਤੀਕ ਸਾਡੀ ਸੇਵਾ ਵਿਚ ਲਾ ਜਾਂਦੀ ਹੈ...ਇਹ ਸਭ ਵੇਖਦੇ ਹੋਇਆਂ ਹੀ ਉਸ ਮਹਾਨ ਵਿਦਵਾਨ ਨੇ ਗਊ, ਗੋਪਾਲ (ਗਊ ਪਾਲਣ ਵਾਲਾ), ਗੋਵਰਧਨ (ਧਰਤੀ-ਚਾਰਗਾਹ) ਦੀ ਪੂਜਾ ਕਰਨਾ ਵਾਸਤੇ ਕਿਹਾ ਹੋਵੇਗਾ । ਇਥੇ ਇਹ ਵੀ ਯਾਦ ਰਖਿਆ ਜਾਏ ਕਿ ਸ੍ਰੀ ਕਰਿਸ਼ਣ ਜੀ ਖੁਦ ਗਵਾਲੇ ਸਨ-ਗਊ ਪਾਲਣ ਵਾਲੇ, ਜ਼ਾਤ ਦੇ ਯਾਦਵ—ਇਹ 'ਜਾਟ' ਜ਼ਾਤੀ ਅੱਜ ਵੀ ਹਰਿਆਣੇ ਅਤੇ ਉੱਤਰ ਪ੍ਰਦੇਸ਼ ਵਿਚ ਬਹੁ-ਗਿਣਤੀ ਵਿਚ ਮਿਲੇਗੀ । ਅਸਲ ਵਿਚ ਉਸ ਵਕਤ ਕਿਸਾਨੀ, ਗਵਾਲਿਆਂ ਦੇ ਰੂਪ ਵਿਚ ਹੀ ਹੋਇਆ ਕਰਦੀ ਸੀ...?

ਅਤੇ ਗਵਾਲ ਨੇਤਾ, ਸ੍ਰੀ ਕਰਿਸ਼ਣ ਨੇ ਇਹ ਉਪਦੇਸ਼ ਤਮਾਮ ਹਿੰਦੁਸਤਾਨੀਆਂ ਨੂੰ ਦਿਤਾ ਸੀ—'ਕੇਵਲ' ਹਿੰਦੂਆਂ ਨੂੰ ਨਹੀਂ ਸੀ ਦਿਤਾ (ਇਹ ਵੱਖਰੀ ਗੱਲ ਹੈ ਕਿ ਇਸ ਵਕਤ ਦੂਜੀਆਂ ਕੌਮਾਂ ਜਿਵੇਂ ਮੁਸਲਮਾਨ, ਈਸਾਈ, ਸਿੱਖ ਹਾਲੇ ਹੋਂਦ ਵਿਚ ਨਹੀਂ ਸੀ ਆਈਆਂ) ਉਸ ਮਹਾਨ ਫਿਲਾਸਫਰ ਦੀ ਅਮਰ ਫਿਲਾਸਫੀ ਨੂੰ ਸਮਝਦਿਆਂ ਹੋਇਆਂ ਹੀ ਭਾਰਤ ਵਾਸੀਆਂ ਨੇ ਗਾਂ ਨੂੰ ਮਾਂ ਦਾ ਦਰਜਾ ਦਿਤਾ ਸੀ—ਗਊ ਮਾਤਾ !!!

## ਗਊ ਮਾਤਾ ਅਤੇ ਸਿੱਖ-ਇਤਿਹਾਸ

ਇਤਿਹਾਸ ਵਿਚ ਜਦੋਂ ਵੀ ਕਦੇ ਗਊ ਮਾਤਾ ਉਪਰ ਸੰਕਟ ਆਇਆ (ਮੁਸਲਮਾਨ ਹਮਲਾਆਵਰਾਂ ਦੇ ਆਉਣ ਮਗਰੋਂ) 32 ਹਿੰਦੂਆਂ ਨੇ ਕੁਰਬਾਨੀ ਦਿਤੀ ਹੋਵੇ (ਸਿਵਾਏ 1857 ਸਮੇਂ)—ਉਹ ਤਾਂ ਮੈਨੂੰ ਪਤਾ ਨਹੀਂ ਮਗਰ ਇਨਾ ਮੈਨੂੰ ਜ਼ਰੂਰ ਪਤਾ ਹੈ ਕਿ ਸਿੱਖ ਕੌਮ ਨੇ ਹਰ ਸਮੇਂ ਹਰ ਸੰਕਟ ਵੇਲੇ ਗਊ ਦੀ ਰਖਿਆ ਕੀਤੀ ਹੈ !

**ਗੁਰੂਆਂ ਦੀ ਸਾਰੀ ਫਿਲਾਸਫੀ ਅਮਰ ਸੰਖੇਪ ਵਿਚ ਕਿਸੇ ਨੂੰ ਦਸਣੀ ਹੋਵੇ ਤਾਂ ਇਕੋ ਹੀ ਵਾਕ ਵਿਚ ਦਸੀ ਜਾ ਸਕਦੀ ਹੈ ।**

**ਗਊ ਗਰੀਬ ਦੀ ਰਖਿਆ ਕਰੋ !!!**

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਵਿਚ ਗਊ ਹਤਿਆ ਤੇ ਪਾਬੰਦੀ ਲਗੀ ਰਹੀ ਸੀ—ਭਾਵੇਂ ਚੋਖੀ ਗਿਣਤੀ ਵਿਚ ਮੁਸਲਮਾਨ ਵੀ ਉਸਦੇ ਪਰਜਾ ਵਿਚ ਆਉਂਦੇ ਸਨ । ਮਹਾਰਾਜਾ ਰਣਜੀਤ ਸਿੰਘ ਨੇ ਤਾਂ ਯੂਰਪੀਅਨ ਜਰਨੈਲਾਂ ਨੂੰ ਵੀ ਇਸ ਸ਼ਰਤ ਤੇ ਆਪਣੀ ਫੌਜ ਵਿਚ ਨੌਕਰੀ ਦਿਤੀ ਸੀ ਕਿ ਉਹ ਗਊ ਦਾ ਮਾਸ (BEEF) ਨਹੀਂ ਖਾਣਗੇ । ਮਹਾਰਾਜੇ ਦੇ ਮਰਨ ਮਗਰੋਂ, ਅੰਗਰੇਜ਼ਾਂ ਦਾ ਪੰਜਾਬ ਤੇ ਕਬਜ਼ਾ ਹੋ ਗਿਆ ।

ਫਰੰਗੀ ਦੀ ਹਰ ਸਮੇਂ ਇਹੋ ਕੋਸ਼ਿਸ਼ ਰਹਿੰਦੀ ਕਿ ਲੋਕਾਂ ਨੂੰ ਆਪੋ ਵਿਚ ਪਾੜ ਕੇ ਰਖਿਆ ਜਾਏ। (Divide & Rule)... ਇਸ ਖਾਤਰ ਉਹ ਹਰ ਸਮੇਂ ਮਜ਼ਬੀ ਫਸਾਦ ਕਰਵਾਉਣ ਦੀ ਤਾਕ ਵਿਚ ਰਹਿੰਦੇ ! ਇਕ ਵੇਰਾਂ ਉਨ੍ਹਾਂ ਜਾਣ ਬੁਝ ਕੇ, ਸ੍ਰੀ ਦਰਬਾਰ ਸਾਹਿਬ (ਸ੍ਰੀ ਅੰਮ੍ਰਿਤਸਰ) ਦੇ ਨਜ਼ਦੀਕ ਇਕ ਬੁੱਚੜਖਾਨਾ ਖੁਲ੍ਹਾ ਦਿਤਾ। ਬੁੱਚੜਾਂ ਨੇ ਜਦੋਂ ਗਊਆਂ ਕੱਟਣੀਆਂ ਤਾਂ ਚੀਲਾਂ ਕਾਂਵਾਂ ਨੇ ਕੁਦਰਤੀ ਤੌਰ ਤੇ ਇਕੱਠੇ ਹੋ ਜਾਣਾ... ਜਦੋਂ ਉਨ੍ਹਾਂ ਮਾਸ ਅਤੇ ਹੱਡੀਆਂ ਲੈ ਕੇ ਉਡਣਾ ਤਾਂ ਕਈਂ ਵੇਰਾਂ ਪਤਾ ਕੀ ਹੁੰਦਾ ਸੀ...? ਹੱਡੀਆਂ-ਬੋਟੀਆਂ, ਸ੍ਰੀ ਹਰੀਮੰਦਰ ਸਾਹਿਬ ਦੇ ਸਰੋਵਰ ਵਿਚ ਆਣ ਡਿਗਣੀਆਂ !! ਲੋਕਾਂ ਵਿਚ ਇਸ ਵਿਰੁਧ ਬੜੀ ਨਫਰਤ ਪੈਦਾ ਹੋ ਗਈ। ਗੁੱਸੇ ਵਿਚ ਆਏ ਸਿੰਘਾਂ ਨੇ ਬੁਚੜਖਾਨੇ ਨੂੰ ਢਾਹ ਦਿਤਾ ਅਤੇ ਅਨੇਕਾਂ ਬੁੱਚੜਾਂ ਦੇ ਗਾਟੇ ਲਾਹ ਦਿਤੇ। ਅੰਗਰੇਜ਼ਾਂ ਨੇ ਲਹੌਰ ਵਿਖੇ, ਸਿੰਘਾਂ ਉੱਪਰ ਬੁਚੜ ਕਤਲ ਕਰਨ ਦਾ ਮੁਕੱਦਮਾ ਚਲਾਇਆ। ਗੱਲ ਵਧਦੀ ਵਧਦੀ ਪ੍ਰੀਵੀ ਕੌਂਸਿਲ (ਲੰਡਨ) ਤੀਕ ਜਾ ਉਪੜੀ ! ਸੁਪ੍ਰਸਿਧ ਹਿੰਦੂ ਵਕੀਲ ਰਾਏ ਬਹਾਦਰ ਬਦਰੀ ਦਾਸ ਨੇ ਸਿੰਘਾਂ ਦੇ ਮੁਕਦਮੇ ਦੀ ਪੈਰਵਾਈ, ਬਗ਼ੈਰ ਫੀਸ ਦੇ, ਲੰਡਨ ਤੀਕ ਹੀ ਨਹੀਂ ਸੀ ਕੀਤੀ ਸਗੋਂ ਹੋਰ ਵੀ ਅਨੇਕਾਂ ਹਿੰਦੂਆਂ ਨੇ ਤਨ, ਮਨ ਧਨ ਨਾਲ ਉਨ੍ਹਾਂ ਸੂਰਬੀਰਾਂ ਦੀ ਸਹਾਇਤਾ ਕੀਤੀ ਸੀ।

## ਕੂਕੇ ਸਿੰਘਾਂ ਦੀ ਅਮਰ ਕਹਾਣੀ :

ਅੱਜ ਭਾਵੇਂ ਸੰਜੇ ਵਰਗੇ ਆਪ-ਹੁਦਰੇ ਅਤੇ ਨਿਖੱਟੂ ਕਿਸਮ ਦੇ ਬੰਦਿਆਂ ਦੀਆਂ ਜੀਵਨੀਆਂ ਬਾਬਤ, ਪਹਿਲੀ ਤੋਂ ਲੈ ਕੇ ਆਖਰੀ ਜਮਾਤ ਤੀਕ ਸਵਾਲ ਪੁਛੇ ਜਾ ਰਹੇ ਹਨ, ਪੜ੍ਹਾਇਆ ਜਾ ਰਿਹਾ ਹੈ ਮਗਰ ਬੜੇ ਦੁਖ ਦੀ ਗੱਲ ਹੈ ਕਿ ਕੌਮ ਦੇ ਸਿਰਲੱਥ ਯੋਧਿਆਂ ਬਾਬਤ, ਭਾਰਤ ਵਰਸ਼ ਦੇ ਸੂਰਬੀਰਾਂ ਬਾਬਤ/ਉੱਕਾ ਹੀ ਕੁਝ ਨਹੀਂ ਪੜ੍ਹਾਇਆ-ਲਿਖਾਇਆ ਜਾਂਦਾ ।* ਲੇਖਕ ਨੇ ਆਪਣਾ ਵੀਹ-ਸਾਲਾ ਵਿਦਿਆ ਕਾਲ ਵਿਚ ਕੂਕਾ ਸਿੰਘਾਂ ਦੀ ਲਾ-ਮਿਸਾਲ ਕੁਰਬਾਨੀ ਬਾਬਤ ਕਦੇ ਕੁਝ ਨਹੀਂ ਸੀ ਪੜ੍ਹਿਆ ਸੁਣਿਆ । ਹਾਂ, ਹੁਣ ਪਤਾ ਲਗ੍ਹਾ ਹੈ ਕਿ ਦਸਵੀਂ ਵਿਚ ਇਕ ਗੈਰ ਜ਼ਰੂਰੀ 'ਨੋਟ' ਆਉਣ ਲਗ ਪਿਆ ਹੈ ਕੂਕੇ ਕੌਣ ਸਨ ?

## ਕੌਣ ਸਨ ਕੂਕੇ...?

ਅੰਗਰੇਜ਼ਾਂ ਨੇ ਆਪਣਾ ਬਣਿਆ ਬਣਾਇਆ ਮਾਲ, ਸਾਡੇ ਦੇਸ਼ ਵਿਚ ਵੇਚਣ ਖਾਤਰ, ਸਭ ਤੋਂ ਪਹਿਲਾਂ ਇਥੋਂ ਦਾ ਕਿੱਤਾ-ਕਾਰੀ (Local Industry) ਤੇ ਸੱਟ ਮਾਰੀ। ਬੰਗਾਲ ਦੇ ਜੁਲਾਹਿਆਂ ਨੂੰ ਤਬਾਹ ਕਰਨ ਮਗਰੋਂ ਪੰਜਾਬ ਦੇ ਲੁਹਾਰੇ-ਤਰਖਾਣੇ ਪੇਸ਼ੇ ਤੇ ਸੱਟ ਆਣ ਮਾਰੀ। ਹਿੰਦੁਸਤਾਨੀਆਂ ਨੂੰ ਚਾਕੂ ਤੀਕ ਬਨਾਉਣ ਦੀ ਇਜਾਜ਼ਤ ਨਹੀਂ ਸੀ। ਸੂਈਆਂ ਤੀਕ ਇੰਗਲੈਂਡ ਤੋਂ ਆਉਣ ਲਗੀਆਂ। ਨਤੀਜੇ ਵਜੋਂ ਬਹਾਦਰ ਪੰਜਾਬੀਆਂ ਦੇ ਮਨਾਂ ਵਿਚ ਗੁੱਸੇ ਦੇ ਭਾਂਬੜ ਬਲ ਉਠਲੇ, ਕੁਦਰਤੀ ਗੱਲ ਸੀ । ਵੇਖਦਿਆਂ ਹੀ ਵੇਖਦਿਆਂ, ਬਾਬਾ ਰਾਮ ਸਿੰਘ ਦੀ ਅਗਵਾਈ ਹੇਠ ਰਾਮਗੜ੍ਹੀਆ ਬਰਾਬਰੀ ਜਥੇਬੰਦੀ ਹੋਣ ਲੱਗੀ। ਸਮਾਂ ਪੈਣ ਨਾਲ ਹੋਰ ਪੰਜਾਬੀ ਵੀ ਇਸ ਵਿਚ ਸ਼ਾਮਿਲ ਹੋਣ ਲਗੇ। ਦਿਨਾਂ ਵਿਚ ਹੀ ਨਾਮਧਾਰੀਆਂ ਦੀ ਇਕ ਅਜਿਹੀ ਸ਼ਕਤੀਸ਼ਾਲੀ, ਹਥਿਆਰਬੰਦ ਲੋਕ-ਜਥੇਬੰਦੀ ਬਣ ਗਈ ਕਿ ਇਨ੍ਹਾਂ ਨੇ ਅੰਗਰੇਜ਼ਾਂ ਦੇ ਸਮਾਨਅੰਤਰ ਹਕੂਮਤ ਕਾਇਮ ਕਰ ਲਈ। ਅੰਗਰੇਜ਼ਾਂ ਦੀ ਕਚੈਹਰੀਆਂ/ਦਫਤਰਾਂ/ਸਕੂਲਾਂ/ਕਾਲਜਾਂ ਦਾ ਮੁਕੰਮਲ ਬਾਈਕਾਟ ਹੀ ਨਾ ਕੀਤਾ ਸਗੋਂ ਆਪਣੀ ਜਥੇਬੰਦੀ ਦੀਆਂ ਨੂੰ ਗੁਪਤ(Secret-underground) ਰਖਣ ਖਾਤਰ ਅੰਗਰੇਜ਼ਾਂ ਦੀ ਸੜਕਾਂ ਤੇ ਤੁਰਨਾ ਤੀਕ ਵੀ ਛਡ ਦਿਤਾ। ਹੋਰ ਤੇ ਹੋਰ, ਨਾਮਧਾਰੀਆਂ ਨੇ ਡਾਕ-ਪੱਤਰ ਪੁਚਾਣ ਤੀਕ ਦਾ ਆਪਣਾ ਹੀ ਪ੍ਰਬੰਧ ਸਥਾਪਿਤ ਕਰ ਲਿਆ।

ਸਤਿਗੁਰੂ ਮਹਾਪੁਰਸ਼ ਬਾਬਾ ਰਾਮ ਸਿੰਘ ਜੀ ਨੇ ਆਪਣੇ ਸੇਵਕਾਂ ਵਿਚ ਅਜਿਹੀ ਰੂਹ ਠੋਸੀ ਕਿ ਉਹ ਅੰਗਰੇਜ਼ੀ ਹਕੂਮਤ ਨੂੰ ਟਿੱਚ ਸਮਝਣ ਲਗੇ। ਉਨ੍ਹਾਂ ਨੇ ਜਿਥੇ ਆਪਣੇ ਮਤ-ਭੇਦ ਆਪਸ ਵਿਚ ਹੀ ਬੈਠ ਕੇ ਨਿਪਟਾਉਣ ਦਾ ਫੈਸਲਾ ਕੀਤਾ, ਨਾਲ ਹੀ ਅੰਗਰੇਜ਼ਾਂ ਨੂੰ ਟੈਕਸ ਭਰਨਾ ਵੀ ਬੰਦ ਕਰ ਦਿਤਾ ਭਾਵ ਉਸ ਹਕੂਮਤ ਵਿਰੁਧ ਬਗਾਵਤ ਦਾ ਐਲਾਨ ਕਰ ਦਿਤਾ ਜਿਸਦੇ ਰਾਜ ਵਿਚ ਸੂਰਜ ਨਹੀਂ ਸੀ ਛੁਪਦਾ...ਅਤੇ ਇਕ ਦਿਨ ਜਦ ਕੁਝ ਬੁੱਚੜ, ਸੈਂਕੜੇ ਗਊਆਂ ਨੂੰ ਕਤਲ ਕਰਨ ਵਾਸਤੇ ਲੈ ਕੇ ਜਾ ਰਹੇ ਸਨ ਤਾਂ ਸਤਿਗੁਰੂ ਰਾਮ ਸਿੰਘ ਦਾ ਨਾਉਂ ਧਿਆ ਕੇ, ਕੂਕੇ ਸਿੰਘਾਂ ਨੇ ਉਨ੍ਹਾਂ ਤੇ ਹੱਲਾ ਬੋਲ ਦਿਤਾ। ਤਮਾਮ ਬੁੱਚੜਾਂ ਨੂੰ ਮੌਤ ਦੇ ਘਾਟ ਉਤਾਰ ਕੇ ਸੈਂਕੜੇ ਗਾਈਆਂ ਨੂੰ ਅਜ਼ਾਦ ਕਰਵਾਇਆ !!

ਅੰਗਰੇਜ਼ੀ ਸਾਮਰਾਜੀਆਂ ਦੀਆਂ ਅੱਖਾਂ ਵਿਚ ਤਾਂ ਇਹ ਲੋਕ-ਜਥੇਬੰਦੀ ਕਦੋਂ ਦੀ ਰੜਕ ਰਹੀ ਸੀ ! ਬਾਬਾ ਰਾਮ ਸਿੰਘ ਜੀ ਨੂੰ ਗ੍ਰਿਫਤਾਰ ਕਰਕੇ ਰੰਗੂਨ ਜੇਲ੍ਹ ਵਿਚ ਭੇਜ ਦਿਤਾ ਗਿਆ ਅਤੇ ਬਾਕੀ ਸਿੰਘਾਂ ਨੂੰ ਅੰਬਾਲੇ ਦੇ ਕਮਿਸ਼ਨਰ ਨੇ ਬੁੱਚੜਾਂ ਦੇ ਕਤਲ ਦੇ ਇਲਜ਼ਾਮ ਵਿਚ, ਤੋਪਾਂ ਨਾਲ ਬੰਨ੍ਹ ਬੰਨ੍ਹ ਕੇ ਉਡਾ ਦੇਣ ਦਾ ਹੁਕਮ ਚਾੜ੍ਹ ਦਿਤਾ। ਮਲੇਰਕੋਟਲਾ ਦੇ ਨਜ਼ਦੀਕ ਇਕ ਸਥਾਨ ਤੇ ਇਕ ਨਹੀਂ...ਦੋ ਨਹੀਂ...ਚਾਰ ਨਹੀਂ...ਪੂਰੇ ਛੇਹਾਠ ਸਿੰਘਾਂ ਨੂੰ ਵਾਰੀ ਵਾਰੀ ਤੋਪ ਮੂਹਰੇ ਖੜਾ ਕਰ ਕਰ ਕੇ ਉਡਾ ਦਿਤਾ ਗਿਆ। ਕਹਿੰਦੇ ਹਨ ਇਕ ਸਿੰਘ ਦਾ ਕਦ ਮਧਰਾ ਸੀ। ਫਾਇਰ ਉਸਦੇ ਸਿਰ ਉਤੋਂ ਦੀ ਲੰਘ

ਗਿਆ। ਅੰਗਰੇਜ਼ ਅਫ਼ਸਰ ਆਪਣੀ ਰਹਿਮ ਦਿਲੀ ਦਾ ਵਖਾਵਾ ਕਰਨ ਖਾਤਰ ਉਸ ਨੂੰ ਛੱਡ ਦੇਣਾ ਚਾਹੁੰਦਾ ਸੀ। ਤਾਹੀਉਂ ਖਬਰ, ਉਸ ਮਾਂ ਦੇ ਲਾਲ ਨੇ ਆਪਣੇ ਪੈਰਾਂ ਹੇਠਾਂ ਚਾਰ ਇੱਟਾਂ ਰੱਖ ਲਈਆਂ ਤੇ ਅੰਗਰੇਜ਼ ਅਫਸਰ ਨੂੰ ਲਲਕਾਰਾ ਮਾਰ ਦਿਤਾ,

ਸੂਰਾ ਸੋ ਪਹਿਚਾਨਬੋ—ਜੋ ਲਰੇ ਦੀਨ ਕੇ ਹੇਤ
ਪੁਰਜ਼ਾ 2 ਕੱਟ ਮਰੇ —ਕਬਹੂੰ ਨਾ ਛੋਡੇ ਖੇਤ

ਬੋਲੇ ਸੋ ਨਿਹਾਲ—ਸਤਿ ਸ੍ਰੀ ਅਕਾਲ, ਇਸ ਤਰ੍ਹਾਂ ਗਊ ਰਕਸ਼ਾ ਕਰਦੇ ਕਰਦੇ ਉਹ 66 ਨਾਮਧਾਰੀ ਸਿੰਘ ਵੀਰਗਤੀ ਪ੍ਰਾਪਤ ਕਰ ਗਏ !

ਉਨ੍ਹਾਂ ਦੀ ਸ਼ਹੀਦੀ ਨਾਲ ਸਬੰਧਤ ਇਕ ਹੋਰ ਵੀ ਕਹਾਣੀ ਮੈਨੂੰ ਯਾਦ ਆਉਂਦੀ ਹੈ ਜੋ ਮੈਂ ਦਸ ਸਾਲ ਪਹਿਲਾਂ ਇਕ ਫਿਲਮ 'ਭਾਰਤ ਕੇ ਸਪੂਤ' ਵਿਚ ਦੇਖੀ ਸੀ...

ਕਹਿੰਦੇ ਹਨ ਕਿ 66 ਸਿੰਘਾਂ ਦੇ ਨਾਲ ਇਕ ਭੁਜੰਗੀ ਸਿੰਘ ਵੀ ਸੀ (ਬੱਚਾ) ..ਅੰਗਰੇਜ਼ ਅਫਸਰ ਨੇ ਉਸਦੇ ਗਲ ਵਿਚ ਲੌਕਿਟ (ਜਿਸ ਵਿਚ ਸਤਿਗੁਰੂ ਰਾਮ ਸਿੰਘ ਦਾ ਫੋਟੋ ਸੀ) ਖਿਚ ਕੇ ਆਪਣੇ ਬੂਟਾਂ ਹੇਠ ਦਰੜ ਦਿੱਤਾ। ਆਪਣੇ 65 ਸਾਥੀਆਂ ਨੂੰ ਵਾਰੀ ਵਾਰੀ ਤੋਪ ਅਗੇ ਖਲੋ, ਪੁਰਜ਼ਾ ਪੁਰਜ਼ਾ ਹੋ ਉਡਦਿਆਂ ਵੇਖ ਕੇ ਬੱਚਾ ਏਕ-ਮਨ ਸ਼ਾਂਤ ਖੜਾ ਰਿਹਾ ਸੀ, ਅੰਗਰੇਜ਼ ਅਫਸਰ ਦੀ ਇਸ ਕਮੀਣੀ ਹਰਕਤ ਤੇ ਐਨਾ ਕ੍ਰੋਧਿਤ ਹੋ ਉਠਿਆ ਕਿ ਉਸ ਬੁੜਕ ਕੇ ਅੰਗਰੇਜ਼ ਦੀ ਵਧੀ ਹੋਈ ਦਾੜ੍ਹੀ ਨੂੰ ਜਾ ਫੜਿਆ। ਲਾਗੇ ਖੜਾ ਪੁਲਿਸ ਕਪਤਾਣ ਜ਼ੋਰ ਲਾ ਕੇ ਮਰ ਗਿਆ ਮਗਰ ਭੁਜੰਗੀ ਸਿੰਘ ਦੀ ਕਰਿੰਗੜੀ ਵਿਚੋਂ ਅਫਸਰ ਦੀ ਦਾੜ੍ਹੀ ਨਾ ਛੁੜਾ ਸਕਿਆ ! ਆਖਿਰ ਕ੍ਰਿਚ ਦੇ ਵਾਰ ਨਾਲ ਉਸ ਬੱਚੇ ਦੇ ਦੋਵੇਂ ਗੁੱਟ ਵਢ ਦਿਤੇ ਤਾਂ ਜਾ ਕੇ ਕਿਤੇ ਅੰਗਰੇਜ਼ ਅਫਸਰ ਦੀ ਖਲਾਸੀ ਹੋਈ...ਤੇ ਇਹ ਸੀ ਉਨ੍ਹਾਂ ਸੂਰਬੀਰਾਂ ਦੀ ਅਮਰ ਦਾਸਤਾਨ...

ਜਦ ਤੀਕ ਹਿੰਦੁਸਤਾਨੀਆਂ ਦੀਆਂ ਰਗਾਂ ਅੰਦਰ ਗਾਂ ਦਾ ਦੁੱਧ, ਖੂਨ ਬਣਕੇ ਦੌੜਦਾ ਰਹੇਗਾ—ਕੂਕਾ ਸਿੰਘ ਦੀਆਂ ਕੀਤੀਆਂ ਲਾ ਮਿਸਾਲ ਕੁਰਬਾਨੀਆਂ ਵੀ ਜ਼ਿੰਦਾ ਰਹਿਣਗੀਆਂ !!! ਧੰਨ ਸਨ ਨਾਮਧਾਰੀ ਦੇਸ਼ ਭਗਤ ਆਗੂ ਸਤਿਗੁਰੂ ਰਾਮ ਸਿੰਘ ਜੀ !!!

## ਦੋ ਸ਼ਬਦ ਗਊ ਹਤਿਆ ਬਾਰੇ

ਐ ਗਊ ਦੇ ਰਖਵਾਲੇ ਬਨਣ ਦਾ ਦਾਹਵਾ ਕਰਨ ਵਾਲਿਉ, ਅਗਰ ਹਿੰਮਤ ਹੈ ਤਾਂ ਰੋਕੋ ਉਸ ਹਜ਼ਾਰਾਂ ਟੱਨ ਮੱਖਣ, ਪਾਊਡਰ, ਕਰੀਮ ਅਤੇ ਘਿਉ ਨੂੰ ਡੱਬਾ ਬੰਦ ਹੋ ਹੋ ਕੇ ਹਰ ਮਹੀਨੇ, ਤੁਹਾਡੇ ਦੇਸ਼ ਵਿਚੋਂ ਬਾਹਰ ਜਾਂਦਾ ਹੈ...ਜੋ ਸਾਡੇ ਬੱਚਿਆਂ ਦੇ ਮੂੰਹੋਂ ਖੋਹ-ਖੋਹ ਕੇ ਬਾਹਰ ਭੇਜਿਆ ਜਾ ਰਿਹਾ ਹੈ...ਸਾਡੇ ਬੱਚਿਆਂ ਦਾ ਖੂਨ...

ਬਾਕੀ ਐਵੇਂ ਆਪਸ ਵਿਚ ਜੁੱਤੀਓ-ਜੁੱਤੀ ਹੋਣ ਦੀ ਬਜਾਏ, ਹਿੰਮਤ ਹੈ ਤਾਂ ਰੋਕ ਕੇ ਵੇਖੋ "ਉਸਨੂੰ" (?) ਜਿਸਨੇ ਪਿਛਲੇ ਹਫਤੇ ਹੀ ਪੂਨਾਰ (ਮਹਾਰਾਸ਼ਟਰਾ) ਵਿਖੇ 11 ਅਪ੍ਰੈਲ ਨੂੰ ਕਿਹਾ*,

*ਵੇਖੋ ਪੰਜਾਬੀ ਟਰਬਿਊਨ 11 ਅਪ੍ਰੈਲ—1982 (ਯੂ. ਐਨ. ਆਈ, ਖਬਰ)

ਗਊ ਹਤਿਆ ਤੇ ਬਿਲਕੁਲ ਪਬੰਦੀ ਨਹੀਂ ਲਗੇਗੀ...

ਜਾਣਦੇ ਹੋ ਕਿ ਕਿਸਨੇ ਕਿਹਾ ਹੈ ਇਹ...?...?? ਕਿਸੇ ਬਦੇਸ਼ੀ ਨੇ ਨਹੀਂ, ਸੀ-ਆਈ-ਏ ਦੇ. ਏਜੰਟ ਨੇ ਵੀ ਨਹੀਂ, ਕਿਸੇ ਪਾਕਿਸਤਾਨੀ ਨੇ ਵੀ ਨਹੀਂ, ਕਿਸੇ ਖਾਲਿਸਤਾਨੀ ਨੇ ਵੀ ਨਹੀਂ...ਤੁਹਾਡੀਆਂ ਸਧਰਾਂ ਦਾ ਖੂਨ, ਤੁਹਾਡੀ ਸੰਸਕ੍ਰਿਤੀ ਦਾ ਖੂਨ, ਤੁਹਾਡੀਆਂ ਭਾਵਨਾਵਾਂ ਦਾ ਖੂਨ ਕੋਈ ਬਿਗਾਨਾ ਨਹੀਂ ਕਰ ਰਿਹਾ। ਰਹੀ ਸਗੋਂ ਤੁਹਾਡੀ ਆਪਣੀ—ਪ੍ਰਧਾਨ ਮੰਤਰੀ ਪ੍ਰਿਯ ਦਰਸ਼ਣੀ ਉਰਫ ਇੰਦਰਾ ਗਾਂਧੀ ਜੀ ਹੀ ਕਰ ਰਹੀ ਹੈ।

## ਕੁਝ ਦਲ ਖਾਲਸਾ ਬਾਰੇ

ਦਲ ਖਾਲਸਾ ਕਾਂਗਰਸ (ਇੰਦਰਾ) ਦਾ ਬੱਚਾ ਹੈ
—ਪ੍ਰਕਾਸ਼ ਸਿੰਘ ਬਾਦਲ

"ਦਲ ਖਾਲਸੇ ਦਾ ਜਨਮ 1978 ਵਿਚ ਹੋਇਆ ਸੀ—ਭਾਵੇਂ ਇਸ ਗਲ ਤੋਂ ਸਭ ਸਬੰਧਤ ਮੁਕਰਦੇ ਹਨ ਪਰ ਇਹ ਹਕੀਕਤ ਹੈ ਕਿ ਮੌਜੂਦਾ ਕੇਂਦਰੀ ਵਜ਼ਾਰਤ ਦੇ ਇਕ ਕਾਂਗਰਸੀ ਚੰਡੀਗੜ੍ਹ ਦੇ ਪੰਜਾਬੀ ਵਜ਼ੀਰ ਨੇ, ਉਸ ਹੋਟਲ ਦਾ ਪੂਰਾ ਬ੍ਰਿੱਲ ਭਰਿਆ ਸੀ ਜਿਸ ਹੋਟਲ ਵਿਚ ਦਲ-ਖਾਲਸੀਆਂ ਨੇ 1978 ਅੰਦਰ ਆਪਣੀ ਪਹਿਲੀ ਕਾਨਫਰੰਸ ਕੀਤੀ ਸੀ। ਉਸ ਵਕਤ ਉਹ ਵਜ਼ੀਰ ਨਹੀਂ ਸਨ"*

ਪੱਤਰਕਾਰ ਜਗਤਾਰ ਸਿੰਘ ਨੇ ਇੰਡੀਅਨ ਐਕਸਪ੍ਰੈਸ ਵਿਚ 29 ਅਪ੍ਰੈਲ ਵਾਲੇ ਇਸ਼ੂ ਵਿਚ, 'ਦਲ ਖਾਲਸਾ ਕਿਸ ਦਾ ਬੱਚਾ ਹੈ' ਦੇ ਸਿਰਲੇਖ ਹੇਠ ਲਿਖਿਆ !!!

ਦਲ ਖਾਲਸੇ ਦੇ ਪਾਬੰਦੀ ਨਹੀਂ ਲਾਈ ਜਾਵੇਗੀ—ਜ਼ੈਲ — ਵੇਖੋ ਇੰਡੀਅਨ ਐਕਸ-ਪ੍ਰੈਸ 29.4.82 (ਪਰ ਕਿਉਂ...?)

* ਇਹ ਕੌਣ ਹੋ ਸਕਦਾ ਹੈ...? ਸ਼ਾਇਦ ਇਹ ਇਸ਼ਾਰਾ ਬੂਟਾ ਸਿੰਘ ਵੱਲ ਹੈ...?

ਦਲ ਖਾਲਸਾ ਨੂੰ ਅਮਰੀਕਣ ਸਰਮਾਏਦਾਰੀ ਦਾ ਏਜੰਟ (ਵੇਖੋ LINK ਦਾ ਮਈ ਇਸ਼ੂ)

(ੳ) ਅਮਰੀਕਨ ਦੂਤਾਵਾਸ ਦਾ ਇਕ ਸੀਨੀਅਰ ਦੂਤ, ਲਗਾਤਾਰ ਪਿਛਲੇ ਦਿਨਾਂ ਵਿਚ, ਚੰਡੀਗੜ੍ਹ ਵਿਖੇ ਗੇੜੇ ਤੇ ਗੇੜਾ ਮਾਰਦਾ ਰਿਹਾ ਹੈ—ਉਹ ਕੁਝ ਸਿਆਸੀ ਨੇਤਾਵਾਂ ਅਤੇ ਪਤਰਕਾਰਾਂ ਨੂੰ ਵੀ ਮਿਲ 2 ਕੇ ਖਾਲਿਸਤਾਨ ਦੀ ਲਹਿਰ ਦੇ ਅਸਰਾਂ ਬਾਬਤ ਜਾਨਣ ਬਾਰੇ ਉਤਸੁਕਤਾ ਜ਼ਾਹਿਰ ਕਰਦਾ ਰਿਹਾ ਹੈ...

(ਅ) ਹਵਾਈ ਜਹਾਜ਼ ਅਗਵਾ ਹੋਣ ਤੋਂ ਕੁਝ ਮਹੀਨੇ ਪਹਿਲਾਂ, ਪੰਜਾਬ ਵਿਚ ਇਕ "ਸ਼ੱਕੀ ਸਖਸ਼ੀਅਤ" **(Fishy Character)** ਵੱਖ 2 ਸ਼ਹਿਰਾਂ ਵਿਚ ਘੁੰਮਦੀ ਵਿਖਾਈ ਦਿਤੀ ਸੀ ਤੇ ਫ਼ਿਰ ਉਹੋ ਹੀ 'ਸ਼ੱਕੀ ਸਖਸ਼ੀਅਤ' ਲਾਲਾ ਜਗਤ ਨਰਾਇਣ ਦੇ ਕਤਲ ਤੋਂ ਕੁਝ ਦਿਨ ਪਹਿਲਾਂ ਵੀ, ਚਾਣਚੱਕ, ਵਖਾਈ ਦਿਤੀ ਸੀ।

(ੲ) ਕੁਝ ਗਰਮਦਲੀਏ ਅਨਸਰਾਂ ਕੋਲੋਂ ਅਤੀ ਮਾਡਰਨ ਬਦੇਸ਼ੀ ਹਥਿਆਰ (ਸਟੇਨ ਗੰਨਾਂ, ਬੰਬ, ਟੈਲੀਸਕੋਪਿਕ ਗੰਨਾਂ ਆਦਿ) ਫੜੇ ਗਏ ਹਨ ਜਿਨ੍ਹਾਂ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਇਨ੍ਹਾਂ ਦੇ ਬਦੇਸ਼ੀ ਏਜੰਟਾਂ ਨਾਲ ਜ਼ਰੂਰ ਸਬੰਧ ਹਨ।

ਪਾਕਿਸਤਾਨ ਦਾ ਰੋਲ

(1) ਪਾਕਿਸਤਾਨ ਵਿਚ ਵਰਲਡ ਸਿੱਖ ਕਾਨਫਰੰਸ ਅਯੋਜਿਤ ਕੀਤੀ ਜਾ ਰਹੀ ਸੀ ਜਿਸਨੂੰ ਜਗਜੀਤ ਸਿੰਘ ਚੌਹਾਨ 'ਸੈਲਫਮੇਡ ਪ੍ਰੈਜ਼ੀਡੈਂਟ'ਆਫ ਅਜ਼ਾਦ ਖਾਲਿਸਤਾਨ ਨੇ ਵੀ ਐਡਰਸ ਕਰਨਾ ਸੀ ਮਗਰ ਭਾਰਤ ਵਲੋਂ ਪ੍ਰੋਟੈਸਟ ਕਰਨ ਤੇ ਪਾਕਿਸਤਾਨ ਨੇ ਇਹ ਕਾਨਫਰੰਸ ਦੀ ਇਜਾਜ਼ਤ ਨਾ ਦਿਤੀ!

(ੲ) ਬਿਸ਼ਨ ਸਿੰਘ ਬੇਦੀ ਪਿਛਲੇ ਦਿਨੀ ਕਰਿਕਟ ਮੈਚ ਖੇਡਣ ਪਾਕਿਸਤਾਨ ਗਏ। ਲਾਹੌਰ ਤੋਂ ਛਪਣ ਵਾਲੇ ਇਕ ਮੁੱਖ ਉਰਦੂ ਅਖਬਾਰ ਦੇ ਸੰਪਾਦਕ ਨੇ ਉਨ੍ਹਾਂ ਨੂੰ ਕਿਹਾ, "ਤੁਸੀਂ ਖਾਲਿਸਤਾਨ ਦੀ ਲਹਿਰ ਵਿਚ ਕਿਉਂ ਨਹੀਂ ਹਿੱਸਾ ਲੈਂਦੇ...?" ਬੇਦੀ ਸਾਹਿਬ ਨੂੰ ਅਜਿਹਾ ਬੇਹੂਦਾ ਸਵਾਲ ਪੁਛਣ ਤੇ ਬਹੁਤ ਗੁੱਸਾ ਆਇਆ ਅਤੇ ਉਨ੍ਹਾਂ ਨੇ ਸਵਾਲ ਕਰਨ ਵਾਲੇ ਨੂੰ ਚੰਗਾ ਕਰਾਰਾ ਉੱਤਰ ਦਿਤਾ... (ਲਿੰਕ ਵਿਚੋਂ ਧੰਨਵਾਦ ਸਾਹਿਤ)

(3) ਬਾਡਰ ਤੋਂ ਦੂਜੇ ਪਾਸੇ ਕੁਝ ਗਰਮਦਲੀਆਂ ਦੁਆਰਾ ਟਰੇਨਿੰਗ ਪ੍ਰਾਪਤ ਕਰਨ ਬਾਬਤ ਵੀ ਪਤਾ ਲਗਾ ਹੈ।

ਨੋਟ : ਸੀ. ਪੀ. ਆਈ. ਦੇ ਨੇਤਾ ਕਾਮਰੇਡ ਰਾਜ ਕੁਮਾਰ ਹੋਰਾਂ ਦੇ ਹੱਥ ਵੀ ਇਕ ਅਜਿਹੀ ਪਾਕਿਸਤਾਨੀ ਚਿੱਠੀ ਲਿਖੀ ਹੈ ਜਿਸ ਵਿਚ ਦਲਖਾਲਸੀਏ—ਜਹਾਜ਼ ਅਗਵਾਕਾਰੀਆਂ ਨੂੰ ਅਜਕਲ ਲਾਹੌਰ ਵਿਖੇ ਖਾਸ ਭੰਨ ਤੋੜ ਕਰਨ ਦੀ ਟਰੇਨਿੰਗ ਮਿਲਣ ਦਾ ਜ਼ਿਕਰ ਕੀਤਾ ਗਿਆ ਹੈ...

ਜਗਜੀਤ ਸਿੰਘ ਚੌਹਾਨ ਬਾਬਤ :

ਪਿਛਲੇ ਦਿਨੀਂ ਜਿਹੜੇ ਵੀ ਬੰਦੇ ਜਗਜੀਤ ਸਿੰਘ ਚੌਹਾਨ ਉਰਫ ਟੁੰਡੀਲਾਟ ਨੂੰ ਮਿਲੇ ਹਨ, ਉਨ੍ਹਾਂ ਦਾ ਇਹੀ ਕਥਨ ਹੈ ਕਿ ਉਸ ਪਾਸ ਬੇਸ਼ੁਮਾਰ ਅਮਰੀਕਨ ਡਾਲਰ ਹਨ। ਕੁਝ ਭਾਰਤੀਆਂ ਨਾਲ ਪ੍ਰਾਈਵੇਟ ਗੱਲਬਾਤ ਸਮੇਂ, ਚੌਹਾਨ ਨੇ ਸੀ.ਆਈ. ਏ., ਪੈਨਟਾਗਾਨ ਆਦਿ ਤੋਂ ਹੋਰ ਵੀ ਵਧੇਰੇ ਫੰਡ ਪ੍ਰਾਪਤ ਹੋਣ ਦੀ ਆਸ਼ਾਵਾਂ ਬਾਬਤ ਦਸਿਆ !!

1971 ਦੀ ਹਿੰਦ-ਪਾਕਿਸਤਾਨ ਲੜਾਈ ਸਮੇਂ ਜਦੋਂ ਹਿੰਦੁਸਤਾਨੀ ਅਤੇ ਮੁੱਖ ਤੌਰ ਤੇ ਪੰਜਾਬੀ ਬਾਡਰਾਂ ਤੇ ਸ਼ਹੀਦ ਹੋ ਰਹੇ ਸਨ, ਜਗਜੀਤ ਸਿੰਘ ਚੌਹਾਨ ਹਿੰਦ ਨਾਲ ਗਦਾਰੀ ਕਰਕੇ ਲਾਹੌਰ ਦੇ ਟੈਲੀਵਿਜ਼ਨ/ਰੇਡੀਉ ਤੋਂ ਖਾਲਿਸਤਾਨ ਦੀ ਮੁਹਿੰਮ ਦੇ ਹੱਕ ਵਿਚ ਪ੍ਰਚਾਰ ਕਰਨ ਵਿਚ ਰੁਝੇ ਹੋਏ ਸਨ.. ਇਸ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਨਾਲ ਗਦਾਰੀ ਕਰਕੇ, ਇਹਨਾਂ ਇੰਦਰਾ ਗਾਂਧੀ - ਜ਼ੈਲ ਸਿੰਘ ਦੀ ਸਪੋਰਟ ਲੈ ਕੇ, ਪੰਜਾਬ ਵਿਚ ਇਕ 'ਟਾਂਗਾ ਪਾਰਟੀ' ਬਣਾਈ ਸੀ ਜਿਸ ਵਿਚ ਇਹ ਖ਼ੁਦ ਖਜ਼ਾਨਾ ਮੰਤਰੀ ਬਣੇ ਸਨ ਅਤੇ ਲਛਮਣ ਸਿੰਘ ਗਿੱਲ ਉਸ ਮੰਤਰੀ ਮੰਡਲ ਦੇ ਮੁੱਖ ਮੰਤਰੀ ਸਨ ... 6.5.82 ਦੇ ਅੰਗਰੇਜ਼ੀ ਟਰਬਿਊਨ ਵਿਚ. ਸੁਪ੍ਰਸਿਧ ਜਰਨਲਿਸਟ ਸ੍ਰੀ ਕੁਲਦੀਪ ਨਈਅਰ ਜੀ ਲਿਖਦੇ ਹਨ :—ਹੋਮ ਮਨਿਸਟਰੀ ਦੀ ਇਕ ਗੁਪਤ ਰਿਪੋਰਟ ਮੁਤਾਬਿਕ ਸੈਲਫ-ਮੇਡ ਪ੍ਰੈਜ਼ੀਡੈਂਟ ਆਫ ਫਰੀ ਖਾਲਿਸਤਾਨ, ਮਿਸਟਰ ਚੌਹਾਨ ਦੇ ਇਨ੍ਹਾਂ ਅਮਰੀਕਣਾਂ ਨਾਲ ਵੀ ਸਬੰਧ ਹਨ :—

1. ਜਨਰਲ ਡੇਨੀਅਲ ਗਰਾਹਮ ਨਾਲ ਜੋ ਇਕ ਪ੍ਰਾਈਵੇਟ ਉਪ-ਪ੍ਰਧਾਨ ਸੰਸਥਾ (American Security Council) ਦੇ ਉਪ-ਪ੍ਰਧਾਨ ਹਨ...

2. ਸੈਨੇਟਰ ਜੈਸਾ ਹੈਲਮਜ਼ ਨਾਲ (Senater Jesa Helms) ਜੋ ਉਤਰੀ ਕਾਰੋਲੀਨਾ ਤੋਂ ਪਾਰਲੀਆਮੈਂਟ ਦੇ ਮੈਂਬਰ ਹਨ...

3. ਸੈਨੇਟਰ ਸਾਮਨੂਨ ਆਫ ਜ਼ਾਰਜੀਆ ਨਾਲ

4. ਟੁੰਡੀਲਾਟ ਸਾਹਿਬ ਖੁਦ ਇਸ ਚੀਜ਼ ਦਾ ਦਾਅਵਾ ਕਰਦੇ ਹਨ ਕਿ ਉਹ ਅਮਰੀਕਾ ਦੇ ਹੋਮ ਮਨਿਸਟਰ (U. S. Secretary of State) ਮਿਸਟਰ

ਅਲੈਕਜ਼ਨਡਰ ਹੇਗ ਅਤੇ ਬਦੇਸ਼ ਕਮੇਟੀ ਦੇ ਮੈਂਬਰ ਸੈਨੇਟ ਚਾਰਲਸ ਪੇਰੀ ਨੂੰ ਵੀ ਮਿਲਦੇ ਰਹਿੰਦੇ ਹਨ...

## *ਸੰਤ ਜੀ ਹੁਣ ਕੀ ਕਹਿਣਗੇ......?*

**ਪਿਛਲੇ ਸਾਲ ਜਦੋਂ ਦਲ-ਖਾਲਸੀਏ ਹਵਾਈ ਜਹਾਜ਼ ਅਗਵਾ ਕਰਕੇ ਲੈ ਗਏ ਸਨ ਤਾਂ ਸੰਤ ਜਰਨੈਲ ਸਿੰਘ ਜੀ ਭਿੰਡਰਾਂ ਵਾਲੇ ਹੋਰਾਂ ਉਹਨਾਂ ਨੂੰ "ਸੂਰਮੇ" ਕਿਹਾ ਸੀ !!! ਅਜ ਜਦ ਉਨ੍ਹਾਂ ਗਊਆਂ ਦੇ ਸਿਰ ਕੱਟ ਕੇ ਮੰਦਰਾਂ ਅਗੇ ਸੁੱਟਣ ਵਿਚ ਬਹਾਦਰੀ ਦਰਸਾਈ ਹੈ ਤਾਂ ਸੰਤ ਜੀ ਉਨ੍ਹਾਂ "ਸੂਰਮਿਆਂ" ਬਾਬਤ ਹੁਣ ਕੀ ਬੋਲਣਗੇ...???**

ਉਂਜ ਮੈਂ ਵੀ ਕਿਡਾ ਬਦਨਸੀਬ ਹਾਂ ਕਿ ਇਨ੍ਹਾਂ ਮਹਾਨ ਸੰਤਾਂ ਦੇ ਲਾਗੇ ਦਾ ਜੰਮਪਲ ਹੋਣ ਦੇ ਬਾਵਜੂਦ ਉਨ੍ਹਾਂ ਦੇ ਅਜ ਤੀਕ ਦਰਸ਼ਨ ਨਹੀਂ ਹਾਂ ਕਰ ਸਕਿਆ— ਉਨ੍ਹਾਂ 'ਸੰਤਾਂ' ਦੇ ਜਿਨ੍ਹਾਂ ਨਾਲ ਪੰਜਾਹ ਪੰਜਾਹ ਬੰਦੂਕਾਂ ਵਾਲੇ ਸੇਵਾਦਾਰ ਹਰ ਵਕਤ ਨਾਲ ਚਲਦੇ ਹਨ—ਉਨ੍ਹਾਂ ਸੰਤਾਂ ਦੇ ਜਿਨ੍ਹਾਂ ਨੂੰ ਤੀਹ ਹਜ਼ਾਰ ਪੁਲੀਸ ਦੀ ਮਾਲਕ ਸਰਕਾਰ ਕਈ ਦਿਨ ਤੀਕ ਗ੍ਰਿਫਤਾਰ ਕਰਨ ਦੀ ਹਿੰਮਤ ਨਹੀਂ ਸੀ ਕਰ ਸਕੀ—ਉਨ੍ਹਾਂ ਸੰਤਾਂ ਨੂੰ ਵੈਸੇ ਗ੍ਰਿਫਤਾਰ ਕੀ ਕਰਨ ਨੂੰ ਕੀਤਾ ਗਿਆ ਸੀ ਜੇ ਦਸ-ਪੰਦਰਾਂ ਦਿਨਾਂ ਨੂੰ ਛੱਡ ਦੇਣਾ ਹੀ...? ਵੈਸੇ ਕੁਝ ਲਾਭਦਾਇਕ ਗਲ-ਬਾਤ ਦਾ ਪਤਾ ਵੀ ਲਗਾ ਉਨ੍ਹਾਂ ਤੋਂ ? ਚੰਗੀ ਪੁਲੀਸ ਅਤੇ ਸੀ. ਆਈ. ਡੀ. ਹੈ ਸਾਡੀ ਸਰਕਾਰ ਦੀ, ਐਵੇਂ ਵਿਚਾਰਿਆਂ ਸੰਤਾਂ ਨੂੰ ਬੇਅਰਾਮ ਕੀਤਾ...? ਵੈਸੇ ਤਾਂ ਮੈਨੂੰ, ਅੰਮ੍ਰਿਤਸਰ ਦੇ ਇਕ ਪਿੰਡ ਦੇ ਹਿੰਦੂ ਪਰਿਵਾਰ ਵਿਚ ਜੰਮਣ ਮਗਰੋਂ ਪੂਰਣ ਸਿੱਖ ਘਰਾਣੇ ਵਿਚ ਪਲਣ ਦਾ ਮੌਕਾ ਮਿਲਿਆ ਹੈ—ਮੇਰੇ ਨਾਨਾ ਜੀ—ਪੂਰਣ ਸਿੱਖ, ਪੜਨਾਨਾ ਜੀ—ਪੂਰਣ ਸਿੱਖ ! ਲਗਾਤਾਰ ਕਈ ਸਾਲ ਛੇਹਰਟਾ ਸਾਹਿਬ ਗੁਰਦੁਆਰੇ ਪੰਚਮੀ ਦਾ ਇਸ਼ਨਾਨ ਕਰਨ ਜਾਂਦਾ ਰਿਹਾ... ... ਅਨੇਕਾਂ ਵਾਰ ਸੰਨ ਸਾਹਿਬ, ਬਾਬੇ ਬੁੱਢੇ ਦੇ ਗੁਰਦੁਆਰੇ, ਬਾਬੇ ਬੁੱਢੇ ਜਨਮ ਦੇ ਅਸਥਾਨ (ਕਥੂ ਨੰਗਲ), ਸ੍ਰੀ ਵਡਾਲੀ ਸਾਹਿਬ, ਸ੍ਰੀ ਹਰੀਮੰਦਰ ਸਾਹਿਬ ਅੰਮ੍ਰਿਤਸਰ, ਗੁਰੂ ਨਾਨਕ ਦੇਵ ਜੀ ਦੇ ਸੁਸਰਾਲ—ਕੰਧ ਸਾਹਿਬ (ਬਟਾਲਾ), ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਜੱਦੀ ਪਿੰਡ (ਚੱਬੇ ਸਾਹਿਬ) ਤੋਂ ਇਲਾਵਾ ਹੋਰ ਵੀ ਅਨੇਕਾਂ ਗੁਰੂਧਾਮਾਂ ਦੇ ਦਰਸ਼ਣ, 1953-1978 ਦੇ ਪੰਝੀ ਸਾਲਾਂ ਦੁਰਾਨ ਕੀਤੇ ਮਗਰ ਸੰਤ ਭਿੰਡਰਾਂ ਵਾਲਿਆਂ ਬਾਬਤ, ਉਨ੍ਹਾਂ ਦੇ ਅਸਥਾਨ ਬਾਬਤ, ਉਨ੍ਹਾਂ ਦੇ ਪਹਿਲੇ ਪ੍ਰਚਾਰਕ ਗੁਰੂਆਂ ਬਾਬਤ, ਕਥਾ-ਕੀਰਤਨ ਬਾਬਤ ਜਾਨਣ ਦਾ ਹਾਲੇ ਤੀਕ ਮੈਨੂੰ ਕੋਈ ਸੁਭਾਗ ਨਹੀਂ ਹੈ ਪ੍ਰਾਪਤ ਹੋਇਆ। ਸੇਵਾ ਦੇ ਪੁੰਜ, ਸੰਤ ਬਾਬਾ ਖੜਕ ਸਿੰਘ ਹੋਰਾਂ ਦੇ ਦਰਸ਼ਣ ਤਾਂ ਮੈਂ ਅਨੇਕਾਂ ਵਾਰ ਅੰਮ੍ਰਿਤਸਰ ਦੇ ਵੱਖ 2 ਪਿੰਡਾਂ ਵਿਚ ਕੀਤੇ ਮਗਰ ਸੰਤ ਭਿੰਡਰ ਵਾਲੇ ਹੋਰਾਂ ਦੇ ਦਰਸ਼ਣ ਅਖਬਾਰਾਂ ਰਾਹੀਂ ਹੀ ਪ੍ਰਾਪਤ ਹੋਏ !! ਇਕ ਹੋਰ ਵੀ ਅਚੰਭੇ ਦੀ ਗੱਲ ਦਸਾਂ ਕਿ ਦਖਣ ਵਿਚ ਮਦਰਾਸੀ/ਮਰਾਠੀ ਤਾਂ ਇਨ੍ਹਾਂ "ਸੰਤ ਭਿੰਡਰਾਂ ਵਾਲੀ" ਕਹਿ ਕੇ ਪੁਕਾਰਦੇ ਹਨ। ਉਹ, ਜੋ ਹਿੰਦੀ-ਪੰਜਾਬੀ ਬਿਲਕੁਲ ਨਹੀਂ ਹਨ ਜਾਣਦੇ, ਸਮਝਦੇ ਹਨ ਕਿ ਸ਼ਾਇਦ ਇਹ 'ਸੰਤ ਭਿੰਡਰਾ ਵਾਲੀ' ਸਿੱਖਾਂ ਵਿਚ ਕੋਈ ਨਵੀਂ ਜਰਨੈਲ-ਆਗੂ-ਬੀਬੀ ਪੈਦਾ ਹੋ ਗਈ ਹੈ ! ਪਰ ਇਸ ਵਿਚ ਉਨ੍ਹਾਂ ਦਾ ਵੀ ਕੋਈ ਦੋਸ਼ ਨਹੀਂ ? ਦੋਸ਼ ਤਾਂ ਅੰਗਰੇਜ਼ੀ ਦਾ ਹੈ ਜਿਸ ਮੁਤਾਬਕ ਜਦੋਂ ਸ਼ਬਦ "ਭਿੰਡਰਾਂ ਵਾਲਾ" ਲਿਖੀਏ ਤਾਂ ਪਿੱਛੇ 'ਈ' ਆ ਜਾਂਦੀ ਹੈ SANT BHINDRA WAL-E ...

ਨਾਲੇ ਮੇਰੇ ਵਰਗਾ ਉਨ੍ਹਾਂ ਦੇ ਇਤਿਹਾਸ ਬਾਬਤ ਕੱਖ ਨਹੀਂ ਹੈ ਜਾਣਦਾ ਜੋ ਪੂਰੇ ਤਿੰਨ ਸਾਲ ਲਗਾਤਾਰ, ਸਿੱਖ-ਮੱਤ ਬਾਰੇ, ਖਾਲਸਾ ਕਾਲਜ ਸਕੂਲ ਵਿਚ ਪੜ੍ਹਦਾ ਰਿਹਾ, ਉਥੇ ਵੀ ਗਿਆਨੀ ਜੀ ਨੇ ਸਾਨੂੰ ਗੁਰਦੁਆਰਾ ਗੁਰਮਤ ਪ੍ਰਕਾਸ਼ ਨਜ਼ਦੀਕ ਮਹਿਤਾ ਚੌਂਕ ਬਾਬਤ ਕਦੇ ਕੁਝ ਨਹੀਂ ਸੀ ਦਸਿਆ।* ਸੋ ਦਖਣੀ ਭਾਰਤੀਆਂ ਨੂੰ ਤਾਂ ਉਨ੍ਹਾਂ ਬਾਬਤ ਕੀ ਹੀ ਪਤਾ ਹੋਣਾ ਹੈ...

ਮੈਂ ਸੰਤ ਭਿੰਡਰਾਂ ਵਾਲਿਆਂ ਦੀ ਇਜ਼ਤ ਤਾਂ ਬਹੁਤ ਕਰਦਾ ਹਾਂ ਮਗਰ ਉਨ੍ਹਾਂ ਕੋਲ ਇੰਦਰਾ-ਕਾਂਗਰਸ ਦੇ ਦਿੱਲੀ ਵਾਲੇ ਏਜੰਟ (ਪਿਛੇ ਜਿਹੇ ਜਿਨ੍ਹਾਂ ਨੂੰ ਗੋਲੀ ਮਾਰ ਦਿਤੀ ਗਈ ਸੀ) ਸੰਤੋਖ ਸਿੰਘ ਵਰਗਿਆਂ ਦਾ ਆਉਣਾ ਕਿਵੇਂ ਦਰੁਸਤ ਠਹਿਰਾਇਆ ਜਾ ਸਕਦਾ ਹੈ...?

ਪਿਛੇ ਜਿਹੇ ਉਨ੍ਹਾਂ ਨੇ ਸਰਕਾਰ ਨਾਲ ਅਤੇ ਸਰਕਾਰ ਨੇ ਉਨ੍ਹਾਂ ਨਾਲ, ਇਕ ਮੋਰਚਾ ਜਿਹਾ ਹੀ, ਮਹਿਤਾ ਚੌਂਕ, ਵਿਖੇ ਲਾ ਲਿਆ ਸੀ (ਅਨੇਕਾਂ ਬਦੋਸ਼ਿਆਂ ਦਾ ਖੂਨ ਇਸ ਵਿਚ ਹੋਇਆ ਸੀ) ਅਗਰ ਸੰਤ ਜੀ ਨੇ ਮੋਰਚਾ ਹੀ ਲਾਉਣਾ ਹੈ ਤਾਂ ਥੀਨ ਡੈਮ ਖਾਤਰ ਕਿਉਂ ਨਹੀਂ ਲਾ ਲੈਂਦੇ। ਪਿਛਲੇ ਦਿਨੀ ਕੋਈ ਪੰਜਾਹ ਹਜ਼ਾਰ ਦੇ ਕਰੀਬ ਪੰਜਾਬੀ ਸੰਗਤਾਂ ਮਹਿਤੇ ਚੌਂਕ ਵਿਚ ਇਕੱਠੀਆਂ ਹੋਈਆਂ ਸਨ, ਕਿੰਨਾ ਚੰਗਾ ਹੁੰਦਾ ਅਗਰ ਸੰਤ ਭਿੰਡਰਾਂਵਾਲਾ ਜੀ ਉਥੋਂ ਹੀ ਪਰੇ ਨੂੰ ਮਾਰਚ ਆਰੰਭ ਕਰ ਦਿੰਦੇ—ਪਠਾਨਕੋਟ ਵੱਲੀ ਨੂੰ ਅਤੇ ਜਾ ਡਟਦੇ ਥੀਨ-ਡੈਮ ਦੀ ਨੀਂਹ ਉਪਰ...ਖੋਲ ਦਿੰਦੇ

* ਲੇਖਕ ਦਾ ਦਾਦਕਾ ਪਿੰਡ ਵੀ ਮਹਿਤੇ ਚੌਂਕ ਤੋਂ ਕੁਲ ਦਸ ਮੀਲ ਦੀ ਦੂਰੀ ਤੇ ਹੈ ਮਗਰ ਬੰਦੇ ਨੂੰ ਉਹਨਾਂ ਮਹਾਨ ਸੰਤਾਂ ਦੀ ਮਹਿਮਾ ਬਾਬਤ ਸੰਨ 1978 ਤੀਕ ਬਿਲਕੁਲ ਕੋਈ ਨਹੀਂ ਸੀ ਪਤਾ।

ਅਖੰਡ ਪਾਠ...ਭਾਵੇਂ 101 ਅਖੰਡ ਪਾਠ ਲਗਾਤਾਰ ਖੋਲ੍ਹਣ ਦਾ ਐਲਾਨ ਕਰ ਦਿੰਦੇ ਤੇ ਭਾਵੇਂ 1001 ਅਖੰਡ ਪਾਠਾਂ ਦਾ...ਅਤੇ ਓਨਾ ਚਿਰ ਤੀਕ ਅਖੰਡ ਪਾਠ ਜਾਰੀ ਹੀ ਰਹਿੰਦੇ, ਗੁਰੂ ਦੇ ਅਤੁੱਟ ਲੰਗਰ ਜਾਰੀ ਰਹਿੰਦੇ... ਵੈਸੇ ਵੀ ਜੇ ਲੱਖ ਕੁ ਪੰਜਾਬੀ ਵੀਹ ਵੀਹ ਪੱਥਰ ਵੀ ਸੁੱਟਦੇ ਤਾਂ ਰਾਵੀ ਪੂਰ ਕੇ ਰੱਖ ਦਿੰਦੇ ਕਿ ਨਾਂ...?

## ਮਤਰੇਈ ਮਾਂ ਵਰਗਾ ਸਲੂਕ ਕਿਉਂ...?

ਆਉ ਹੁਣ ਉਸ ਸਰਕਾਰ ਦੀ ਵੀ ਗੱਲ ਕਰੀਏ ਜੋ ਪੰਜਾਬ ਨਾਲ ਮਤਰੇਈ ਮਾਂ ਵਰਗਾ ਸਲੂਕ ਕਰਦੀ ਹੈ... "ਅਜ ਸਾਡਾ ਮਹਾਂ ਪੰਜਾਬ ਜਿਸਦੀਆਂ ਹੱਦਾਂ ਦਿੱਲੀ ਤੋਂ ਪੇਸ਼ਾਵਰ ਤੀਕ, ਸਿੰਧ ਤੋਂ ਕਸ਼ਮੀਰ ਤੀਕ ਅਤੇ ਉਸ ਤੋਂ ਵੀ ਪਾਰ ਕਾਬੁਲ-ਕੰਧਾਰ ਤੀਕ ਕਦੇ ਫੈਲੀਆਂ ਹੋਇਆ ਕਰਦੀਆਂ ਸਨ ਅਜ ਕੇਵਲ 'ਸੂਬੀ' ਜਿਹੀ ਬਣਕੇ ਰਹਿ ਗਿਆ ਹੈ। ਅਜ ਦਾ ਪੰਜਾਬ ਕੇਵਲ 'ਢਾਈ-ਘੰਟਾ-ਪੰਜਾਬ' ਹੈ। ਢਾਈਆਂ ਘੰਟਿਆਂ ਅੰਦਰ ਪੰਜਾਬ ਦੀ ਲੰਬੀ ਤੋਂ ਲੰਬੀ ਸੜਕ, ਕਾਰ ਰਾਹੀਂ, ਪਾਰ ਕੀਤੀ ਜਾ ਸਕਦੀ ਹੈ—ਅੰਮ੍ਰਿਤਸਰ ਤੋਂ ਰਾਜਪੁਰਾ—ਸ਼ੰਭੂ ਤੀਕ (ਜੀ.ਟੀ. ਰੋਡ)..."

ਹੁਣ ਕੇਂਦਰੀ ਸਰਕਾਰ ਇਸਨੂੰ ਵੀ ਛੋਟਾ ਕਰਨ ਤੇ ਤੁਲੀ ਹੋਈ ਹੈ। ਕੇਂਦਰੀ ਸਰਕਾਰ ਇਸ ਨੂੰ ਆਰ-ਥਿਕ ਤੌਰ ਤੇ ਕਮਜ਼ੋਰ, ਜੁਗਰਾਫੀਏ ਪਖੋਂ ਨਿਕਾਰਾ ਅਤੇ ਸਿਆਸੀ ਪੱਖ ਤੋਂ ਨਿਪੁੰਸਕ ਕਰਨ ਤੇ ਆਖਿਰ ਕਿਉਂ ਤੁਲੀ ਹੋਈ ਹੈ...?

ਜਵਾਬ ਸਪੱਸ਼ਟ ਹੈ, 'ਸੂਬਿਆਂ ਨੂੰ ਕਮਜ਼ੋਰ ਕਰਨ ਵਿਚ ਹੀ ਕੇਂਦਰ ਦੀ ਜਕੜ ਕਾਇਮ ਰਹਿ ਸਕਦੀ ਹੈ...!!! ਉਂਜ ਤਾਂ ਕੇਂਦਰ ਹਰ ਉਸ ਸੂਬੇ ਦੇ ਖਿਲਾਫ ਸਾਜ਼ਸ਼ਾਂ ਕਰ ਰਿਹਾ ਹੈ ਜਿਸ ਵਿਚ ਜ਼ਰਾ ਵੀ ਸੈਲਫ-ਰਸਪੈਕਟਿਡ ਅਤੇ ਜਾਗ੍ਰਿਤ ਲੋਕ ਵਸ ਰਹੇ ਹਨ—ਜਿਵੇਂ ਬੰਗਾਲ, ਕੇਰਲਾ, ਮਦਰਾਸ, ਜੰਮੂ ਕਸ਼ਮੀਰ ਆਦਿ ਪਰ ਪੰਜਾਬ ਤਾਂ ਉਸਦੀ ਕ੍ਰੋਧ-ਦਰਿਸ਼ਟੀ ਦਾ ਖਾਸ ਪਾਤਰ ਬਣਿਆ ਹੋਇਆ ਹੈ...?

ਕੀ ਇਹ ਸੱਚਾਈ ਨਹੀਂ ਕਿ ਪੰਜਾਬ ਵਿਚ (ਜੋ ਬੇਅੰਤ ਕੱਚਾ ਮਾਲ ਪੈਦਾ ਕਰ ਰਿਹਾ ਹੈ) ਇਕ ਵੀ ਵੱਡਾ ਕਾਰਖਾਨਾ ਨਹੀਂ (Major Industry)...?

**ਸੀਮੇਂਟ, ਕਾਗਜ਼, ਗੱਤੇ, ਕਪੜੇ, ਖੰਡ, ਘਿਉ, ਖਾਦ, ਟਰੈਕਟਰਾਂ ਆਦਿ ਦੇ ਅਨੇਕਾਂ ਵੱਡੇ ਵੱਡੇ ਕਾਰਖਾਨੇ ਪੰਜਾਬ ਵਿਚ ਉਸਾਰੇ ਜਾ ਸਕਦੇ ਸਨ ਪਰ ਬੜੇ ਦੁਖ ਦੀ ਗੱਲ ਹੈ ਕਿ ਪੰਜਾਬ ਨੂੰ ਮੇਜਰ ਇੰਡਸਟਰੀ ਵਿਚ ਫਾਡੀ ਹੀ ਚਲਿਆ ਆ ਰਿਹਾ ਹੈ...?** ਅਜ਼ਾਦੀ ਤੋਂ ਮਗਰੋਂ ਪੰਜਾਬ ਵਿਚ ਇਕ ਫੁੱਟ ਲੰਬੀ ਰੇਲਵੇ ਲਾਈਨ ਵੀ ਨਹੀਂ ਵਧਾਈ ਗਈ ਸਗੋਂ ਪਹਿਲੀਆਂ ਗੱਡੀਆਂ ਵੀ ਬੰਦ ਕੀਤੀਆਂ ਜਾ ਰਹੀਆਂ ਹਨ...!!

ਕੀ ਇਹ ਹਕੀਕਤ ਨਹੀਂ ਕਿ ਪੰਜਾਬ ਦੀ ਕਿਸਾਨੀ ਕੋਲੋਂ ਲਗਭਗ ਮੁਫਤੋ-ਮੁਫਤ ਹੀ ਅਨਾਜ ਖੋਹ ਲਿਆ ਜਾਂਦਾ ਹੈ ? "ਪਿਛਲੇ ਸਾਲ, ਇੰਦਰਾ ਸਰਕਾਰ ਨੇ ਅਮਰੀਕਾ ਅਤੇ ਅਸਟਰੇਲੀਆ ਤੋਂ ਡਿਉਢੇ ਭਾ, 225 ਰੁ: ਦੇ ਹਿਸਾਬ ਵੀ ਕਣਕ ਖਰੀਦੀ ਮਗਰ ਪੰਜਾਬੀ ਕਿਸਾਨੀ ਕੋਲੋਂ 60 ਲੱਖ ਟਨ ਕਣਕ 135 ਰੁ: ਦੇ ਹਿਸਾਬ ਹੀ ਹੜਪ ਗਈ ! ਜ਼ਰਾ ਹਿਸਾਬ ਲਾਉ ਕਿੰਨੇ ਅਰਬ ਰੁਪਏ ਦਾ ਰਗੜਾ ਲੱਗਾ ਇਸ ਤਰ੍ਹਾਂ...?

60,00000 × 225—135 = 80 ਰੁਪਏ = 480 ਕਰੋੜ ਰੁਪਏ (ਲਗਭਗ ਪੰਜ ਅਰਬ)

ਨੋਟ : ਕਿਸਾਨੀ ਕੋਲੋਂ ਭਾਵੇਂ ਕਣਕ 135 ਰੁ: ਵੀ ਰੋਂਦਿਆਂ ਪਿਟਦਿਆਂ ਉਠਾਈ ਸੀ ਮਗਰ ਪੰਜਾਬ ਵਿਚ, ਔਸਤਨ ਆਟੇ ਦਾ ਭਾਅ ਸਾਰੇ ਸਾਲ ਦੁਰਾਨ 200 ਤੋਂ ਘੱਟ ਨਹੀਂ ਸੀ ਰਿਹਾ। ਗੁਜਰਾਤ, ਮਹਾਂਰਾਸ਼ਟਰ ਵਿਚ ਤਾਂ ਸ਼ੁਰੂ ਵਿਚ; ਸਾਢੇ ਤਿੰਨ ਸੌ ਵੀ, ਪੰਜਾਬੀ ਕਣਕ ਦੇ ਵੱਟੇ ਗਏ ਸਨ...।

## ਥੀਨ ਡੈਮ :

ਥੀਨ ਡੈਮ ਦਾ ਉਦਘਾਟਨ ਕੀਤੇ ਨੂੰ ਅੱਜ ਸਤਾਰਾਂ ਸਾਲ ਹੋ ਗਏ ਹਨ (ਡੈਮ ਪੂਰਾ ਹੋਣ ਨੂੰ ਕੇਵਲ ਸੱਤ ਸਾਲ ਹੀ ਲਗਣੇ ਸਨ) ਮਗਰ ਅਜ ਤੀਕ ਵੀ ਉਸਦੀ ਨੀਂਹ ਤੀਕ ਦੀ ਖੁਦਾਈ ਸ਼ੁਰੂ ਨਹੀਂ ਹੋਈ। ਜ਼ਬਾਨੀ ਕਲਾਮੀ ਉਸ ਡੈਮ ਦੀ ਮਨਜ਼ੂਰੀ ਅਨੇਕਾਂ ਵਾਰ ਦਿਤੀ ਜਾ ਚੁਕੀ ਹੈ । ਸੰਨ 1972 ਵਿਚ ਗਰੀਬੀਆਂ ਦੂਰ ਕਰਨ ਵਾਲੀ ਨੇ ਕਿਹਾ ਸੀ, ਮੈਂ ਥੀਨ ਡੈਮ ਪੰਜਾਬ ਨੂੰ ਦੇਣ ਦਾ ਐਲਾਨ ਕਰਦੀ ਹਾਂ। ਦਸ ਸਾਲ ਬਾਅਦ ਕਪੂਰੀ ਵਿਖੇ, ਪਿਛਲੇ ਮਹੀਨੇ ਵੀ ਉਸੇ ਕੁਣਬਾ ਪਰਵਰ ਮਹਾਨ ਨੇਤਾ ਨੇ ਥੀਨ ਡੈਮ ਪੰਜਾਬ ਨੂੰ ਦੇਣ ਦਾ ਐਲਾਨ ਕੀਤਾ...ਪਹਿਲੀ ਵੇਰਾਂ ਤਾਂ ਨਕਸ਼ਾ ਹੀ ਮਿਲਿਆ ਸੀ ਅਤੇ ਮਿਲਿਆ ਹੁਣ ਵੀ ਥੀਨ ਡੈਮ ਦਾ ਲਕੜੀ ਦਾ ਮਾਡਲ ਹੀ ਹੈ (ਇਹ ਖੈਰ ਅਗਲੇ ਦਸਾਂ ਸਾਲਾਂ ਮਗਰੋਂ ਜਾ ਕੇ ਪਤਾ ਲਗੇਗਾ)... ।

ਉਸ ਸੱਤ ਘੱਟ ਬਹੱਤਰੀ ਨੇਤਾ ਨੂੰ ਕੋਈ ਪੁੱਛੇ ਕਿ ਥੀਨ ਡੈਮ ਦਾ ਮਾਡਲ ਤੇ ਤੂੰ ਦੇ ਦਿਤਾ ਪਰ ਸੱਤ ਅਰਬ ਰੁਪਈਆਂ ਦਾ, ਪੰਡਤ ਜਵਾਹਰ ਲਾਲ ਜੀ ਵਲੋਂ ਮਨੀਆਡਰ ਆਏਗਾ...? ਸਾਥੀਉ ਇਹ ਥੀਨ ਡੈਮ 2000 ਈ. ਤੋਂ ਪਹਿਲਾਂ ਨਹੀਂ ਬਣ ਸਕੇਗਾ...!!!

## ਐਸ. ਵਾਈ. ਐਲ.

ਇਹ ਹਕੀਕਤ ਹੈ ਕਿ ਅਜ ਪੰਜਾਬ ਦੀ (ਛੋਟੀ) ਇੰਡਸਟਰੀ ਵੀ ਬਿਜਲੀ ਖੁਣੋਂ ਤਬਾਹ ਹੋ ਰਹੀ ਹੈ ਅਤੇ

ਕਿਸਾਨ ਵੀ ! ਕੱਟ ਤੇ ਕੱਟ, ਕੱਟ ਤੇ ਕੱਟ ਲਗਦਾ ਤੁਰਿਆ ਜਾ ਰਿਹਾ ਹੈ...ਪੰਜਾਬ ਵਿਚ ਟਿਊਬਵੈਲਾਂ ਨੂੰ ਕਈ 2 ਵੇਰ੍ਹਾਂ ਚਾਰ ਘੰਟੇ ਬਿਜਲੀ ਵੀ ਨਸੀਬ ਨਹੀਂ ਹੁੰਦੀ। ਬਦੇਸ਼ੀ ਖਾਦਾਂ ਚੌਗੁਣਾ ਪਾਣੀ ਮੰਗਦੀਆਂ ਹਨ। ਨਹਿਰੀ ਪਾਣੀ ਦੀ ਬਹੁਤ ਹੀ ਕਿਲਤ ਹੈ। ਕਿੱਲਾ ਭਰਨ ਖਾਤਰ, ਪੱਟੀ, ਅਬੋਹਰ, ਬਠਿੰਡੇ ਦੇ ਇਲਕੇ ਵਿਚ ਪੰਦਰਾਂ 2 ਮਿੰਟ ਦੀ ਵਾਰੀ ਵੀ ਨਹੀਂ ਮਿਲਦੀ। ਪਾਣੀ ਦੀ ਘਾਟ ਕਾਰਨ ਲੋਕੀ ਆਪਸ ਵਿਚ ਝਗੜ ਰਹੇ ਹਨ। ਜ਼ੋਰਾਵਰ ਜਗੀਰਦਾਰ ਨਹਿਰਾਂ ਤੋਂ ਪਾਣੀ ਚੋਰੀ ਕਰ ਲੈਂਦੇ ਹਨ। ਐਸ. ਡੀ. ਓ./ਓਵਰਸੀਅਰਾਂ ਦੀ ਕੋਈ ਪੇਸ਼ ਨਹੀਂ ਜਾਂਦੀ। 'ਟੇਲ' ਤੇ ਪੈਣ ਵਾਲੇ ਪਿੰਡਾਂ ਦੀਆਂ ਫਸਲਾਂ ਪਾਣੀ ਖੁਣੋ ਸੁੱਕ ਜਾਂਦੀਆਂ ਹਨ ਅਤੇ ਠੀਕ ਉਸ ਵਕਤ ਜਦ ਪੰਜਾਬੀ ਕਿਸਾਨੀ ਦਾ ਇਹ ਹਾਲ ਹੈ, ਇੰਦਰਾ ਗਾਂਧੀ ਨੇ ਐਸ. ਵਾਈ. ਐਲ. ਰਾਹੀਂ 35 ਲੱਖ ਏਕੜ-ਫੁੱਟ ਪਾਣੀ ਹਰਿਆਣੇ ਨੂੰ ਦੇਣ ਦਾ ਐਲਾਨ ਕਰ ਦਿਤਾ ਹੈ ਜੋ ਅਗਰ ਡੂੰਘਾਈ ਵਿਚ ਵੇਖਿਆ ਜਾਏ ਤਾਂ ਸਰਾਸਰ ਬੇਇਨਸਾਫੀ ਹੈ। ਧੱਕਾ ਹੈ, ਅਨਿਆਏ ਹੈ ..ਮੈਂ ਇਥੇ ਬਹੁਤੀ ਵਿਆਖਿਆ ਵਿਚ ਨਾ ਜਾਂਦਾ ਹੋਇਆ ਇਨ੍ਹਾਂ ਹੀ ਕਹਾਂਗਾ ਕਿ "ਅਗਰ ਪੰਜਾਬ ਵਿਚ ਵਗਦੇ ਦਰਿਆਵਾਂ ਦਾ 40 ਫੀ ਸਦੀ ਪਾਣੀ ਤੇ ਹਰਿਆਣੇ ਦਾ ਹੱਕ ਬਣਦਾ ਹੈ ਤਾਂ ਫਿਰ ਯਮਨਾ ਦੇ ਪਾਣੀ ਵਿਚੋਂ 60 ਫੀ ਸਦੀ ਪੰਜਾਬ ਨੂੰ ਵੀ ਮਿਲਣਾ ਚਾਹੀਦਾ ਹੈ !!! ਹਰਿਆਣਾ ਬਣਨ ਤੋਂ ਪਹਿਲਾਂ ਤਾਂ ਯਮਨਾ ਪੰਜਾਬ ਵਿਚ ਹੀ ਵਗਦੀ ਸੀ ਕਿ ਨਹੀਂ...? ਖਾਲੇ ਪੱਕੇ ਕੀਤੇ ਤਾਂ ਟੈਕਸ ਪੰਜਾਬੀਆਂ ਤੇ ਅਤੇ ਪਾਣੀ ਦੀ ਬਚਤ ਹੋਵੇ ਤਾਂ ਉਹ ਮੁਫਤੋ-ਮੁਫਤ ਹਰਿਆਣਵੀਆਂ ਨੂੰ ਦੇ ਦਿਤਾ ਜਾਏ—ਇਹ ਕਿਧਰ ਦਾ ਇਨਸਾਫ ਹੈ ?" ਪਾਕਿਸਤਾਨ ਨੂੰ ਜਾ ਰਿਹਾ ਪਾਣੀ ਉਨਾ ਚਿਰ ਵਰਤਿਆ ਨਹੀਂ ਜਾ ਸਕਦਾ ਜਿੰਨਾ ਚਿਰ ਥੀਨ ਡੈਮ ਨਹੀਂ ਬਣਦਾ ਤੇ ਡੈਮ ਕਦੇ ਬਣਨਾ ਹੀ...। ਅਤੇ ਅਜਿਹੇ ਵਿਤਕਰੇ ਭਰਿਆ ਸਲੂਕ ਕਾਰਨ ਹੀ ਖਾਲਿਸਤਾਨ ਵਰਗੀਆਂ ਵੱਖਵਾਦੀ ਲਹਿਰਾਂ ਲੋਕਾਂ ਵਿਚ ਅਧਾਰ ਬਨਾਉਣ ਵਿਚ ਕਾਮਯਾਬ ਹੁੰਦੀਆਂ ਹਨ...।

## ਖਾਲਿਸਤਾਨ ਦੀ ਲਹਿਰ ਕਿਉਂ ਚਲਾਈ ਗਈ...?

ਇਹ ਹਕੀਕਤ ਹੈ ਕਿ ਅਜ਼ਾਦੀ ਤੋਂ ਮਗਰੋਂ, ਸਭ ਤੋਂ ਵਧ ਟੈਕਸ ਪਿਛਲੇ ਸਾਲ ਦੌਰਾਨ ਹੀ ਲਗੇ ਹਨ ਅਤੇ ਸਭ ਤੋਂ ਵਧ ਖੂਨ ਖਰਾਬਾ ਇਸੇ ਸਾਲ ਹੀ ਹੋਇਆ ਹੈ। ਸਭ ਤੋਂ ਵਧ ਫਿਰਕਾਪ੍ਰਸਤੀ ਪਿਛਲੇ ਸਾਲ ਹੀ ਫੈਲਾਈ ਗਈ ਹੈ। ਮਹਿਤੇ ਕਿੰਨਾ ਖੂਨ ਡੁਲ੍ਹਿਆ, ਜਗਤ ਨਾਰਾਇਣ ਦਾ ਕਤਲ ਸਿਰ ਫਿਰੇ ਮੋਟਰ ਸਾਈਕਲਾਂ ਦੁਆਰਾ 'ਅਮ੍ਰੀਕਣ ਸਟਾਈਲ' ਵਿਚ ਬੇਕਸੂਰਾਂ ਤੇ ਗੋਲੀਆਂ ..(Rape, molest, looting and shooting at random, is very common in Euorpean capitalist countries like U. K., West Germany, U.S.A. etc.)

—ਜਲੰਧਰ ਕਤਲ, ਤਰਨਤਾਰਨ ਮੰਡੀ ਵਿਚ ਕਤਲ, ਗੁਰਦੁਆਰਿਆਂ ਦੀ ਬੇਅਦਬੀ, ਮੰਦਰਾਂ ਦੀ ਦੁਰਦਸ਼ਾ, ਨਾਭੇ ਕਰਫਿਊ, ਪਟਿਆਲੇ ਕਰਫਿਊ, ਅੰਮ੍ਰਿਤਸਰ ਵਿਚ ਗੋਲੀ, ਬੁਢਲਾਡੇ ਲਾਠੀਚਾਰਜ— ਆਖਿਰ ਇਹ ਸਭ ਕੀ ਹੋ ਰਿਹਾ ਹੈ...? ਕੀ ਇਹ ਤਾਂਡਵ ਨਾਚ ਨਹੀਂ...??? "ਅਤੇ ਇਹ ਸਭ ਇਸ ਲਈ ਰਚਾਇਆ ਜਾ ਰਿਹਾ ਹੈ ਤਾਂ ਜੁ ਲੋਕ ਭੁੱਲ ਜਾਣ ਕਿ ਪਿਛਲੇਰੇ ਸਾਲ ਬੱਸਾਂ ਦੇ ਕਿਰਾਏ ਡਿਉਢੇ ਕੀਤੇ ਗਏ ਸਨ...ਪਿਛਲੇ ਸਾਲ ਬਿਜਲੀ ਦੇ ਰੇਟ ਸਵਾਏ ਕੀਤੇ ਗਏ ਹਨ...ਇਸ ਸਾਲ ਰੇਲ, ਮੇਲ ਦੇ ਰੇਟ ਵਧਾ ਦਿਤੇ ਗਏ ਹਨ...ਬਾਈ ਰੁਪਏ ਬਨਣ ਵਾਲੇ ਸੀਮੈਂਟ ਦਾ ਮੁੱਲ 66 ਰੁਪਏ ਫਿਕਸ ਕਰ ਦਿਤਾ ਗਿਆ ਹੈ 'ਅਤੇ ਲੋਕ ਖੁਸ਼ ਹਨ' ਇੱਟਾਂ 400 ਰੁਪਏ 'ਵੀ ਨਹੀਂ ਹਨ ਲਭਦੀਆਂ..."

ਨੌਂ ਵਾਲਾ ਘਿਉ, ਅਠ੍ਹਾਰੀਂ ਵਿੱਕੀ ਜਾ ਰਿਹਾ ਹੈ...।

ਬੇਰੁਜ਼ਗਾਰੀ ਵਿਚ ਦਸ ਸਾਲਾਂ ਦੌਰਾਨ (ਗਰੀਬੀ ਹਟਾਓ ਦੀ ਬਾਂਗ ਦੇਣ ਮਗਰੋਂ) ਕੇਵਲ ਚੌਗੁਣਾ ਵਾਧਾ ਹੋਇਆ ਹੈ। "1972 ਵਿਖੇ ਜਦੋਂ 'ਬੇਕਾਰ ਦਫਤਰਾਂ' ਵਿਚ ਦਰਜ ਨਾਵਾਂ ਦੀ ਗਿਣਤੀ 50 ਲੱਖ ਸੀ ਅਜ 200 ਲੱਖ ਹੋ ਗਈ ਹੈ ਜਿਵੇਂ ਕਿ ਨਰੈਣ ਦੱਤ ਤਿਵਾੜੀ ਹੋਰਾਂ (ਬਗੈਰ ਸ਼ਰਮ ਹਯਾ ਦੇ) ਪਿਛਲੇ ਦਿਨੀਂ ਲੋਕ ਸਭਾ ਵਿਚ ਦਸਿਆ ਸੀ... ।"

ਅਜ ਹਰ ਇਕ ਦੇ ਮੂੰਹ ਤੋਂ ਖ਼ਾਲਿਸਤਾਨ ਖਾਲਿਸਤਾਨ, ਕਰਫਿਊ, ਗੁਰਧਾਮਾਂ ਦੀ ਬੇਅਦਬੀ, ਮੂਰਤੀਆਂ ਦੇ ਟੁੱਟਣ ਬਾਬਤ ਸੁਣਿਆ ਜਾ ਰਿਹਾ ਪਰ ਕੁਣਬਾਪਰਵਰੀ, ਭ੍ਰਿਸ਼ਟਾਚਾਰੀ, ਬਲੈਕ ਮਾਰਕੀਟਿੰਗ, ਜ਼ਖੀਰੇਬਾਜੀ, ਭੁੱਖਮਰੀ, ਬੇਰੁਜ਼ਗਾਰੀ, ਮਿਲਾਵਟਖੋਰੀ ਆਦਿ ਵਰਗੀਆਂ ਸਮੱਸਿਆਵਾਂ ਜੋ ਅਲ੍ਹਾਦੀਨ ਦੇ ਜਿੰਨ ਵਾਂਗ ਅਕਾਰ ਵਧਾਈ ਹੀ ਜਾ ਰਹੀਆਂ ਹਨ, ਸਾਨੂੰ ਖਾਈ ਜਾ ਰਹੀਆਂ ਹਨ, ਉਨ੍ਹਾਂ ਵਲੋਂ ਬਹੁ-ਗਿਣਤੀ ਅਚੇਤ ਹੋਈ ਜਾ ਰਹੀ ਹੈ—ਟੈਕਸ ਤੇ ਟੈਕਸ ਲਗਦੇ ਹੀ ਤੁਰੇ ਜਾ ਰਹੇ ਹਨ ਅਤੇ ਲੋਕ ਸਰਕਾਰ ਨਾਲ ਮੱਥਾ ਲਾਉਣ ਦੀ ਬਜਾਏ ਆਪਸ ਵਿਚ ਹੀ ਉਲਝਦੇ ਜਾ ਰਹੇ ਹਨ।

## ਟੈਕਸ ਹੀ ਟੈਕਸ

ਜਿਵੇਂ ਪੰਜਾਬ ਸਰਕਾਰ ਦੁਆਰਾ ਛਾਪੀ ਗਈ

ਕਿਤਾਬ (FACTS ABOUT PANJAB-1980) ਪੜ੍ਹਨ ਤੋਂ ਪਤਾ ਲਗਦਾ ਹੈ। ਇਹ ਟੈਕਸ, ਸਰਕਾਰ, ਦੁਕਾਨਦਾਰਾਂ, ਕਾਰਖਾਨੇਦਾਰਾਂ ਅਤੇ ਸਰਕਾਰੀ ਅਫਸਰਾਂ ਰਾਹੀਂ, ਪਬਲਿਕ ਕੋਲੋਂ ਵਸੂਲ ਕਰਦੀ ਹੈ !!!

| ਸਾਲ | | ਟੈਕਸ ਪ੍ਰਤੀ ਜੀ |
|---|---|---|
| 1970-71—ਗਰੀਬੀ ਹਟਾਓ ਦੇ | | 78 ਰੁਪਏ |
| 71-72 | ਨਾਹਰੇ ਸਮੇਂ | 84 ਰੁਪਏ |
| 72-73 | | 97 ਰੁਪਏ |
| 73-74 | | 107 ਰੁਪਏ |
| 74-75 | | 125 ਰੁਪਏ |
| 75-76 | | 143 ਰੁਪਏ |
| 76-77 | | 160 ਰੁਪਏ |
| 77-78 | | 180 ਰੁਪਏ |
| 78-79 | | 200 ਰੁਪਏ |
| 79-80 | | 236 ਰੁਪਏ |
| 80-81 | | 249 ਰੁਪਏ |
| 81-82 | | 262 ਰੁਪਏ |
| 82-83—ਗਰੀਬੀ ਨਾ ਹਟਾਓ... | | 348 ਰੁਪਏ |

ਕੀ ਤੁਹਾਡੀ ਆਮਦਨ ਵੀ ਇਸੇ ਸਪੀਡ ਨਾਲ ਵਧ ਰਹੀ ਹੈ......?

—ਖਾਲਿਸਤਾਨੇ ਦੀ ਮੂਵਮੈਂਟ ਇਸ ਕਰਕੇ ਵੀ ਚਲਵਾਈ ਗਈ ਹੈ ਤਾਂ ਜੁ ਪ੍ਰੀਤੂ ਪ੍ਰੈਸ ਵਾਲਾ ਭੁਲ ਜਾਵੇ ਕਿ ਉਹਨਾਂ ਦਾ ਪੰਜਵੀਂ ਪਾਸ ਪੱਪੂ 23 ਅਤੇ 32 ਵਿਚ ਕੋਈ ਫਰਕ ਨਹੀਂ ਸਮਝਦਾ...

ਤੇ ਇਹ ਲਹਿਰ ਇਸ ਲਈ ਵੀ ਚਲਾਈ ਗਈ ਹੈ ਤਾਂ ਜੁ ਤਮਾਮ ਪੰਜਾਬੀ ਭੁੱਲ ਜਾਣ ਕਿ ਦਫਤਰਾਂ/ਹਸਪਤਾਲਾਂ/ਠਾਣੇ/ਕਚੈਹਰੀਆਂ ਅਤੇ' ਸੈਕਟਰੀਏਟ' ਵਿਖੇ ਬਸ ਖਾਨਾ-ਪੂਰੀ* ਹੀ ਹੋ ਰਹੀ ਹੈ...

## ਜੱਗਬਾਣੀ ਜਾਂ ਅੱਗਬਾਣੀ...?

ਇਹ ਲੇਖ ਵਾਕਿਆ ਹੀ ਅਧੂਰਾ ਸਮਝਾਂਗਾ ਅਗਰ ਉਨ੍ਹਾਂ ਸੰਪਾਦਕਾਂ ਬਾਬਤ ਕੁਝ ਨਹੀਂ ਹਾਂ ਲਿਖਦਾ ਜਿਨ੍ਹਾਂ ਜਨਮ ਤੋਂ ਲੈ ਕੇ ਜਹਨਮ ਤੀਕ, ਮਜ਼ਬੀ ਘ੍ਰਿਣਾ ਫੈਲਾਉਣ ਵਾਲੇ 'ਨੇਕ' ਕੰਮ ਤੋਂ ਸਿਵਾ ਹੋਰ ਕੁਝ ਨਹੀਂ ਹੈ ਕੀਤਾ !! ਇਨ੍ਹਾਂ ਵਿਚੋਂ ਹੀ ਇਕ ਸਨ ਲਾਲਾ ਜਗਤ ਨਾਰੈਣ ਜੀ !!!

ਅਜ਼ਾਦੀ ਸਮੇਂ ਕੁਲ 1200 ਅਖਬਾਰ ਛਪਦਾ ਸੀ ਇਨ੍ਹਾਂ ਦਾ—ਹਿੰਦ ਸਮਾਚਾਰ (ਉਰਦੂ)...ਕੁੱਝ ਅਖਬਾਰ ਹੋਣ ਸਦਕਾ, ਕੁਝ ਆਰੀਆ ਸਮਾਜੀ ਨੇਤਾ ਹੋਣ ਕਾਰਨ, ਇਨ੍ਹਾ ਨੂੰ ਮਾਲਕ ਮੈਂਬਰ ਪਾਰਲੀਆਮੈਂਟ ਲੈ ਲਿਆ ਗਿਆ ਸੀ। ਬਸ ਮੈਂਬਰ ਬਨਣ ਦੀ ਦੇਰ ਹੀ ਸੀ ਕਿ ਸੰਨ 1952 ਵਿਚ ਇਨ੍ਹਾਂ ਦੀ ਪ੍ਰੈਸ ਨੇ ਅਜਿਹੀ ਤਰੱਕੀ ਕੀਤੀ, ਅਜਿਹੀ ਤਰੱਕੀ ਕੀਤੀ ਕਿ ਅਜ ਢਾਈ ਲੱਖ ਤੋਂ ਵਧ ਅਖਬਾਰ (ਜੱਗਬਾਣੀ + ਪੰਜਾਬ ਕੇਸਰੀ ਸਮੇਤ) ਹਰ ਰੋਜ਼ ਛਪਦੇ ਹਨ ਜੋ ਉੱਤਰੀ ਭਾਰਤ ਦੇ ਬਿਜਨੈਸ-ਮੈਨ ਹਿੰਦੂ ਪਰੀਵ੍ਹਾਰਾਂ ਵਿਚ ਅਤੇ ਚਾਹ ਦੇ ਖੋਖਿਆਂ ਤੇ (ਕਿਉਂਕਿ ਫਰੰਟ ਪੇਜ਼ ਤੇ ਨੰਗੀਆਂ ਤਸਵੀਰਾਂ) ਬੜੀ ਦਿਲਚਸਪੀ ਨਾਲ ਪੜ੍ਹੇ ਜਾਂਦੇ ਹਨ। "ਉਂਜ ਇਨ੍ਹਾਂ ਦੀ ਪ੍ਰੈਸ ਦੀ ਤਰੱਕੀ ਦਾ ਰਾਜ ਇਹ ਨਹੀਂ ਸੀ ਕਿ ਇਹ ਮਿਹਨਤਕਸ਼ਾਂ ਬਾਬਤ ਲਿਖਦੇ ਸਨ ਜਾਂ ਪੀੜਤ ਕਿਸਾਨੀ ਬਾਬਤ, ਇਸਤਰੀ ਜ਼ਾਤੀ ਦੀਆਂ ਮੁਸ਼ਕਲਾਂ ਬਾਬਤ ਜਾਂ ਵਿਦਿਆਰਥੀ ਮੁਲਾਜ਼ਮ ਵਰਗ ਬਾਬਤ... ਇਨ੍ਹਾਂ ਦੀ ਕਾਮਯਾਬੀ ਦਾ ਰਾਜ ਇਹੋ ਹੀ ਸੀ ਕਿ ਇਹ ਦੁਨੀਆਂ ਭਰ ਦੇ ਕਾਲੇ ਫਨੀਅਰ ਨਾਗਾਂ ਨਾਲੋਂ ਵੀ ਹਜ਼ਾਰਾਂ ਗੁਣਾ ਵਧ ਫਿਰਕੂ ਜ਼ਹਿਰ ਹਰ ਰੋਜ਼ ਉਗਲਦੇ ਰਹਿੰਦੇ ਸਨ।" ਸੱਚ ਪੁਛੋ ਤਾਂ ਮੇਰੇ ਗਿਆਨ ਵਿਚ ਮਹਿਰੂਮ ਜਗਤਨਰਾਇਣ ਹੋਰਾਂ ਤੋਂ ਵੱਡਾ ਹੋਰ ਕੋਈ ਕਿਉਮੂਨਲ (ਫ਼ਿਰਕਾਪ੍ਰਸਤ) ਨੇਤਾ ਨਹੀਂ ਹੈ ਹੋਇਆ ਜਿਸਨੇ ਸਰਮਾਏਦਾਰੀ ਅਤੇ ਸਾਮਰਾਜੀਆਂ ਦੀ ਸੇਵਾ ਹਿੱਤ ਹਿੰਦੂ-ਸਿੱਖਾਂ, ਹਿੰਦੂ-ਮੁਸਲਮਾਨਾਂ, ਹਿੰਦੂ-ਈਸਾਈਆਂ ਵਿਚ ਨਫ਼ਰਤ ਦੇ ਬੀਜ ਹੀ ਹਮੇਸ਼ਾਂ ਬੋਏ...ਅਤੇ ਅੰਤ ਖ਼ੁਦ ਵੀ ਆਪਨੀ ਹੀ ਲਾਈ ਨਫ਼ਰਤ ਦੀ ਅੱਗ ਵਿਚ ਰੜੇ ਮੈਦਾਨ ਹੀ ਕਾਬੂ ਆ ਗਿਆ—ਅਜ ਕੌਡੀ ਮੁੱਲ ਨਹੀਂ ਹੈ ਪਿਆ ਉਸਦੀ ਬ੍ਰਆਇਲਰ ਜਿੱਡੀ ਲਾਸ਼ ਦਾ...

ਬੇਸ਼ੱਕ ਜਿਸ ਤਰੀਕੇ "ਭੂਤਪੂਰਵਕ ਸੰਸਦ-ਸਦਸਯ" ਦੀ ਦੇਹ ਦਾ ਅੰਤ ਕੀਤਾ ਗਿਆ—ਮੈਂ ਪਰਜ਼ੋਰ ਸ਼ਬਦਾਂ ਵਿਚ ਉਸਦੀ ਨਖੇਧੀ ਕਰਦਾ ਹਾਂ। ਲੋੜ ਲਾਲਾ ਜੀ ਨੂੰ ਟਿਕਾਣੇ ਲਾਉਣ ਦੀ ਨਹੀਂ ਸੀ—ਸਗੋਂ ਸ਼ਰੇਆਮ, ਸ਼ਰੇ ਬਾਜ਼ਾਰ ਉਸਦੀਆਂ ਫ਼ਿਰਕਾਪ੍ਰਸਤਕ ਚਾਲਾਂ ਨੂੰ ਨੰਗਿਆਂ ਕਰਨ ਦੀ ਸੀ . ਲੋੜ ਸੀ, ਉਸਦੀ ਅਜਾਰੇਦਾਰੀ ਅਤੇ ਸਾਮਰਾਜੀਆਂ ਦੀ ਸੇਵਾ ਨੂੰ ਨੰਗਿਆਂ ਕਰਨ ਦੀ! "ਇਥੇ ਇਹ ਯਾਦ ਰਖਿਆ ਜਾਏ ਕਿ ਜਦੋਂ 1967-68 ਵਿਚ ਦੁਨੀਆਂ ਭਰ ਦੇ ਦੇਸ਼ ਇਜ਼ਰਾਇਲੀ ਹਮਲਾਆਵਰਾਂ ਵਿਰੁੱਧ ਅਰਬ ਦੇ ਨਾਸਰ ਦੀ ਪਿੱਠ ਤੇ ਖੜੇ ਸਨ, ਪੰਜਾਬ ਵਿਚੋਂ ਇਕੱਲੇ ਲਾਲਾ ਜਗਤਨਰਾਇਣ ਜੀ ਹੀ ਇਜ਼ਰਾਈਲ ਦੀ ਬਹਾਦਰੀ ਦੇ ਚਰਚੇ ਗਾ ਰਹੇ ਸਨ".. ਕਿਉਂਕਿ ਇਕ ਤਾਂ ਅਰਬੀ, ਮੁਸਲਮਾਨ ਸਨ ਅਤੇ ਲਾਲਾ ਜੀ ਕੱਟੜ ਹਿੰਦੂ ਅਤੇ

*ਇਥੇ ਨੋਟ ਕੀਤਾ ਜਾਏ ਕਿ ਪੰਜਾਬ ਵਿਚ ਮਹੌਲ ਇੰਜ ਜਾਪਦਾ ਹੈ ਜਿਵੇਂ ਕੋਈ ਸਰਕਾਰ ਨਾਉਂ ਦੀ ਚੀਜ਼ ਹੀ ਨਾ ਹੋਵੇ। ਭਾਵੇਂ ਸਾਡੇ ਪ੍ਰਾਂਤ ਵਿਚ ਦੋ ਕਹਿੰਦੇ ਕਹਾਉਂਦੇ ਸੈਕਟਰੀ ਹਨ—ਸ਼੍ਰੀ ਤਜਿੰਦਰ 'ਖੰਨਾ' ਅਤੇ ਸ਼੍ਰੀ ਆਈ.ਸੀ'ਪੁਰੀ'

ਦੂਜਾ ਇਜ਼ਰਾਈਲ ਦੀ ਪਿੱਠ ਤੇ ਅਮਰੀਕਾ ਜੁ ਖੜ੍ਹਾ ਸੀ...ਹਿੰਦੂਆਂ ਦੇ ਇਹ ਸੈਲਫਮੇਡ ਮਹਾਨ-ਨੇਤਾ ਜੋ ਬਹੁਤਾ ਸਮਾਂ ਨਾਈਆਂ ਜਾਂ ਸਬਜ਼ੀ ਵਾਲੀਆਂ ਦੀਆਂ ਦੁਕਾਨਾਂ ਦੇ ਉਦਘਾਟਨ ਸਮਾਰੋਹਾਂ ਸਮੇਂ 'ਫੋਟੋ' ਖਿਚਵਾਉਣ ਵਿਚ ਹੀ ਰੁਝੇ ਰਹਿੰਦੇ ਸਨ—ਖ਼ੁਦ ਇਕ ਵੱਡੇ ਸਰਮਾਏਦਾਰ ਸਨ। ਅਖਬਾਰਾਂ ਦੇ ਸਿਰ ਤੇ ਆਪ ਤਾਂ ਜਦੋਂ ਇਨ੍ਹਾਂ ਕਰੋੜਾਂ ਰੁਪਈਆਂ ਦੀਆਂ ਮਿਲਖਾਂ ਬਣਾ ਲਈਆਂ, ਪ੍ਰੈਸ ਦੇ ਵਰਕਰ, ਵਿਚਾਰੇ ਦਾਣੇ 2 ਨੂੰ 'ਮੁਥਾਜ਼' ਰਹਿੰਦੇ ਹਨ। ਲੇਖਕ ਇਹ ਚੀਜ਼ ਆਪਣੇ ਜਾਤੀ ਤਜਰਬੇ ਦੇ ਅਧਾਰ ਤੇ ਲਿਖ ਰਿਹਾ ਹੈ। ਸਾਡੇ ਰਿਸ਼ਤੇਦਾਰਾਂ ਦੀ ਵੀ ਇਕ ਛੋਟੀ ਜਿਹੀ ਦੁਕਾਨ ਇਨ੍ਹਾ ਦੀ ਹਿੰਦ ਸਮਾਚਾਰ ਪ੍ਰੈਸ ਦੇ ਠੀਕ ਸਾਹਮਣੇ ਹੈ ਜਿਥੇ ਲੇਖਕ ਅਕਸਰ ਜਾਂਦਾ ਰਹਿੰਦਾ ਹੈ...

ਤੇ ਸਰਮਾਏਦਾਰੀ ਨਿਜ਼ਾਮ ਨੇ ਤਾਂ ਬੇਸ਼ੱਕ, ਲਾਲਾ ਜੀ ਨੂੰ ਨਫਰਤ ਫੈਲਾਉਣ ਦਾ ਪਰਮਾਨੈਂਟ ਠੇਕਾ ਦੇ ਰੱਖਿਆ ਸੀ ਮਗਰ ਦਲਖਾਲਸੀਆਂ ਨੇ ਇਨ੍ਹਾਂ ਦਾ ਮੂੰਹ ਹਮੇਸ਼ਾਂ 2 ਲਈ ਬੰਦ ਕਰਕੇ ਰੱਖ ਦਿਤਾ [ਸ਼ਾਇਦ ਦਲ ਖਾਲਸੀਆਂ ਦੇ ਆਕਾ ਨੂੰ ਹੁਣ ਲਾਲਾ ਜੀ ਦੀ ਜਗ੍ਹਾ, ਉਨ੍ਹਾਂ ਦੀ ਲਾਸ਼ ਤੋਂ ਵਧੇਰੇ ਫਾਇਦਾ ਪੁੱਜ ਸਕਦਾ ਸੀ]...

...ਪਰ ਲਾਲਾ ਜੀ ਦੇ ਅੰਤ ਨਾਲ ਉਨ੍ਹਾਂ ਦੀ ਨਫਰਤ ਦੀ ਫਿਲਾਸਫੀ' ਦਾ ਅੰਤ ਨਹੀਂ ਹੋਇਆ—ਹਾਲ ਦੀ ਘੜੀ ਤਾਂ ਫ਼ਿਰਕਾਪ੍ਰਸਤੀ 'ਅਮਰ' ਹੀ ਹੋ ਗਈ ਲਗਦੀ ਹੈ...

## ਕੰਨ ਸਨ ਜਾਂ ਹਾਥੀ...?

ਚਾਹੇ ਦਲ-ਅਖਾਲਸੀਆਂ ਦੁਆਰਾ ਉਨ੍ਹਾਂ ਦੇ ਸਪੁੱਤਰ ਨੂੰ ਕੰਨ ਪਾਰਸਲ ਕਰਕੇ ਭੇਜਣੇ ਇਕ ਅਤੀ ਨਿੰਦਣਯੋਗ ਘਟਨਾ ਹੈ ਪਰ ਇਸਤੋਂ ਵੀ ਵਧ ਨਿੰਦਣ-ਯੋਗ ਗੱਲ ਇਹ ਹੈ ਕਿ ਅਗਰ ਦਲ-ਖਾਲਸੀਆਂ ਦੇ ਸਿਰ ਫਿਰ ਗਏ ਸਨ ਪਰ ਇਹ ਸੰਪਾਦਕ ਤਾਂ ਸਿਆਣਪਤਾ ਤੋਂ ਕੰਮ ਲੈਂਦੇ.. ਇਨ੍ਹਾਂ ਨੂੰ ਚਾਹੀਦਾ ਸੀ ਕਿ ਸਥਾਨਕ ਪੁਲੀਸ ਕਪਤਾਨ ਨੂੰ ਤੁਰੰਤ ਟੈਲੀਫੂਨ ਕਰਕੇ ਇਸ ਅਤੀ ਕੋਝੀ ਹਰਕਤ ਬਾਬਤ, ਆਇਸਤੇ ਜਿਹੇ ਦਸ ਦਿੰਦੇ ਅਤੇ ਅਗੋਂ ਪੁਲੀਸ ਦਾ ਫਰਜ਼ ਬਣਦਾ ਸੀ ਕਿ ਉਹ ਗੁਪਤ ਤੌਰ ਤੇ ਤੁਰੰਤ ਜ਼ਰੂਰੀ ਕਾਰਵਾਈ ਕਰਕੇ, ਇਨਸਾਨੀਅਤ ਦੇ ਦੋਖੀਆਂ ਨੂੰ ਚੌਂਕ ਵਿਚ ਲਿਆ ਢਾਹੁੰਦੀ ਅਤੇ ਜੰਤਾ ਦੇ ਸਾਹਮਣੇ ਉਨ੍ਹਾਂ ਦੀਆਂ ਮੌਰਾਂ ਤੇ ਮਾਰ 2 ਪਟੇ ਭਾਰਤ ਮਾਤਾ ਦੇ ਨਕਸ਼ੇ ਬਣਾ ਦਿੰਦੀ ..

ਪਰ ਮਹਾਸ਼ਾ ਵਰਿੰਦਰ ਤੇ ਸ੍ਰੀ ਰਮੇਸ਼ ਹੋਰਾਂ ਸੋਚਿਆ ਕਿ ਇਸਤੋਂ ਵਧੇਰੇ ਸੁਨੈਹਰੀ ਮੌਕਾ ਹੋਰ ਕਿਹੜਾ ਹੱਥ ਆਵੇਗਾ (ਅਖਬਾਰਾਂ ਦੀ ਸੇਲ ਵਧਾਉਣ ਵਾਲਾ) ਤੇ ਚੁੱਕ ਕੇ ਕੰਨਾਂ ਦੀਆਂ ਫੋਟੋ, ਫਰੰਟ ਪੇਜ਼ ਤੇ ਲਾ ਦਿੱਤੀਆਂ ਤੇ,ਜੋ ਨਤੀਜਾ ਨਿਕਲਿਆ ਉਹ ਤੁਹਾਡੇ ਸਭ ਦੇ ਸਾਹਮਣੇ ਹੈ...ਸੱਚ ਪੁਛੋ ਤਾਂ ਦਲ-ਖਾਲਸੀਆਂ ਨੂੰ ਹੀਰੋ ਬਨਾਉਣ ਵਿਚ ਇਨ੍ਹਾਂ ਮਹਾਸ਼ਿਆਂ ਨੇ ਕੋਈ ਕਸਰ ਬਾਕੀ ਨਹੀਂ ਹੈ ਛਡੀ। ਅਗਰ ਇਹ ਚੁਪਚਾਪ ਪੁਲੀਸ ਨੂੰ ਖਬਰ ਕਰ ਦਿੰਦੇ ਤਾਂ ਸ਼ਾਇਦ 'ਜੰਤਾ ਦੇ ਮੁਜਰਮ' ਫੜੇ ਵੀ ਜਾਂਦੇ ਪਰ ਇਨ੍ਹਾਂ ਨੇ ਰਾਈ ਦਾ ਪਹਾੜ ਬਣਾਕੇ, ਸਮਾਜ ਦੇ ਮੁਜਰਮਾਂ ਨੂੰ ਭਜਾਉਣ ਵਿਚ ਮਦਦ ਕੀਤੀ ਹੈ ਇਸ ਲਈ ਇਨ੍ਹਾਂ ਉਪਰ ਮੁਜਰਮਾਂ ਨੂੰ ਭਜਾਉਣ ਵਿਚ ਮਦਦ ਕਰਨ ਦੇ ਜੁਰਮ ਹੇਠ, ਜੰਤਾ ਵਿਚ ਭੜਕਾਣ ਪੈਦਾ ਕਰਨ ਵਾਲੀਆਂ ਖਬਰਾਂ ਫੈਲਾਉਣ ਦੇ ਜੁਰਮ ਹੇਠ ਤੁਰੰਤ ਮੁਕੱਦਮੇ ਚਲਾਏ ਜਾਣੇ ਚਾਹੀਦੇ ਹਨ। ਭਲਾ ਕੋਈ ਇਨ੍ਹਾਂ ਅਕਲ ਦੇ ਅੰਨ੍ਹਿਆਂ ਨੂੰ ਪੁਛੇ ਕਿ ਪਾਰਸਲ ਵਿਚ ਕੰਨ ਆਏ ਸਨ ਕਿ ਜੀਉਂਦੇ ਜਾਗਦੇ ਹਾਥੀ ਜੋ ਤੁਸੀਂ ਸਾਰੇ ਪੰਜਾਬ ਵਿਚ ਫਿਰਕਾ ਪ੍ਰਸਤੀ ਦੇ ਲਾਂਬੂ ਲਾ ਦਿਤੇ। ਕੀ ਸੰਪਾਦਕਾਂ ਦਾ ਸਮਾਜ ਪ੍ਰਤੀ ਕੋਈ ਫਰਜ਼ ਨਹੀਂ ਹੈ ਬਣਦਾ... ? ਨਾਲੇ ਗਾਈਆਂ ਦੇ ਕੰਨ ਤੁਹਾਨੂੰ ਹੀ ਕਿਉਂ ਆਏ ਸਨ...??? ... ਇੰਡੀਅਨ ਐਕਸਪ੍ਰੈਸ ਦੇ ਸੰਪਾਦਕ ਨੂੰ ਕਿਉਂ ਨਾ ਪਹੁੰਚ ਗਏ...ਟਰੀਬਿਊਨ ਦੇ ਪ੍ਰੇਮ ਭਾਟੀਆ ਹੋਰਾਂ ਨੂੰ ਕਿਉਂ ਨਾ ਪੁੱਜ ਗਏ ? ਸੁਹੇਲ ਸਿੰਘ ਅਤੇ ਜਗਜੀਤ ਸਿੰਘ ਆਨੰਦ ਹੋਰਾਂ ਨੂੰ ਕਿਉਂ ਨਾ ਪਾਰਸਲ ਆਏ ?? ਕੁਲਦੀਪ ਨਈਅਰ ਅਤੇ ਗੁਰਸ਼ਰਨ ਸਿੰਘ ਹੋਰਾਂ ਦੇ ਕੀ ਐਡਰੈਸ ਹੈ ਨਹੀਂ ਸਨ—ਦਲ ਖਾਲਸੀਆਂ ਕੋਲ...? ਸੱਚ ਪੁਛੋ ਤਾਂ ਉਹਨਾਂ ਤੁਹਾਨੂੰ ਸ਼ੀਸ਼ਾ ਵਖਾਉਣ ਦੀ ਕੋਸ਼ਿਸ਼ ਕੀਤੀ ਸੀ ! ਤੁਹਾਡੀ ਹੀ ਫੈਲਾਈ ਜ਼ਹਿਰ ਨੇ ਤੁਹਾਡੇ ਮੂੰਹ ਤੇ ਤਮਾਚਾ ਮਾਰਿਆ ਸੀ। ਚਾਹੀਦਾ ਤਾਂ ਸੀ ਕਿ ਤੁਸੀਂ ਆਪਣੇ ਗਿਰੇਬਾਨ ਅੰਦਰ ਝਾਤੀ ਮਾਰ ਕੇ, ਅਗੇ ਤੋਂ ਅਜਿਹਾ ਕਰਨ ਦੀ ਤੌਬਾ ਕਰਦੇ ਮਗਰ ਤੁਸੀਂ ਤਾਂ ਲਾਂਬੂਆਂ ਤੇ ਹੋਰ ਵੀ ਕਨਸਤਰ ਭਰ ਭਰ ਪਾਉਣ ਲਗ ਪਏ...

## ਐਟਮ ਬੰਬ ਦੀ ਲੋੜ ਨਹੀਂ...?

ਸੱਚ ਪੁਛੋ ਤਾਂ ਉਹ...ਮੂਰਖ ਹੈ !...ਮੂਰਖ !! ਅਬਲ ਦਰਜੇ ਦਾ ਮੂਰਖ !!! ਅਹਿਮਕ, ਅਮਰੀਕਾ ਤੋਂ ਬੰਬ ਖਰੀਦਣ ਲਈ ਲਿਲਕੜੀਆਂ ਕਢ ਰਿਹਾ ਹੈ—ਅਖੇ ਹਿੰਦੁਸਤਾਨ ਤੇ ਮਾਰੂੰਗਾ...

ਓਏ ਅਕਲ ਦੇ ਵੈਰੀਆ, ਹਿੰਦੁਸਤਾਨੀਆਂ ਨੂੰ ਮਾਰਨ ਲਈ ਬੰਬ ਸੁਟਣ ਦੀ ਕੀ ਲੋੜ ਹੈ ? ਬਸ ਤੂੰ ਐਂਜ ਕਰ, ਇਕ ਦੋ ਪਾਰਸਲ ਭੇਜ ਛੱਡ ਜਿਨ੍ਹਾਂ ਵਿਚ ਹੇਠ ਲਿਖੀਆਂ ਹੋਣ...

ਇਕ ਸਿਗਰਟਾਂ ਦੀ ਡੱਬੀ
ਇਕ ਵੱਛੀ ਦੀ ਪੂਛ
ਇਕ ਸੂਰ ਦੀ ਟੰਗ

ਸਮਝੋ ਲੱਗੀ ਖ਼ਾਨਾ-ਜੰਗ

...ਤੇ ਕੌਣ ਕੌਣ ਪੁਜਣਗੇ...?

ਤੇ ਇਸ ਜੰਗ ਵਿਚ, ਕੀ ਦੇਸ਼ ਦੇ ਨੌਜਵਾਨ ਕੁਦਣਗੇ ..?

ਜਾਂ ਮਜ਼ਦੂਰ-ਕਿਸਾਨ...??

ਜਾਂ ਅਗਾਂਹ ਵਧੂ ਖਿਆਲਾਂ ਦੇ ਵਿਦਵਾਨ...???

ਨਹੀਂ ! ਬਿਲਕੁਲ ਨਹੀਂ !! ਇਹਨਾਂ ਚਾਰੇ ਵਰਗਾਂ ਵਿਚੋਂ ਕੋਈ ਵੀ, ਕਦੇ ਵੀ, ਫ਼ਿਰਕਾਪ੍ਰਸਤੀ ਦੀ ਅੱਗ ਵਿਚ ਸ਼ਾਮਲ ਨਹੀਂ ਹੋਵੇਗਾ। ਸਗੋਂ ਅਗਰ ਉਹ ਆਪਣੇ ਧਰਮ (ਕਿੱਤੇ, ਪ੍ਰੋਫੈਸ਼ਨ, ਡਿਊਟੀ) ਪ੍ਰਤੀ ਸੱਚੇ ਅਤੇ ਸੁਚੇ ਹਨ ਤਾਂ ਤਨ ਮਨ ਧਨ ਨਾਲ ਮਜ਼ਬ ਦੇ ਜਨੂੰਨੀਆਂ ਦੀਆਂ ਅਜਿਹੀਆਂ ਕਾਰਵਾਈਆਂ ਦੀ ਡੱਟ ਕੇ ਵਿਰੋਧਤਾ ਕਰਨਗੇ ..

ਤੇ ਫਿਰ ਇਸ ਜੰਗ ਵਿਚ ਕਿਹੜੇ ਕਿਹੜੇ 'ਸੂਰਮੇ' ਕੁਦਣਗੇ...ਮਜ਼ਬੀ ਅੱਗਾਂ (Communal Riots) ਵਿਚ ਹੇਠ ਕਿਸਮ ਦੇ ਹੈਵਾਨ ਤੇਲ ਪਾਇਆ ਕਰਨਗੇ...

ਜੋ-ਘਟ ਤੋਲਦੇ ਹਨ
ਝੂਠ ਬੋਲਦੇ ਹਨ
ਟੈਕਸ ਕੁਟਦੇ ਹਨ
ਧੂਫ ਧੁਖਾਉਂਦੇ ਹਨ
ਨਾਸਾਂ ਫੁਲਾਈ,
ਨਾਲੇ ਨੂੰ ਹੱਥ ਪਾਈ,
ਬਾਹਰੋਂ ਘੂਰਨਗੇ,
ਅੰਦਰੋਂ ਝੂਰਨਗੇ !!
ਦੂਰੋਂ ਭੂਤਰਨਗੇ,
ਅੰਦਰੋਂ ਮੂਤਰਨਗੇ !!!

ਝੂਠੋ-ਝੂਠ ਚਤਾਲੀ ਸੋ

ਤੇ ਜੋ ਅਫਵਾਹਾਂ ਪਿਛਲੇ ਦਿਨੀ ਪਟਿਆਲੇ ਵਿਖੇ ਉਡਾਈਆਂ ਗਈਆਂ ਉਹ ਗੇਸਟਾਪੋ ਦੇ ਝੂਠਾਂ ਨੂੰ ਵੀ ਮਾਤ ਪਾ ਗਈਆਂ। ਜ਼ਰਾ ਵੰਨਗੀ ਵੇਖੋ :

ਪੂਛ ਮਿਲੀ ਹੈ ਪੂਛ ! ਕਿਥੇ...? 'ਕਾਲੀ-ਵੈਸ਼ਨੋ' ਮਾਤਾ ਦੇ ਮੰਦਰ—ਅੱਛਾ ! ਹਾਂ !

ਓਏ ਹਨ੍ਹੇਰ ਸਾਈਂ ਦਾ ਕਾਲੀ-ਗੋਰੀ ਵੈਸ਼ਨੋ ਮਾਤਾ ਦੇ ਮੰਦਰ ਵਿਚੋਂ ਗਊ ਦੀ ਪੂਛ ਮਿਲੀ ਹੈ—ਵੈਸ਼ਨੋ ਮਾਤਾ ਦੀ ਮੂਰਤੀ ਦੇ ਗਲ ਵਿਚ ਪਾਈ ਹੋਈ ਸੀ...

ਹੂੰ ! ਕਪਲਾ ਗਊ ਦੀ ਪੂਛ ਸੀ ! ਕਪਲਾ ਗਊ ਦੀ ' ਮੂਰਤੀ ਖੂਨ ਨਾਲ ਲੱਥ ਪੱਥ ਹੋਈ ਹੈ !

ਤੇ ਗਾਂ ਵੀ ਕਹਿੰਦੇ ਹਨ ਗਰਭਵਤੀ ਸੀ...ਬੜੀ ਮੋਟੀ ਪੂਛ ਸੀ—ਪੁਜਾਰੀ ਜ਼ੋਰ ਲਾ ਕੇ ਮਰ ਗਿਆ ਬਾਹਰ ਸੁਟਣ ਲਗਿਆਂ...ਤੇ ਸਭ ਤੋਂ ਪਹਿਲਾਂ ਪੂਛ ਵੇਖੀ ਕਿਸ ਸੀ...?

ਬਈ ਪੂਛ ਤਾਂ ਮੈਂ ਨਹੀਂ ਵੇਖੀ ਮਗਰ ਦੋ ਭਾਪੇ 'ਲਾਲ' ਪਗੜੀ ਵਾਲੇ ਭਜੇ ਜਾਂਦੇ ਮੇਰੇ ਮਾਸੜ ਦੇ ਮੁੰਡੇ ਦੇ ਸਾਲੇ ਨੇ ਆਪਣੀ ਅੱਖੀਂ ਵੇਖੇ ਸਨ...ਉਹ ਜੰਗਲ ਬੈਠਣ ਗਿਆ ਸੀ ਸਵੇਰੇ ਸਵੇਰੇ ਮਹਾਤਮਾਂ ਗਾਂਧੀ ਦੇ ਬੁੱਤ ਪਿਛੇ, ਸੁਕੇ ਤਲਾਬ ਵਿਚ...।

ਅੱਛਾ, ਤੇ ਉਹ ਅਗਲੇ ਨੂੰ...

ਪੁਲੀਸ ਕੈਂਚੀ ਚਪਲਾਂ ਲੈ ਗਈ ਆ, ਸਿੱਖਾਂ ਦੀਆਂ ਫੜਕੇ ! ਦੌੜਦਿਆਂ ਦੀਆਂ ਉੱਤਰ ਗਈਆਂ ਸਨ !

ਨਾਲੇ ਤਿੰਨ ਕ੍ਰਿਪਾਨਾਂ ਵੀ ਮਿਲੀਆਂ ਹਨ, ਜਾਂਦੀ ਵੇਰਾਂ ਉਹ ਬਾਰਾਂਦਰੀ ਵਿੱਚ ਲੁਕੇ ਗਏ ਸਨ ..ਖ਼ੂਨ ਨਾਲ ਲੱਥਪਥ ਹੋਈਆਂ ਸਨ...ਬੱਸ ਅਸੀਂ ਸੱਤੇ ਹੀ ਜਾਣੇ ਸਾਂ, ਥੋੜੀਆਂ ਬਹੁਤੀਆਂ ਸ਼ਾਖ਼ਾਂ ਤਾਂ ਅਸਾਂ ਵੀ ਅਟੈਂਡ ਕੀਤੀਆਂ ਹੋਈਆਂ ਸਨ—ਉਥੇ ਆਇਆ ਪ੍ਰਭਜੋਤ ਸਿੰਘ ਕਹਿੰਦਾ ਮੈਂ ਪ੍ਰੈਸ ਰਿਪੋਟਰ ਹਾਂ, ਬੱਸ ਅਸੀਂ ਆ ਵੇਖਿਆ ਨਾ ਤਾ, ਢਾਹ ਲਿਆ ਸੱਤਾਂ ਜਣਿਆ ਸਿਖੜੇ ਨੂੰ... ।

ਪਰ ਉਸ ਵਿਚਾਰੇ ਦਾ ਕਸੂਰ ਕੀ ਸੀ, ਉਹ ਤਾਂ ਸਗੋਂ ਹਮਦਰਦੀ ਵਜੋਂ ਉਥੇ ਪੁੱਜਾ ਸੀ...।

ਉਏ ਉਸਦਾ ਐਨਾ ਕਸੂਰ ਥੋੜਾ ਸੀ ਕਿ ਉਹ ਸਿੱਖ ਸੀ ਤੇ ਨਾਲੇ ਇਕੱਲਾ...ਅਤੇ ਅਸੀਂ ਸੱਤ, ਸੱਤੇ ਤੇ ਸੰਘੀ...।

ਉਹ ਪੁਛੇ, ਮੈਨੂੰ ਦਖਾਉ ਕਿ ਪੂਛ ਕਿਥੇ ਪਈ ਹੈ...?

ਓਏ ਜੇ ਪੂਛ ਦਾ ਸਾਨੂੰ ਪਤਾ ਹੁੰਦਾ ਤਾਂ ਅਸੀਂ ਨਾ ਵੇਖਦੇ ਪਹਿਲਾਂ, ਤੂੰ ਬਹੁਤ ਮੋਹਤਬਰ ਲਗਾ ਏਂ...।

ਬਸ ਐਨੇ ਨੂੰ ਆਪਣਾ ਹਾਰਿਆ ਹੋਇਆ ਐਮ. ਐਲ. ਏ. ਆ ਗਿਆ, ਕਹਿੰਦਾ ਮਾਰੋ ਸਾਲੇ ਨੂੰ ਚਾਰੇ ! ਇਸ ਦੀ ਵੀ ਪੱਗ ਲਾਲ ਹੀ ਹੈ—ਇਸ ਨੇ ਹੀ ਪੂਛ ਸੁੱਟੀ ਹੋਣੀ ਹੈ...।

ਤੇ ਰਾਈ ਦੇ ਪਹਾੜ ਕੇਵਲ ਇਕੋ ਪਾਸੇ ਨਹੀਂ ਸਨ ਬਣਾਏ, ਜਾ ਰਹੇ...ਰਾਜਪੁਰੇ ਨਾਨਕ ਸਿੰਘ ਚਾਹ ਵਾਲੇ ਦਾ ਕਮੇਟੀ ਵਾਲਿਆਂ ਸਾਮਾਨ ਬਾਹਰ ਸੁੱਟ ਦਿਤਾ ਅਤੇ ਨਾਲੇ ਤੋੜ ਛਡਿਆ ਖੋਖਾ...।

ਨਾਨਕ ਦੀਆਂ ਫੋਟੋਆਂ ਪਾੜ ਕੇ ਭੱਠੀ ਵਿਚ ਸੁੱਟ ਦਿਤੀਆਂ...ਸ਼ਾਮ ਤੀਕ ਸਾਡੇ ਭੋਲੇ ਭਾਲੇ ਗਵਾਂਢੀ ਗੁਰਮੁੱਖ ਸਿੰਘ ਦੀ ਅਨਪੜ੍ਹ ਤੇ ਅੰਧ-ਵਿਸ਼ਵਾਸ਼ਣ ਮਾਂ ਕਹਿ ਰਹੀ ਸੀ... ।

'ਨਾਭੇ' ਵਿਚ ਪ੍ਰੋਫੈਸਰਨੀਏ, (ਵਾਕਿਆ ਰਾਜਪੁਰੇ ਦਾ ਸੀ) ਹਿੰਦੂਆਂ ਨੇ ਬਾਬੇ ਨਾਨਕ ਦੀਆਂ ਫੋਟੋ ਫੂਕ ਦਿਤੀਆਂ। ਨੀ ਪ੍ਰੋਫੈਸਰਨੀਏ ਤੂੰ ਮੰਨਣਾ ਨਹੀਂ, ਤੂੰ ਭਾਵੇਂ ਗੁੱਸਾ ਹੀ ਕਰੇਂ ਪਰ ਕੰਮ ਹਿੰਦੂਆਂ ਨੇ ਬੜਾ ਮਾੜਾ ਕੀਤਾ ਏ...ਬਾਬੇ ਦੀ ਦੇਹ ਨਹੀਂ ਸੀ ਪਾੜਨੀ,

ਚਾਹੀਦੀ, ਆਖਦੇ ਨੇ ਪਤਰਾ ਪਤਰਾ ਕਰ ਛੋੜੀ... ਮੇਰੀ ਗੱਲ ਪਰਤਿਆ ਲਈਂ ਭਾਵੇਂ, ਪਰ ਇਨ੍ਹਾਂ ਹਿੰਦੂਆਂ ਦਾ ਕੱਖ ਨਹੀਂ ਰਹਿਣਾ...ਸਾਡੇ ਤਾਂ ਗੁਰਮੁਖ ਸਿਉਂ ਮੰਜੀ ਤੋਂ ਹੀ ਝਵੀਆਂ ਲੈ ਲੈ ਪਵੇ, ਆਖੇ ਫੜਾਉ ਮੇਰੀ ਸ੍ਰੀ ਸਾਹਿਬ, ਮੈਂ ਛਡਣਾ ਨਹੀਂ ਸਿਰ-ਘਸਿਆਂ ਨੂੰ ..ਤੇ ਉਸ੍ਰ ਦਿਨ ਤੋਂ ਮਗਰੋਂ ਪ੍ਰੋਫੈਸਰ-ਪ੍ਰੋਫੈਸਰਨੀ ਦਾ ਗੁਆਂਢੀਆਂ ਦੇ ਦਰਵਾਜ਼ੇ ਵਲ (ਨਾ ਚਹੁੰਦਿਆ ਹੋਇਆਂ ਵੀ) ਮੂੰਹ ਕਰਨ ਨੂੰ ਦਿਲ ਨਹੀਂ ਹੈ ਕਰਦਾ... ।

ਪਰ ਐਨਾ ਸਮਾਂ ਕਿਸ ਕੋਲ ਹੁੰਦਾ ਹੈ ਪਤਾ ਕਰਨ ਵਾਸਤੇ ਕਿ ਘਟਨਾ ਦੀ ਹਕੀਕਤ ਕੀ ਹੈ...? ਇਹ ਅੱਜ ਤੀਕ ਵੀ ਰਾਜ਼ ਬਣਿਆ ਹੋਇਆ ਹੈ ਕਿ ਪਟਿਆਲੇ ਦੇ ਕਾਲੀ ਮਾਤਾ ਦੇ ਮੰਦਰ ਵਿਚ ਸੁੱਟੀ ਗਈ ਪੂਛ ਸਭ ਤੋਂ ਪਹਿਲਾਂ ਕਿਸ ਵੇਖੀ ਸੀ... । ਲੋਕ ਕਹਿ ਰਹੇ ਹਨ ਕਿ ਵੱਡੇ ਪੁਜਾਰੀ ਨੇ ਵੇਖੀ ਸ਼ੀ ਤੇ ਵੱਡਾ ਪੁਜਾਰੀ ਕਹਿ ਰਿਹਾ ਕਿ ਛੋਟੇ ਪੰਡਿਤ ਨੇ ਵੇਖੀ ਸੀ... ਪੰਡਿਤ ਕਹਿ ਰਿਹਾ ਹੈ ਕਿ ਉਸ ਨੂੰ ਲੰਗੜੇ ਭਿਖਾਰੀ ਨੇ ਆ ਕੇ ਦਸਿਆ ਸੀ ਅਤੇ ਲੰਗੜਾ ਭਿਖਾਰੀ ਕਹਿ ਰਿਹਾ ਕਿ ਰੌਲਾ ਪਹਿਲਾਂ ਅੰਨ੍ਹਿਆਂ ਨੇ ਪਾਇਆ ਸੀ... ਅੰਨ੍ਹੇ ਕਹਿ ਰਹੇ ਹਨ ਕਿ ਉਨ੍ਹਾਂ ਨੂੰ ਕਿਹੜਾ ਪਤਾ ਲਗਣਾ ਸੀ• ਇਹ ਤਾਂ ਭਲਾ ਹੋਵੇ ਸਿਪਾਹੀਆਂ ਦਾ ਜਿਨ੍ਹਾਂ ਸਾਨੂੰ ਪੂਛ, ਦਰਵਾਜ਼ੇ ਮੂਹਰੇ ਪਈ ਹੋਣ ਬਾਬਤ ਦਸਿਆ...ਤੇ ਡਿਊਟੀ ਤੇ ਤਾਇਨਾਤ ਹਵਾਲਦਾਰ ਕਹਿੰਦਾ ਹੈ ਕਿ ਉਹ ਤਾਂ ਕੁਤਵਾਲ ਦੇ ਵਾਇਰਲੈਸ ਕਰਨ ਉੱਪਰ, ਪੁਲੀਸ-ਬੂਥ ਵਿਚੋਂ ਉੱਠ ਕੇ ਮੰਦਰ ਵਲ ਗਏ ਸੀ—ਕੋਤਵਾਲ ਨੂੰ ਕਿਸੇ ਨੇ ਸ਼ਹਿਰ ਵਿਚੋਂ ਟੈਲੀਫੋਨ ਕੀਤਾ ਸੀ ।

ਤੇ ਫਿਰ ਤੁਸੀਂ ਪੂਛ ਉਥੇ ਦੇਖੀ...?

ਪੂਛ ਤਾਂ ਦਿਸਦੀ ਅਗਰ ਕੋਈ ਸਾਨੂੰ ਮੰਦਰ ਵਿਚ ਵੜਨ ਦਿੰਦਾ—ਉਥੇ ਖੜੇ ਨਿਕਰਾਂ ਵਾਲੇ ਤਾਂ ਮੇਰੇ ਗਲ ਹੀ ਪੈ ਗਏ ਕਿ ਤੂੰ ਬਰਦੀ ਸਮੇਤ ਅੰਦਰ ਵੜ ਕਿਵੇਂ ਆਇਆ... ।

ਅਸੀਂ ਤਾਂ ਮਸਾਂ ਭੱਜ ਕੇ ਜਾਨ ਬਚਾਈ, ਸਾਡੀਆਂ ਤਾਂ ਜੁੱਤੀਆਂ ਵੀ ਉਥੇ ਹੀ ਰਹਿ ਗਈਆਂ...ਮੈਂ ਤਾਂ ਪੁਲੀਸ ਬੂਥ ਵਿਚ ਵੜਕੇ ਅੰਦਰੋਂ ਕੁੰਡਾ ਮਾਰ ਲਿਆ ਮਗਰ ਮੇਰੇ ਨਾਲ ਦਾ ਮੰਗਲ ਸਿਉਂ, ਬਾਰਾਂ ਦਰੀ ਨੂੰ ਭੱਜ ਉਠਿਆ...ਤੜਕਸਾਰ, ਕੁਝ ਹਨੇਰਾ ਹੋਣ ਕਰਕੇ, ਵਿਚਾਰ੍ਹੇ ਨੂੰ ਭਜਦੇ ਭਜਦੇ ਨੂੰ ਇਹ ਵੀ ਪਤਾ ਨਾ ਲਗਾ ਕਿ ਅਗੇ ਤਾਰਾਂ ਹਨ ਅਤੇ ਉਹ ਤਾਰਾਂ ਵਿਚ ਜਾ ਵਜਾ । ਮੂੰਹ ਤੇ ਵੱਖ ਝਰੀਟਾਂ ਆ ਗਈਆਂ ਤੇ ਪੈਰ ਵੱਖ ਪੜਵਾ ਬੈਠਾ, ਸਾਲੇ, ਮਾਲੀਆਂ ਨੇ ਪਿਉ ਵਾਲੀਆਂ ਤਲਵਾਰਾਂ (ਘਾਹ ਕੱਟਣ ਵਾਲੀਆਂ) ਬੂਟਿਆਂ ਵਿਚ ਛੁਪਾਈਆਂ ਹੋਈਆਂ ਸਨ ਤੇ ਜਦੋਂ ਮਜ਼ੵਬ ਦੇ ਜਨੂੰਨ ਦੀ ਅੱਗ ਭੜਕੀ ਹੁੰਦੀ ਹੈ, ਫਿਰ ਧੀਰਜ ਕਿਸ ਵਿਚ ਹੁੰਦਾ ਹੈ...? ਸਿਗਰਟਾਂ ਦੀ ਜਗ੍ਹਾ ਭਾਵੇਂ ਡੱਬੀ ਦੇ ਖੋਲ ਵਿਚੋਂ ਕਿਸੇ ਸਕੂਲੀ ਬੱਚੇ ਦੀਆਂ ਰੰਗਦਾਰ ਮੋਮੀ ਪੈਨਸਲਾਂ ਹੀ ਨਿਕਲਨ (ਇਕ ਦਿਨ ਸਾਡੀ ਬੇਬੀ ਪਾਈ ਫਿਰਦੀ ਸੀ) ਜੋ ਮਸੂਮ ਦੇ ਭਾਰੀ ਬਸਤੇ ਵਿਚੋਂ ਕਿਤੇ ਰਸਤੇ ਵਿਚ ਡਿੱਗ ਪਈ ਹੋਵੇ—ਤੇ ਸੁੱਖੀ ਸਾਂਦੀ ਰਸਤਿਆਂ ਵਿਚ ਮੰਦਰ-ਗੁਰੂਦੁਆਰੇ ਵੀ ਕਿਹੜੇ ਥੋੜ੍ਹੇ ਆਉਂਦੇ ਹਨ—ਗੁਰੂ ਗਰੰਥ ਸਾਹਿਬ ਦੇ ਇਕ ਅਧੇ ਪਤਰੇ ਨੂੰ ਮੂੰਹ ਹਨ੍ਹੇਰੇ ਵਿਚ, ਕਿਤੇ ਬਜ਼ੁਰਗ ਭਾਈ ਜੀ ਦੇ ਹਥੋਂ ਹੀ ਭਾਵੇਂ ਜਰਬ ਆ ਗਈ ਹੋਵੇ ਪਰ ਸ਼ਾਮ ਤੀਕ ਰਾਈ ਦਾ ਪਹਾੜ ਬਣ ਚੁਕਿਆ ਹੋਵੇਗਾ...

ਹੋਰ ਤੇ ਹੋਰ, ਕਈ ਵੇਰਾਂ ਤਾਂ ਉਹ ਧਰਮ ਅਸਥਾਨ ਉਨ੍ਹਾਂ ਥਾਵਾਂ ਤੇ, ਉਨ੍ਹਾਂ ਨਾਵਾਂ ਵਾਲੇ ਹੁੰਦੇ ਹੀ ਨਹੀਂ ਪਰ ਕਹਾਣੀਆਂ ਉਨ੍ਹਾਂ ਨਾਲ ਜੁੜ ਜਾਂਦੀਆਂ ਹਨ । ਇਹ ਵੀ ਹੋ ਸਕਦਾ ਹੈ ਕਿ ਮਾਮੂਲੀ ਤਨਖਾਹਾਂ ਤੇ ਰਖੇ ਪੁਜਾਰੀ ਮੰਦਰ ਦੀ ਇਮਪੋਰਟੈਂਸ ਬਨਾਉਣ ਖਾਤਰ ਆਪ ਹੀ ਸ਼ਰਾਰਤ ਕਰ ਦੇਣ...ਸਾਨੂੰ ਪਿਛਲੇ ਅੱਠਾਂ ਸਾਲਾਂ ਵਿਚ ਨਹੀਂ ਸੀ ਪਤਾ ਲਗਾ ਕਿ ਪਟਿਆਲੇ ਦੇ ਵੱਡੇ ਬਜ਼ਾਰ ਵਿਚਕਾਰ ਹੀ ਬਣਿਆ ਛੋਟਾ ਜਿਹਾ ਮੰਦਰ—'ਸ਼ਿਵ ਮੰਦਰ' ਸੀ—ਕਾਲੀ ਤੇ ਵੈਸ਼ਨੋ ਮਾਤਾ ਦੀਆਂ ਕਦੇ ਵੀ ਇਕੱਠੀਆਂ ਮੂਰਤੀਆਂ (ਮੰਦਰ) ਨਹੀਂ ਹੁੰਦੇ ਪਰ ਕਹਿਣ ਵਾਲੇ ਕਾਲੀ-ਵੈਸ਼ਨੋ ਦੇਵੀ ਦੇ ਮੰਦਰ .. ਤੇ ਸਭ ਤੋਂ ਰਾਜ਼ ਦੀ ਗੱਲ ਇਹ ਹੈ ਕਿ ਇਹ ਸ਼ਾਇਦ ਹੀ ਕੋਈ ਕੋਈ ਪਟਿਆਲਵੀ ਵੀ ਜਾਣਦਾ ਹੋਵੇ (ਬਾਹਰ ਤੇ ਕਿਸ ਨੂੰ ਪਤਾ ਲਗਣਾ ਹੈ) ਕਿ ਜਿਸ ਕਾਲੀ ਮਾਤਾ ਦੇ ਮੰਦਰ ਵਿਖੇ ਪੂਛ ਸੁੱਟਣ ਦਾ ਹੰਗਾਮਾ ਖੜਾ ਹੋਇਆ ਸੀ, ਉਸ ਮੰਦਰ ਦੀ ਚਾਰਦੁਆਰੀ ਅੰਦਰ ਹੀ ਚਵੀ ਘੰਟੇ, ਗੁਰੂ ਗਰੰਥ ਸਾਹਿਬ ਦਾ ਪਾਠ ਵੀ ਚਲਦਾ ਰਹਿੰਦਾ ਹੈ । ਮਾਲ ਰੋਡ ਪਟਿਆਲਾ ਤੇ ਸਥਿਤ ਮਸ਼ਹੂਰ ਕਾਲੀ ਮਾਤਾ ਦੇ ਮੰਦਰ ਦੇ ਵਿਚੇ ਹੀ, ਇਕ ਗੁਰੂਦੁਆਰਾ ਵੀ ਹੈ ਜੋ ਉਥੇ ਸ਼ਾਇਦ ਡੂਢ ਸੌ ਸਾਲ ਤੋਂ ਹੀ ਚਲਿਆ ਆ ਰਿਹਾ ਹੈ...ਮੰਦਰ ਜਾਣ ਵਾਲਾ ਹਰ ਸ਼ਰਧਾਲੂ ਪ੍ਰਕਰਮਾ ਕਰਦੇ ਸਮੇਂ ਉਥੇ ਸਿਰ ਝੁਕਾ,ਕੇ ਅਗੇ ਲੰਘਦਾ ਹੈ ਤੇ ਇਸੇ ਤਰ੍ਹਾਂ ਮਾਲ ਰੋਡ ਥਾਣੀ ਗੁਰੂਦੁਆਰੇ ਜਾਣ ਵਾਲੇ, ਦੇਵ-ਮੂਰਤੀ ਅੱਗੇ ਪਹਿਲਾਂ ਹੱਥ ਜੋੜਦੇ ਹਨ ਤੇ ਬਾਦ ਵਿਚ ਗੁਰੂਦੁਆਰੇ ਜਾਂਦੇ

ਹਨ...ਤੇ ਇਸੇ ਸਾਂਝੇ ਧਾਰਮਕ ਅਸਥਾਨ ਤੋਂ ਦਸ ਗਜ ਦੀ ਦੂਰੀ ਤੇ ਹੀ ਇਕ ਮਜ਼ਾਰ ਹੀ ਹੈ ਜਿਸ ਉਪਰ ਸਾਰੇ ਪੰਜਾਬੀ ਹੀ ਮੱਥਾ ਟੇਕਦੇ ਹਨ...

### ਖਾਲਿਸਤਾਨੀਆਂ ਦੀ ਮੰਗ ਕੀ ਸੀ...?

ਖਾਲਿਸਤਾਨੀ ਦੀ ਮੰਗ ਤਾਂ ਇਹੋ ਹੀ ਸੀ ਨਾ ਕਿ ਦਰਬਾਰ ਸਾਹਿਬ ਦੇ ਨਜ਼ਦੀਕੀ ਏਰੀਏ ਵਿਚੋਂ, ਸਿਗਰਟ-ਬੀੜੀਆਂ-ਪਾਨਾਂ ਆਦਿ ਦੀਆਂ ਦੁਕਾਨਾਂ ਹਟਾ ਲਈਆਂ ਜਾਣ...'

ਤੇ 21 ਖੋਖਿਆਂ ਦੇ ਬਦਲੇ ਸਾਰੇ ਦੇਸ਼ ਵਿਚ ਲਾਂਬੂ ਲਗਾ ਦੇਣੇ (ਜਾਂ ਲਗਵਾ ਦੇਣੇ) ਕਿਧਰ ਦੀ ਅਕਲਮੰਦੀ ਹੈ ? ਹੁਣ ਵੀ ਤਾਂ 21-22 ਖੋਖਿਆਂ ਵਾਲਿਆਂ ਨੂੰ ਆਪਣਾ ਕਾਰੋਬਾਰ ਬਦਲਨ ਲਈ ਕਿਹਾ ਹੀ ਗਿਆ ਹੈ ਨਾ ਤੇ ਜੇ ਇਹੋ ਗੱਲ ਪਿਆਰ ਮੁਹੱਬਤ ਨਾਲ ਪਹਿਲਾਂ ਤੈਹਿ ਕਰ ਲਈ ਜਾਂਦੀ ਤਾਂ ਕਿੰਨਾ ਚੰਗਾ ਹੁੰਦਾ ?? ਸਰਕਾਰੀ ਅਫਸਰਾਂ; ਮੁਖ ਮੰਤਰੀ ਪੰਜਾਬ ਅਤੇ ਹੋਮ ਮਨਿਸਟਰ ਸਾਹਿਬ ਜਾਣ ਬੁਝ ਕੇ, ਅਤੀ ਨਿਗੂਣੀ ਜਿਹੀ ਗੱਲ ਦਾ ਕੌਮੀ ਮਸਲਾ, ਮਜ਼ਬੀ-ਵਕਾਰ ਬਣਾ ਕੇ ਰੱਖ ਦਿੱਤਾ।

### ਪਰ ਅਜਿਹਾ ਕਿਉਂ...?

ਇੰਦਰਾ ਗਾਂਧੀ ਦੀ ਕਾਮਯਾਬੀ ਦਾ ਇਹੋ ਹੀ ਰਾਜ਼ ਹੈ ਕਿ ਉਹ ਹਰ ਸੂਬੇ, ਹਰ ਸ਼ਹਿਰ ਵਿਚ, ਹਰ ਜਾਤੀ ਵਿਚ ਫੁੱਟ ਪਾ ਕੇ ਰਖੇਗੀ ਅਤੇ 'ਫੁਟ ਪਾਉ ਤੇ ਰਾਜ ਕਰੋ' ਅਜਮਾਇਆ ਹੋਇਆ ਅਸੂਲ ਹੈ। ਮਸਲਨ :—

### ਅਸਾਮ ਦੀ ਸਮੱਸਿਆ :

ਅਸਾਮੀਆਂ ਦੇ ਮਨਾਂ ਅੰਦਰ ਕ੍ਰੇਂਦਰ ਆਪਣੇ ਏਜੰਟਾਂ ਰਾਹੀਂ ਇਹ ਭਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਉਨ੍ਹਾਂ ਦੇ ਬਿਜਨੈਸ ਉੱਪਰ, ਕਾਰਖਾਨਿਆਂ ਵ੍ਰਿਚ ਦਫਤਰਾਂ ਅਤੇ ਕਾਲਜਾਂ ਵਿਚ, ਸਕੂਲਾਂ ਅਤੇ ਕਚੈਹਰੀਆਂ ਵਿੱਚ ਬੰਗਾਲੀ ਹੀ ਬੰਗਾਲੀ ਲਗੇ ਹੋਏ ਹਨ। ਬੰਗਾਲੀਆਂ ਕਾਰਨ ਹੀ ਉਨ੍ਹਾਂ ਦੀ ਕੌਮ ਤਰੱਕੀ ਨਹੀਂ ਹੈ ਕਰ ਪਾ ਰਹੀ। ਬੰਗਾਲੀਆਂ ਕਾਰਨ ਹੀ, ਅਸਾਮੀ ਨੌਜਵਾਨਾਂ ਨੂੰ ਨੌਕਰੀਆਂ ਨਹੀਂ ਹਨ ਮਿਲ ਰਹੀਆਂ—ਇਸ ਲਈ ਬੰਗਾਲੀਆਂ ਨੂੰ ਕਢਣ ਵਿਚ ਹੀ ਅਸਾਮੀਆਂ ਦਾ ਭਲਾ ਹੈ। ਸੋ, ਇਕ ਪਾਸੇ, ਚੁਪਚਾਪ ਅੰਦਰ ਖਾਤੇ ਆਪਣੇ ਏਜੰਟਾਂ ਰਹੀਂ ਅਸਾਮੀਆਂ ਨੂੰ ਭੜਕਾਇਆ ਜਾ ਰਿਹਾ ਹੈ ਤੇ ਦੂਜੇ ਹੱਥ, ਆਪ ਕਾਂਗਰਸੀ, ਖੁਦ, ਬੰਗਾਲੀਆਂ ਨੂੰ ਇਹ ਸਮਝਾ ਰਹੇ ਹਨ—ਵੇਖ ਲਉ, ਇਹ ਕਾਂਗਰਸ ਹੀ ਹੈ ਜਿਹੜੀ ਸੈਕੂਲਰ ਪਾਰਟੀ ਹੈ, "ਪਾਏਦਾਰ" ਹੈ, ਕੇਂਦਰੀ ਪਾਰਟੀ ਹੈ, ਕੌਮੀ ਪਾਰਟੀ ਹੈ। ਇਸੇ ਨੂੰ ਹੀ ਵੋਟ ਪਾਇਉ। ਅਗਰ ਸਥਾਨਕ ਅਸਾਮੀ ਤਾਕਤ ਵਿਚ ਆ ਗਏ ਤਾਂ ਤੁਹਾਨੂੰ ਨਹੀਂ ਇਥੇ ਛਡਣ ਲਗੇ। ਸਮਝੇ !!! ਤੇ ਘਟ ਗਿਣਤੀ ਵਿਚ ਰਹਿ ਰਹੇ ਬੰਗਾਲੀ-ਬਿਹਾਰੀ, ਇੰਦਰਾ ਨੂੰ ਹੀ ਦੇਵੀ ਸਮਝਣ ਲਗ ਪੈਂਦੇ ਹਨ...।

### ਸ਼ਿਵ ਸੈਨਾ : ਆਰ. ਐਸ. ਐਸ.—

ਪਿਛਲੇ ਸਮੇਂ ਵਿਚ ਸ਼ਿਵ ਸੈਨਾਂ ਵਾਲਿਆਂ ਮਹਾਰਾਸ਼ਟਰ (ਬੰਬਈ) ਵਿਚ ਉਧਮ ਮਚਾ ਰਖਿਆ ਸੀ ਅਖੇ ਮਹਾਰਾਸ਼ਟਰ-ਮਰਾਠੀਆਂ ਦਾ ਹੈ। ਗੁਜਰਾਤੀਓ, ਮਾਰਵਾੜੀਓ, ਪੰਜਾਬੀਓ, ਇਥੋਂ ਗੁੱਡੀਆਂ ਬਨ ਜਾਉ। ਗੁਜਰਾਤੀਆਂ ਸਾਡੇ ਵਪਾਰ ਤੇ ਕਬਜ਼ਾ ਕੀਤਾ ਹੋਇਆ ਹੈ, ਮਾਰਵਾੜੀ ਸਾਡੇ ਕਾਰਖਾਨਿਆਂ ਦੇ ਮਾਲਕ ਬਣੀ ਬੈਠੇ ਹਨ, ਯੂ. ਪੀ. ਦੇ ਭਈਆਂ ਨੇ ਪਾਨ ਬੀੜੀ ਦੀਆਂ ਦੁਕਾਨਾਂ ਤੇ ਪਕੱਕੇ ਮਾਰੇ ਹੋਏ ਹਨ ਅਤੇ ਪੰਜਾਬੀਆਂ ਸਾਰੀ ਟਰਾਂਸਪੋਰਟ ਸਾਂਭੀ ਹੋਈ ਹੈ—ਜਿਸ ਬਦੌਲਤ ਅਸੀਂ ਮਰਾਠੀ, ਆਪਣੇ ਹੀ ਮਹਾਰਾਸ਼ਟਰ ਵਿਚ ਬੇਕਾਰ ਘੁੰਮ ਰਹੇ ਹਾਂ...ਸਭ ਕੋ ਮਾਰ ਭਗਾਓ...।'

ਤੇ ਇਸੇ ਤਰ੍ਹਾਂ ਜਨਸੰਘੀ ਤੇ ਆਰ.ਐਸ.ਐਸ. ਵਾਲੇ ਕਰਦੇ ਹਨ—ਜੋ ਸਰਮਾਏਦਾਰ ਦੇ ਹੀ ਨੁਮਾਇੰਦੇ ਹਨ, ਇਹੋ ਰੌਲਾ ਪਾਂਈ ਜਾਂਦੇ ਹਨ ਕਿ ਮੁਸਲਮਾਨਾਂ ਦੀ ਅਬਾਦੀ ਵਧਦੀ ਜਾ ਰਹੀ ਹੈ, ਸਾਡੀ ਹਿੰਦੂਆਂ ਦੀ ਘਟਦੀ ਜਾ ਰਹੀ ਹੈ। ਇਕ ਦਿਨ ਇਹ ਅੱਠ ਕਰੋੜ, ਸਾਨੂੰ (ਸੱਠ ਕਰੋੜ ਨੂੰ) ਖਾ ਜਾਣਗੇ...ਸਾਨੂੰ ਇਨ੍ਹਾਂ ਤੋਂ ਭਾਰੀ ਖਤਰਾ ਹੈ ਸੋ ਇਨ੍ਹਾਂ ਨੂੰ ਮਾਰਭੰਜਾਓ, ਪਾਕਿਸਤਾਨ।

### ਕਾਂਗਰਸ

ਇੰਦਰਾ ਗਾਂਧੀ ਜੀ ਜਦੋਂ ਅਲੀਗੜ੍ਹ, ਮੇਰਠ, ਲਖਨਓ, ਆਗਰੇ, ਕਾਨਪੁਰ ਜਾਣਗੇ ਤਾਂ ਕਹਿਣਗੇ ਕਿ ਅਗਰ ਉਨ੍ਹਾਂ ਵੋਟ ਜੰਤਾ ਪਾਰਟੀ ਨੂੰ ਪਾ ਦਿਤੀ ਤਾਂ ਫਿਰ ਆਰ. ਐਸ. ਐਸ. ਨੇ ਮੁਸਲਮਾਨਾਂ ਨੂੰ ਬਖਸ਼ਣਾ ਨਹੀਂ...ਸੋ ਉਨ੍ਹਾਂ ਨੂੰ, ਪਿੱਦੀ ਜਿਨੀ ਪਰ ਸ਼ੈਤਾਨ ਆਰ. ਐਸ. ਐਸ. ਦਾ ਹਊਆ ਖੜਾ ਕਰਕੇ, ਡਰਾ ਧਮਕਾ ਕੇ ਕਾਂਗਰਸ ਦੇ ਹੱਕ ਵਿਚ ਵੋਟਾਂ ਪਵਾ ਲਈਆਂ ਜਾਂਦੀਆਂ ਹਨ...

ਅਤੇ ਇਸੇ ਤਰ੍ਹਾਂ ਲਗਪਗ ਹਰ ਪ੍ਰਾਂਤ ਵਿਚ ਕੰਮਜ਼ੋਰ-ਵਰਗ, ਪਛੜੀਆਂ ਜਾਤੀਆਂ ਅਤੇ ਘਟ-ਗਿਣਤੀ ਦੇ ਲੋਕ (*Minority Cummunities*) ਹਮੇਸ਼ਾਂ ਕਾਂਗਰਸ ਦੇ ਹੱਕ ਵਿਚ ਵੋਟ ਦਿੰਦੇ ਰਹਿੰਦੇ ਆਏ

ਹਨ...

ਤੇ ਖਾਲਿਸਤਾਨ ਦੀ ਅੱਗ ਪਿਛਲੇ ਦਿਨੀ ਲਾਉਣ ਦਾ ਵੀ ਮੁੱਖ ਸਿਆਸੀ ਕਾਰਣ ਸੀ...

## ਹਰਿਆਣੇ ਦੀ ਅਲੈਕਸ਼ਨ

ਤੁਸੀਂ ਸੋਚੋਗੇ ਕਿ ਅੱਗ ਤਾਂ ਪੰਜਾਬ ਵਿਚ ਲਵਾਈ ਗਈ ਸੀ, ਇਸਦਾ ਹਰਿਆਣੇ ਨਾਲ ਕਿਵੇਂ ਤੁਅਲੁਕ ਹੋ ਸਕਦਾ ਹੈ ..? ਆਉ ਮੈਂ ਦਸਦਾ ਹਾਂ, ਤੁਹਾਡੇ ਵਿਚੋਂ ਵੀ ਜੋ ਬਾਹਰ ਅੰਦਰ ਘੁੰਮੇ ਫਿਰੇ ਹੋਣਗੇ, ਖਾਸ ਤੌਰ ਤੇ ਜਿਨ੍ਹਾਂ ਹਰਿਆਣਾ ਵੇਖਿਆ ਹੋਵੇਗਾ ਕਾਫੀ ਹੱਦ ਤੀਕ ਮੇਰੇ ਨਾਲ ਸਹਿਮਤ ਹੋਣਗੇ...

## ਪੰਜਾਬੀ ਵੋਟ ਖਾਸ ਤੌਰ ਤੇ ਸਿੱਖ ਵੋਟਾਂ

ਹਰਿਆਣੇ ਵਿਚ 14-15 ਫੀ ਸਦੀ ਵੋਟ ਪੰਜਾਬੀਆਂ ਦੇ ਹਨ ਜਿਨ੍ਹਾਂ ਵਿਚੋਂ 90 ਫੀਸਦੀ ਪਿਛਾਵਰ-ਮੁਲਤਾਨ ਦੀ ਸਾਈਡ ਤੋਂ ਸੰਨ 1947 ਮਗਰੋਂ ਆਏ ਸਨ। ਭਾਵੇਂ ਉਨ੍ਹਾਂ ਵਿਚੋਂ ਬਹੁਤ ਸਾਰੇ ਆਪਣੀ ਸੱਖਤ ਮਿਹਨਤ ਸਦਕਾ ਰੋਹਤਕ-ਕਰਨਾਲ, ਹਾਂਸੀ-ਹਿਸਾਰ, ਅੰਬਾਲਾ-ਪਾਨੀਪੱਤ ਵਗੈਰਾ 2 ਸ਼ਹਿਰਾਂ ਵਿਚ ਚੰਗੀ ਤਰ੍ਹਾਂ ਸੈਟਲ ਹੋ ਚੁੱਕੇ ਹਨ ਪਰ ਹਾਲੇ ਵੀ ਕਾਫੀ ਗਿਣਤੀ ਵਿਚ ਠੀਕ ਤਰ੍ਹਾਂ ਐਸਟੇਬਲਿਸ਼ ਨਹੀਂ ਹਨ ਹੋ ਸਕੇ। ਪਹਿਲੀ ਕਿਸਮ ਦੇ ਲੋਕਾਂ ਦਾ ਰੋਹਤਕ-ਹਿਸਾਰ ਵਿਚੋ ਕਪੜੇ ਦੇ ਵਪਾਰ ਤੇ, ਜਗਾਧਰੀ-ਯਮੁਨਾ ਨਗਰ ਵਿਖੇ ਬਰਤਨਾਂ ਦੇ ਵਪਾਰ ਤੇ, ਅੰਬਾਲੇ ਕਬਾੜ ਦੇ ਕੰਮ ਉਪਰ ਸੁਹਣਾ ਕਬਜ਼ਾ ਹੈ। ਪਰ ਦੂਜੀ ਕਿਸਮ ਦੇ ਲੋਕੀਂ ਸ਼ਹਿਰਾਂ ਵਿਚ ਦਿਹਾੜੀ-ਦਪਾ ਅਤੇ ਪਿੰਡਾਂ ਵਿਚ ਸਬਜ਼ੀ-ਭਾਜੀ ਵੇਚ 2 ਹੀ ਆਪਣਾ ਗੁਜ਼ਾਰਾ ਕਰਦੇ ਹਨ। ਪਹਿਲੀ ਕਿਸਮ ਦੇ ਲੋਕ ਸਥਾਨਕ ਬਿਜਨੈਸਮੈਨਾਂ ਦੀ ਨਜ਼ਰਾਂ ਵਿਚ 'ਬਿਜਨੈਸ ਦੀ ਕੰਟਰੋਡਿਕਸ਼ਨ' ਕਾਰਨ ਖੁੜਕਦੇ ਹਨ ਜਦੋਂ ਕਿ ਦੂਜੀ ਕਿਸਮ ਦੇ ਲੋਕ ਉਂਜ ਹੀ ਸਥਾਨਕ ਲੋਕਾਂ ਦੇ ਰਹਿਮੋ-ਕਰਮ ਤੇ ਟਿਕੇ ਹੋਏ ਹਨ। ਲੇਖਕ ਨੇ ਸੰਨ 1971-72 ਵਿਚ, ਰੋਹਤਕ ਵਿਖੇ ਅਜਿਹੀਆਂ ਬਜ਼ੁਰਗ ਪੰਜਾਬੀ ਔਰਤਾਂ ਨੂੰ ਅੱਠ-ਅੱਠ, ਦਸ-ਦਸ ਵਿਦਿਆਰਥੀਆਂ ਦੀਆਂ ਰੋਟੀਆਂ ਪਕਾ 2 ਕੇ ਆਪਣਾ ਗੁਜ਼ਾਰਾ ਤੋਰਦਿਆਂ ਵੇਖਿਆ ਸੀ। ਉਪਰ ਦਸੀਆਂ ਆਰਥਕ/ਸਮਾਜਿਕ ਨਾ ਬਰਾਬਰੀਆਂ ਕਾਰਨ ਹਰਿਆਣਵੀਆਂ (Local) ਅਤੇ ਪੰਜਾਬੀਆਂ (Outin-dess) ਵਿਚ ਵਿਤਕਰਾ ਵਿਰੋਧ ਬਣਿਆ ਹੀ ਰਹਿੰਦਾ ਹੈ ਤੇ ਰਹਿੰਦੀ ਖੂੰਹਦੀ ਕਸਰ ਦਲਖਾਲਸੀਆਂ ਨੇ ਪੂਰੀ ਕਰ ਦੇਣੀ ਹੈ,...ਉਹ ਹੇਠਲੇ ਪੈਰੇ ਤੋਂ ਸਪਸ਼ਟ ਹੋ ਜਾਵੇਗਾ।

## ਦੂਜੇ ਸੂਬਿਆਂ ਵਿੱਚ ਵਸੇ ਸਿੱਖ ਪਰਿਵਾਰਾਂ ਤੇ ਅਸਰ

ਇਹ ਤਾਂ ਹਕੀਕਤ ਹੈ ਕਿ ਸਵਾ ਕਰੋੜ ਦੀ ਅਬਾਦੀ ਵਿਚੋਂ ਬਾਰਾਂ-ਤੇਰ੍ਹਾਂ ਲੱਖ ਸਿੱਖ (ਹਰ ਦਸਵਾਂ ਸਿੱਖ), ਪੰਜਾਬ ਤੋਂ ਬਾਹਰ ਵਸੇ ਹੋਏ ਹਨ—ਦੇਸ਼ ਵਿਚ ਵੀ ਅਤੇ ਪ੍ਰਦੇਸ਼ ਵਿਚ ਵੀ !! ਪੰਜਾਬੋਂ ਬਾਹਰ ਰਹਿਣ ਵਾਲੇ ਸਿੱਖਾਂ ਵਿਚੋਂ ਅਧਿਉਂ ਵਧ ਹਿੰਦੁਸਤਾਨ ਦੇ ਬਾਕੀ ਪ੍ਰਾਂਤਾਂ ਵਿਚ ਕਲਕੱਤੇ (ਬੰਗਾਲ), ਪਟਨੇ (ਬਿਹਾਰ), ਮਹਾਰਾਸ਼ਟਰ (ਬੰਬਈ), ਭੁਪਾਲ, ਗਵਾਲੀਅਰ ਝਾਂਸੀ ਵਗੈਰਾ 2 ਸ਼ਹਿਰਾਂ ਵਿਚ ਵਸੇ ਹੋਏ ਹਨ। ਪੰਜਾਬੋਂ ਬਾਹਰਲੇ ਸੂਬਿਆਂ ਵਿਚ ਵਸੇ ਸਿੱਖਾਂ ਵਿਚੋਂ ਚਾਰ ਲੱਖ ਤਾਂ ਇਕਲੇ ਹਰਿਆਣੇ ਵਿਚ ਹੀ ਹਨ ਅਤੇ ਉਹ ਵੀ ਡੂਢ ਸੌ ਜਗ੍ਹਾ ਤੇ ਵਿਖਰੇ ਹੋਏ। ਜਦੋਂ ਸਾਡੀਆਂ ਅਖਬਾਰਾਂ ਦੇ ਪਹਿਲਿਆਂ ਸਫਿਆਂ ਤੇ 'ਡੱਬੀਆਂ' ਲਗਾ ਕੇ ਇਹ ਖਬਰਾਂ ਛਾਪ ਦਿਤੀਆਂ ਜਾਂਦੀਆਂ ਹਨ :—

ਕਾਲੀ ਦੇਵੀ ਕੇ ਮੰਦਰ ਮੇਂ ਗਊ ਕਾ ਸਿਰ ਪਾਯਾ ਗਯਾ...

ਜਲੰਧਰ ਮੇਂ, ਏਕ ਨਿਹੰਗ ਸਿੰਘ ਨੇ ਟਿਕਟ ਚੈਕਰ ਕੋ ਸਿਗਰਟ ਪੀਣੇ ਪੇ ਬਰਛਾ ਮਾਰ ਕੇ ਮਾਰ ਦਿਯਾ...

ਸੁਪ੍ਰਸਿਧ ਆਰੀਆ ਸਮਾਜੀ ਨੇਤਾ, ਬਰ੍ਹਾਮਣ ਮਹਾਂ ਸਭਾ ਕੇ ਪ੍ਰਧਾਨ ਕਾ ਜੀ. ਟੀ. ਰੋਡ ਪੇ ਤਿੰਨ ਸਿੱਖ ਨੌਜਵਾਨਾਂ ਦੁਆਰਾ ਕਤਲ—ਦੋ ਹਿੰਦੂ ਕਤਲ, ਚਾਰ ਹਿੰਦੂਆਂ ਕੇ ਕਾਤਲ ਦਰਬਾਰ ਸਾਹਿਬ ਮੇਂ ਛੁਪੇ ਹੂਏ ਹੈਂ—ਦੁਕਾਨੇ ਫੂਕ ਦੀ ਗਯੀ ..ਤਾਂ ਜਾਣਦੇ ਹੋ ਕੀ ਅਸਰ ਪੈਂਦਾ ਹੈ, ਰੋਹਤਕ, ਹਿਸਾਰ, ਕਲਕੱਤੇ, ਮਦਰਾਸ ਗਵਾਲੀਅਰ, ਭੁਪਾਲ ਰਹਿ ਰਹੇ ਸਿੱਖ ਪਰੀਵਾਰਾਂ ਤੇ.. ?

ਉਨ੍ਹਾਂ ਦੀ ਜਾਨ ਅਤੇ ਮਾਲ ਨੂੰ ਉਸੇ ਘੜੀ ਖਤਰਾ ਪੈ ਜਾਂਦਾ ਹੈ। ਬਹੁਤ ਦੂਰ ਕੀ ਜਾਣਾ ਹੈ "ਪਿਛਲੇ ਹਫਤੇ ਮੈਂ ਰੁੜਕੀ ਗਿਆ, ਮੇਰਾ ਇੱਕ ਪੁਰਾਣਾ ਦੋਸਤ ਅਤੇ ਵਿਦਿਆਰਥੀ ਮਿਲਿਆ ਜੋ ਅੱਸੀ ਪ੍ਰੀਵਾਰਾਂ ਵਿਚੋਂ ਇਕੋ ਹੀ ਪੰਜਾਬੀ ਸੀ। ਉਸ ਕਿਹਾ, ਪ੍ਰੋਫੈਸਰ ਸਾਬ ਜਦੋਂ ਦਾ ਆ ਭੈਣ ਦੇ...ਦਲਖਾਲਸੀਏ ਜਹਾਜ਼ ਅਗਵਾ ਕਰਕੇ ਲੈ ਗਏ ਹਨ, ਐਥੋਂ ਦੇ ਲੋਕਾਂ ਨੇ ਮੇਰੇ ਨਾਲ ਬੋਲਣਾ ਤੀਕ ਛਡ ਦਿਤਾ ਹੈ। ਮੇਰੇ ਬੱਚੇ ਨਾਲ ਕੋਈ ਆਪਣੇ ਬੱਚੇ ਨੂੰ ਖੇਡਣ ਨਹੀਂ ਦਿੰਦਾ, ਮੇਰੀ ਬੀਵੀ ਨੂੰ ਕੋਈ ਔਰਤ ਮੂੰਹ ਨਹੀਂ ਲਾਉਂਦੀ। ਦਸੋ ਪ੍ਰੋਫੈਸਰ ਸਾਬ ਮੇਰਾ ਕੀ ਦੋਸ਼ ਹੈ। ਇਹ ਮਾਂ ਦੇ...ਪਤਾ ਨਹੀਂ ਕਿਥੋਂ ਜੰਮ ਪਏ ਨੇ ਤੇ ਵੱਖਤ ਸਾਨੂੰ ਪਾ ਦਿਤਾ ਹੈ। ਹੋਰ ਤੇ ਹੋਰ ਅਗੇ ਮੈਨੂੰ 'ਸਰਦਾਰ ਸਾਹਿਬ ਸੁਪਰਡੈਂਟ ਸਾਹਿਬ ਕਹਿ ਕੇ ਬੁਲਾਂਦੇ ਸਨ, ਹੁਣ ਅਬਲ ਤਾਂ ਬੁਲਾਂਦੇ ਹੀ ਨਹੀਂ, ਬਸ ਘੂਰੀ ਜਾਣਗੇ ਜੇ ਕੋਈ ਬੋਲੂ ਵੀ ਤਾਂ ਕਹੂ 'ਓਏ ਸਰਦਾਰਾ'..."...ਪਿਛੇ ਜਿਹੇ ਕੁਰੂਕਸ਼ੇਤਰਾਂ ਅਤੇ ਐਗਰੀਕਲਚਰ ਯੂਨੀਵਰਸਿਟੀ ਹਿਸਾਰ ਵਿਖੇ ਕੁਝ ਮਿਸਗਾਈਡਿਡ ਹਰਿਆਣਵੀ ਵਿਦਿਆਰਥੀਆਂ ਨੇ ਪੰਜਾਬੀ ਵਿਦਿਆਰਥੀਆਂ ਨੂੰ ਬੜੀ ਬੇਰਹਿਮੀ ਨਾਲ

ਕੁਟਿਆ ਸੀ...

ਹੁਣ ਹਰਿਆਣੇ ਵਿਚ ਚੋਣਾਂ ਦਾ ਦੌਰ ਹੈ। ਬਜੁਰਗ ਇੰਦਰਾ ਨੇ ਦੇਸ਼-ਦਿਸ਼ਾਂਤਰਾਂ ਦੇ ਘਾਟ-ਘਾਟ ਦਾ ਪਾਣੀ ਪੀਤਾ ਹੋਇਆ ਹੈ। ਸ਼ੋਸ਼ੇਬਾਜ਼ੀ, ਕੁਲਬਾਪਰਵਰੀ ਅਤੇ ਧੋਖਾਦੇਈ ਵਿਚ ਉਨ੍ਹਾਂ ਦੀ ਪਧਰ ਦੀ ਮਿਸਾਲ ਕੋਈ ਹੋਰ ਹੋਵੇ ਤਾਂ ਬੰਦੇ ਨੂੰ ਵੀ ਦਸ ਛਡਣਾ। ਐਨ ਮੌਕੇ ਸਿਰ ਉਸ ਪਹਿਲਾਂ ਐਸ. ਵਾਈ. ਐਲ. ਦਾ ਪੰਗਾ ਛੇੜ ਦਿਤਾ। ਪਹਿਲਾਂ ਦੋ ਸਾਲਾਂ ਤੋਂ ਵੀ ਕਾਂਗਰਸ ਮਨਿਸਟਰੀ ਪੰਜਾਬ ਵਿਚ ਚਲੀ ਆ ਰਹੀ ਸੀ—ਉਦੋਂ ਕਿਉਂ ਨਾ ਐਸ. ਵਾਈ. ਐਲ ਦਾ ਉਦਘਾਟਨ ਕਰ ਦਿਤਾ...?? ਤੇ ਕੀਤਾ ਵੀ ਕਿਧਰੋਂ, ਐਨ ਹਰਿਆਣੇ ਦੇ ਬਾਡਰ ਲਾਗਿਉਂ...? ਬਾਕੀ ਵੀ ਤਾਂ ਸੌ ਕਿਲੋਮੀਟਰ ਨਹਿਰ ਸੀ...ਪੂਰੀ 104 ਕਿਲੋਮੀਟਰ ਲੰਬੀ ਨਹਿਰ ਵਿਚੋਂ ਕੇਵਲ 4 ਕਿਲੋਮੀਟਰ ਲੰਬੀ ਨਹਿਰ ਦਾ ਨਕਸ਼ਾ ਹੀ ਪਾਸ ਕੀਤਾ ਗਿਆ ਹੈ (Alignment) ਜਿਵੇਂ ਪੰਜਾਬ ਦੇ ਇਕ ਮੰਤਰੀ ਨੇ 11-15 ਅਪ੍ਰੈਲ ਨੂੰ ਅਖਬਾਰਾਂ ਨੂੰ ਦਸਿਆ ਸੀ ਤੇ ਉਹ ਵੀ ਜਿਹੜਾ ਟੁਕੜਾ ਹਰਿਆਣੇ ਨਾਲ ਲਗਦਾ ਹੈ। ਕੋਈ ਇਨ੍ਹਾਂ ਅਕਲ ਦੇ ਦੁਸ਼ਮਣਾਂ ਨੂੰ ਪੁਛੇ ਭਈ ਜੇ ਹਾਲੇ ਨਹਿਰ ਦੀ ਐਲਾਈਨਮੈਂਟ ਦੇ 95 ਫੀਸਦੀ ਹਿੱਸੇ ਦਾ ਫੈਸਲਾ ਹੀ ਨਹੀਂ ਕੀਤਾ ਗਿਆ (ਕਿ ਨਹਿਰ ਕਿਧਰ ਦੀ ਲੰਘਣੀ ਹੈ) ਤਾਂ ਫਿਰ ਉਦਘਾਟਨ ਕਾਹਦਾ ਕਰਨ ਤੁਰ ਪਏ ਸੋ...? ਉਂਜ ਇਸ ਨਹਿਰ ਨੂੰ ਲਟਕਦਿਆਂ ਸੱਤ ਸਾਲਾਂ ਤੋਂ ਉਪਰ ਹੋ ਚੁਕੇ ਹਨ ..ਥੀਨ ਡੈਮ ਤੋਂ ਪਹਿਲਾਂ ਬਨਣ ਇਹ ਵੀ ਨਹੀਂ ਲਗੀ ਤੇ ਉਂਜ ਥੀਨ ਡੈਮ ਵੀ ਕਿਸ ਨੇ...?

ਉਨ੍ਹਾਂ ਤੇ ਸਿਰਫ 'ਉਦਘਾਟਨ' ਕਰਨਾ ਸੀ ਸੋ ਕਰ ਦਿਤਾ। ਹਰਿਆਣਵੀਆਂ ਨੂੰ ਯਕੀਨ ਦਵਾਉਣਾ ਸੀ ਕਿ ਪੰਜਾਬ ਵਿਚੋਂ (ਧੱਕੇ ਨਾਲ) ਪਾਣੀ ਖਿੱਚ ਕੇ ਤੁਹਾਨੂੰ ਦੇ ਰਹੇ ਹਾਂ—ਇਹ ਯਕੀਨ ਉਨ੍ਹਾਂ ਲੰਬੇ ਚੌੜੇ ਇਸ਼ਤਿਹਾਰਾਂ ਰਾਹੀਂ (ਲੱਖਾਂ ਰੁਪਈਏ ਤੁਹਾਡੇ ਟੈਕਸਾਂ ਵਿਚੋਂ ਖਰਚ ਕੇ) ਦਵਾ ਦਿਤਾ...ਨਾਲੇ ਪੰਜਾਬੀਆਂ ਨੂੰ ਵੀ ਖੁਸ਼ ਕਰ ਦਿਤਾ ਕਿ ਆ ਲਉ 'ਥੀਨ ਡੈਮ'— ਜਿਵੇਂ ਕੋਈ ਰੱਜਿਆ ਜੱਟ ਕਹੇ, "ਤੂੰ ਵੀ 'ਚੁੱਕ ਲਾ ਉਏ ਬਾਮਣਾ ਆਹ ਇਕ ਹਦਵਾਣਾ"। ਹਰਿਆਣਵੀਆਂ ਨੇ ਖੁਸ਼ੀ ਖੁਸ਼ੀ ਵੋਟਾਂ ਪਾ ਦੇਣੀਆਂ ਨੇ ਕਿਉਂਕਿ ਯਮੁਨਾ ਵਿਚੋਂ ਹਿੱਸਾ ਦਿਤਿਆਂ ਬਗੈਰ, ਰਾਵੀ ਵਿਚੋਂ ਹਿੱਸਾ ਮਿਲ ਜਾਏਗਾ।

ਚਾਰ ਕੁ ਮਹੀਨੇ ਪਹਿਲਾਂ ਮੈਂ ਊਨੇ ਵਿਚ ਸਾਂ। ਹਰ ਰੋਜ ਆਰ. ਐਸ. ਐਸ. ਵਾਲਿਆਂ ਉਥੇ ਬਜਾਰਾਂ ਵਿਚ ਹੱਥਾਂ ਵਿਚ ਡੰਡੇ ਚੁਕੀ ਫੁਲ ਬਰਦੀ ਪਾਈ ਪ੍ਰੇਡ ਕਰਦੇ ਨਿਕਲਨਾ (ਲੋਕਲ ਸਿੱਖਾਂ ਅਤੇ ਹੋਰ ਪੰਜਾਬੀਆਂ ਤੇ ਰੋਹਬ ਪਾਉਣ ਖਾਤਰ)...ਇਕ ਦਿਨ ਇਕ ਰਮਤਾ ਜਿਹਾ (ਬੇਹੱਦ ਸਿਧੜ ਜਿਹਾ) 25-26 ਸਾਲਾਂ ਸਰਦਾਰ ਲੰਘ ਰਿਹਾ ਸੀ—ਹੱਥ ਵਿਚ ਸੋਟੀ ਫੜੀ! ਲਾਲੇ ਪੈ ਗਏ, "ਉਏ ਸਰਦਾਰਾ, ਤੈਨੂੰ ਨਹੀਂ ਪਤਾ ਕਿ ਸੋਟੀ ਲੈ ਕੇ ਲੰਘਣ ਤੇ ਪਬੰਦੀ ਲਗੀ ਹੋਈ ਹੈ, ਤੂੰ ਸਰਦਾਰ ਦਿਆ ਘੋੜਿਆ ਕਿਧਰ ਮੂੰਹ ਚੁਕੀ ਜਾ ਰਿਹਾ ਹੈਂ"... ਅਤੇ ਉਥੇ ਵੀ ਸਿੱਖਾਂ ਦੇ ਖਿਲਾਫ ਬਹੁਤ ਸਾਰੇ ਲੋਕਾਂ ਨੂੰ ਔਖਾ ਕੇ ਪਾਇਆ ਕਾਸ਼! ਇਹ ਦਲ ਖੱਲਸੀਏ ਕਦੋਂ ਸਮਝਣਗੇ ਕਿ ਉਹ ਖਾਲਸ ਨਹੀਂ ਅਖਾਲਸ ਹਨ...।

ਤੇ ਜਿਵੇਂ ਪੰਜਾਬੀ ਹਿੰਦੂਆਂ ਲਈ ਦਲ ਖਾਲਸੇ ਦਾ ਹਊਆ ਖੜਾ ਕਰਕੇ ਹਿੰਦੂਆਂ ਨੂੰ ਕਾਂਗਰਸ ਨੇ ਆਪਣੀ ਬੁਕਲ ਵਿਚ ਕਰ ਲੈਣਾ ਹੈ, ਉਸੇ ਤਰ੍ਹਾਂ ਦਲ ਖਾਲਸਾ ਦੀਆਂ ਪੰਜਾਬ ਵਿਚ ਹਰਕਤਾਂ ਨੇ ਹਰਿਆਣੇ ਦੀ 5-6 ਫੀਸਦੀ ਸਿੱਖ ਵੋਟ, ਕਾਂਗਰਸ ਦੇ ਹੱਕ ਵਿਚ ਭੁਗਤਾ ਦੇਣੀ ਹੈ। ਟੱਕਰ ਸਾਹਿਬ ਪਹਿਲਾਂ ਹੀ ਕਾਂਗਰਸ ਵਿਚ ਸ਼ਾਮਲ ਹੋ ਗਏ ਹਨ ਬਾਕੀ ਪੰਜਾਬੀ ਅਤੇ ਸਿੱਖ ਵੋਟ ਵੀ ਇੰਦਰਾ ਦੇ ਹੱਕ ਵਿਚ ਹੀ ਭੁਗਤਣਗੇ......??? ਹਰਿਆਣੇ ਵਿਚ ਤਿਕੋਣਾ ਮੁਕਾਬਲਾ ਲਗਪਗ ਹਰ ਸੀਟ ਉਪਰ ਹੀ ਹੈ ਅਤੇ ਤਿਕੋਣੇ-ਚੌਕੋਣੇ ਮੁਕਾਬਲੇ ਵਿਚ 6 ਫੀਸਦੀ ਸਿੱਖ ਵੋਟਾਂ ਜਾਂ 12-13 ਫੀਸਦੀ (ਕੁਲ) ਪੰਜਾਬੀ ਵੋਟਾਂ ਬਹੁਤ ਭਾਰੀ ਮਾਇਨੇ ਰਖਦੀਆਂ ਹਨ ???

## *ਬਦੇਸ਼ਾਂ ਵਿਚ ਵਸੇ ਹਿੰਦੁਸਤਾਨੀਆਂ ਉਪਰ ਅਸਰ :*

ਪਿਛੇ ਜਹੇ ਇੰਗਲੈਂਡ ਤੋਂ ਇੱਕ ਚਿੱਠੀ ਆਈ ਜਿਸ ਵਿਚ ਉਸ ਕਿਹਾ ਸੀ, "ਭਾ ਜੀ, ਤੁਸੀਂ ਹਿੰਦੁਸਤਾਨ ਦੀ ਐਡੀ ਵੱਡੀ ਅਜਾਰੇਦਾਰੀ ਨੂੰ ਅੰਕੜਿਆਂ ਰਾਹੀਂ ਨੰਗਿਆਂ ਕਰ ਸਕਦੇ ਹੋ, ਆਪਣੀ ਕਲਮ ਦੀ ਤਾਕਤ ਨਾਲ ਆ ਦਸ-ਬਾਰਾਂ ਖਾਲਸੀਆਂ ਦੇ ਪਜਾਮੇ ਕਿਉਂ ਨਹੀਂ ਹੋ ਲੁਹਾ ਦਿੰਦੇ...? ਸਾਡੇ ਐਥੇ ਬੜਾ ਨੱਕ ਵਿਚ ਦਮ ਕੀਤਾ ਹੋਇਆ ਹੈ—ਇਨ੍ਹਾਂ ਟੁੰਡੀ ਲਾਟ ਦਿਆਂ ਚੇਲਿਆਂ ਨੇ !!

ਤੁਹਾਨੂੰ ਤਾ ਪਤਾ ਹੀ ਹੈ ਕਿ ਭਾਵੇਂ ਅਸੀਂ ਜੱਟ ਸਿੱਖ ਪਰਿਵਾਰ ਵਿਚੋਂ ਹਾਂ, ਖੁੱਦ ਸਿਗਰਟ ਨਹੀਂ ਪੀਂਦੇ ਪਰ ਤੁਹਾਥੋਂ ਕੀ ਛੁਪਾਉਣਾ, ਭਾਬੀ ਤੁਹਾਡੀ ਤਾਂ ਸਿਗਰਟਾਂ ਵੀ ਵੇਚਦੀ ਹੈ—ਸਿੰਘ ਬਰਦਰਜ਼ ਦੇ ਸਟੋਰ ਤੇ...ਜਦੋਂ ਕਲ ਹੀ ਕੋਈ ਮੇਮ ਉਸਨੂੰ ਕਹਿ ਰਹੀ ਸੀ, ਆਰ ਯੂ ਇੰਡੀਅਨ ਆਰ ਪਾਕੀ! ਇੰਡੀਅਨ! ਓ, ਆਰ ਯੂ

ਸੀਖ (Sikh) ਤੇ ਜਦੋਂ ਤੁਹਾਡੀ ਭਾਬੀ ਨੇ ਹਾਂ ਵਿਚ ਉਤਰ ਦਿਤਾ ਤਾਂ ਉਹ ਪੈ ਗਈ,

What type of 'Seekh' you are! Your 'Seekhs' are killing Hindus there over 'Ceegrets' and you are selling it here...Oh, God...

ਤੇ ਮਿਸਿਜ਼ ਕੋਲ ਪਾਣੀ ਪਾਣੀ ਹੋਣ ਤੋਂ ਸਿਵਾ ਹੋਰ......

## ਇਕ ਗਿਆਨੀ—ਸੌ ਖਾਲਿਸਤਾਨੀ...

ਆਉ ਹੁਣ ਉਸ 'ਗਿਆਨੀ' ਦੇ ਰੋਲ ਤੇ ਵੀ ਜ਼ਰਾ ਝਾਤੀ ਮਾਰੀਏ ਜਿਸ ਉਪਰ ਖਾਲਿਸਤਾਨ ਚਲਾਉਣ ਦਾ ਦੋਸ਼ ਲਗ ਰਿਹਾ ਹੈ . ਇਹ ਉਹੋ ਹੀ ਗਿਆਨੀ ਜੀ ਹਨ ਜਿਨ੍ਹਾਂ ਕੋਲੋਂ ਢਾਈ ਸਾਲਾਂ ਵਿਚ ਅਸਾਮ ਦੀ ਸਮੱਸਿਆ ਨਹੀਂ ਹੈ ਸੁਲਝਾਈ ਜਾ ਸਕੀ...

ਇਹ ਉਹੋ ਹੀ ਗਿਆਨੀ ਹਨ ਜਿਨ੍ਹਾਂ ਦੇ ਰਾਜਪਾਟ ਵਿਚ, ਬਾਗਪਤ ਵਿਖੇ ਸ਼ਰੇਆਮ, ਸ਼ਰੇਬਜ਼ਾਰ ਇਸਤਰੀ ਦੀ ਇੱਜ਼ਤ ਲੁਟੀ ਗਈ, ਉਸਦੇ ਘਰਵਾਲੇ ਨੂੰ ਗੋਲੀ ਮਾਰ ਦਿਤੀ ਗਈ ..ਗਿਆਨੀ ਜੀ ਨੇ ਜ਼ਾਤੀ ਤੌਰ ਤੇ ਮਿਲਣ ਗਏ ਡੈਪੂਟੇਸ਼ਨ ਨੂੰ ਕਿਹਾ ਕਿ ਉਹ ਮੇਰੀ ਬੇਟੀ ਸਮਾਨ ਹੈ—ਇਸ ਨਾਲ ਹੋਈ ਬੇਇਨਸਾਫੀ ਦਾ ਬਦਲਾ ਲਿਆ ਜਾਏਗਾ। ਮਗਰ ਅਗਲੇ ਹੀ ਹਫਤੇ ਜਦੋਂ ਪਾਰਲੀਆਮੈਂਟ ਅੰਦਰ ਸ੍ਰੀਮਤੀ ਪ੍ਰਮਿਲਾ ਡੰਡਵਤੇ ਐਮ.ਪੀ. ਨੇ ਮਾਇਆ ਦੇਵੀ ਖਾਤਰ ਇਨਸਾਫ ਦੀ ਮੰਗ ਕੀਤੀ ਤਾਂ ਗਿਆਨੀ ਜੀ ਕੇਵਲ ਆਪਣੇ ਵਾਇਦੇ ਤੋਂ ਹੀ ਮੁਕਰ ਹੀ ਨਾ ਗਏ ਸਗੋਂ ਇਥੋਂ ਤੀਕ ਕਹਿ ਦਿਤਾ ਕਿ ਉਹ ਤਾਂ ਇਕ ਡਾਕੂ ਹੈ (Hardened Criminal) ..ਦਿਨ ਦਿਹਾੜੇ ਬੈਂਕਾਂ ਵਿਚ ਡਾਕੇ ਪੈਣ, ਕਤਲ ਹੋਣ ਪਰ ਗਿਆਨੀ ਜੀ ਸ਼ਾਂਤ...

ਡੱਬਵਾਲੀ ਔਰਤ ਨਾਲ ਬਲਾਤਕਾਰ ਕਰਕੇ, ਟਰੱਕ ਅਗੇ ਸਿਟਕੇ ਮਾਰ ਦਿਤਾ ਗਿਆ—ਗਿਆਨੀ ਜੀ ਫਿਰ ਵੀ ਸ਼ਾਂਤ ਰਹੇ...ਇਹ ਉਹੋ ਹੀ ਗਿਆਨੀ ਜੀ ਹਨ ਜਿਨ੍ਹਾਂ ਆਪਣੇ ਦੇਸ਼ ਦੇ ਸੈਲਫ-ਮੇਡ ਰਾਸ਼ਟਰ ਨੇਤਾ ਨੂੰ ਪੰਜਾਬ ਦਾ ਦਮਾਦ ਦਸ ਕੇ ਸਾਰੇ ਪੰਜਾਬੀਆਂ ਦਾ ਨੱਕ ਵੱਢ ਕੇ ਰਖ ਦਿਤਾ ਸੀ। (ਹੁਣ ਉਸ ਪੰਜਾਬਣ ਧੀ ਦੀ ਕਿਉਂ ਨਹੀਂ ਹਨ ਬਾਂਹ ਫੜਦੇ...? ਹਾਂ ਇਹ ਉਹੋ ਹੀ ਗਿਆਨੀ ਜੀ ਹਨ ਜਿਨ੍ਹਾਂ ਦੇ ਰਾਜ ਵਿਚ ਸਜਾਖੇ ਅੰਨੇ ਕੀਤੇ ਗਏ...ਅਤੇ ਅੰਨ੍ਹਿਆਂ ਤੇ ਲਾਠੀਚਾਰਜ ਹੋਏ... ਇਹ ਉਹੋ ਹੀ ਗਿਆਨੀ ਜੀ ਹਨ ਜਿਨ੍ਹਾਂ ਦੇ ਰਾਜ ਵਿਚ ਮਹਿਤੇ ਖੂਨ ਦੀ ਹੋਲੀ ਖੇਡੀ ਗਈ...ਸੰਤ ਭਿੰਡਰਾਂ ਵਾਲੇ ਜੀ ਦੇ ਗੁਰੂਦੁਆਰੇ ਅੰਦਰ ਬੰਬ ਫੱਟੇ...ਅਜ ਤੀਕ ਨਹੀਂ ਪਤਾ ਲਗ ਸਕਿਆ ਕਿ ਕਿਸਨੇ ਰੱਖੇ ਸੀ...ਜਲੰਧਰ ਕਤਲ ਹੋਏ, ਤਰਨਤਾਰਨ ਗੋਲੀਆਂ ਚਲੀਆਂ, ਮੋਟਰਸਾਈਕਲ ਸਵਾਰਾਂ ਨੇ ਵਹਿਸ਼ੀਆਂਵਾਂਗੂੰ ਕਤ ਕਰਨੇ ਸ਼ੁਰੂ ਕਰ ਦਿਤੇ। ਲਾਲਾ ਜਗਤ ਨਰਾਇਣ ਦਾ ਕਤਲ ਅਜ ਤੀਕ ਟਰੇਸ ਨਹੀਂ ਹੈ ਹੋ ਸਕਿਆ (ਇਹ ਵਖਰੀ ਗਲ ਹੈ ਕਿ ਅਸੀਂ ਲਾਲਾ ਜੀ ਦੀ ਫਿਲਾਸਫੀ ਦੇ ਨਾਲ ਸਹਿਮਤ ਨਹੀਂ ਹਾਂ ਪਰ ਇਸਦਾ ਇਹ ਮਤਲਬ ਨਹੀਂ ਕਿ ਅਸੀਂ ਦੈਹਿਸ਼ਤ ਫੈਲਾਉਣ ਵਾਲਿਆਂ ਨੂੰ ਨੰਗਿਆਂ ਨਾ ਕਰੀਏ) ..ਕਾਂਗਰਸ (ਆਈ) ਦਾ ਏਜੰਟ ਜਥੇਦਾਰ ਰਛਪਾਲ ਸਿੰਘ ਸ਼ਰੇਆਮ, ਮਹਿਤਾ ਚੌਕ ਵਿਖੇ ਲੋਕਾਂ ਨੂੰ ਭੜਕਾ ਗਿਆ।

ਗਿਆਨੀ ਜੀ ਨੇ ਉਸ ਨੂੰ ਮੀਸਾ, ਡੀ. ਆਈ. ਆਰ. ਪਬਲਿਕ ਸੇਫਟੀ ਬਿਲ ਵਗੈਰਾ ਵਗੈਰਾ ਤਹਿਤ ਅੰਦਰ ਤਾਂ ਕੀ ਕਰਨਾ ਸੀ ਸਗੋਂ ਉਸਦੀ ਪਿੱਠ ਠੋਕੀ... ਗਿਆਨੀ ਜੀ ਦੇ 'ਰਾਜ ਵਿਚ ਅੰਮ੍ਰਿਤਸਰ' ਵਿਖੇ (ਨਿਰੰਕਾਰੀਆਂ ਸਟੇਨਗੰਨਾ ਚਲਾ ਕੇ ਦੈਹਿਸ਼ਤ ਪੈਦਾ ਕੀਤੀ, ਕਈ ਸਿੰਘਾਂ ਨੂੰ ਭੁੰਨ ਕੇ ਰੱਖ ਦਿਤਾ ਮਗਰ ਗਿਆਨੀ ਜੀ ਏਕ ਮਨ ਅਡੋਲ ਚਿਤ ਖੜੇ ਰਹੇ...)

...'ਦਿੱਲੀ' ਵਿਖੇ, ਕਿਸੇ ਨੇ ਨਿਰੰਕਾਰੀਆਂ ਦੇ ਆਗੂ ਨੂੰ ਦਾਣਿਆਂ ਵਾਂਗ ਭੁੰਨ ਕੇ ਰੱਖ ਦਿਤਾ—ਅਜ ਤੀਕ ਪਤਾ ਨਹੀਂ ਲੱਗਾ ਕਿ ਉਹ ਕੋਈ ਅਕਾਲੀ ਸੀ ਕਿ ਕਾਂਗਰਸੀ ਹੀ...? ਸਿੱਖ ਬਾਣੇ ਵਿਚ (ਜਾਤ ਦਾ ਹਸਾਈ*) ਗੰਗਾ ਸਿੰਘ ਢਿਲੋਂ ਅਮਰੀਕਾ ਤੋਂ ਅ ਕੇ ਤਿੰਨ ਮਹੀਨੇ ਜਗ੍ਹਾ ਜਗ੍ਹਾ ਫਿਰਕਾਪ੍ਰਸਤੀ ਦੀਆਂ ਚਿੰਗਾੜੀਆਂ ਬਾਲਦਾ ਰਿਹਾ ਮਗਰ ਗਿਆਨੀ ਜੀ ਦਖਲ ਨਾ ਦਿਤਾ, ਜਦੋਂ ਉਹ ਤਿੰਨਾਂ ਮਹੀਨੇ ਬਾਦ ਵਾਪਸ ਜਾਣ ਵਾਸਤੇ ਜਹਾਜ਼ ਦੀਆਂ ਪੌੜੀਆਂ ਚੜ ਰਿਹਾ ਸੀ ਤਾਂ ਗਿਆਨੀ ਜੀ ਨੇ ਵਾਇਰਲੈਸ ਜਰੀਹੇ ਸੰਦੇਸ਼ ਭੇਜਿਆ :

> "ਗੰਗਿਆ, ਅਗੇ ਤੋਂ ਤੇਰਾ ਪਾਸਪੋਰਟ ਜਬਤ। ਹੁਣ ਤੂੰ ਰਾਜ਼ੀ ਖੁਸ਼ੀ ਅਮਰੀਕਾ ਆਪਣੇ ਆਕਾ ਕੋਲ ਪਹੁੰਚ ਜਾਈਂ'। ਐਵੇਂ ਰਸਤੇ ਵਿਚ ਨਾ ਭਾਰਤ ਦੇ ਭੁਲੇਖੇ ਕਿਸੇ ਮੁਲਕ ਵਿਚ ਇਹੋ ਚਿੰਗਾੜੀ ਬਾਲਣ ਦੀ ਕੋਸ਼ਿਸ਼ ਕਰੀਂ—ਹੋਰ ਕਿਤੇ ਮਾਰ ਮਾਰ ਕੇ ਦੁੰਬਾ ਬਣਾ ਦੇਣ। ਹਰ ਦੇਸ਼ ਵਿਚ ਮੇਰੇ ਵਰਗੇ ਸ਼ਾਂਤੀ-ਸਿੰਘ ਹੀ ਹੋਮ ਮਨਿਸਟਰ

*ਲੇਖਕ ਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਪਿਛਲੇ ਦਿਨੀਂ ਲੋਕ ਲਹਿਰ (ਜਾਂ ਪੰਜਾਬੀ ਟਰਬਿਊਨ) ਵਿਚ ਕਿਸੇ ਬਦੇਸ਼ੀ ਪੰਜਾਬੀ ਨੇ ਚਿੱਠੀ ਵਿਚ ਲਿਖਿਆ ਸੀ ਕਿ ਗੰਗਾ ਸਿੰਘ ਢਿਲੋਂ ਨੇ ਦੂਸਰੀ (ਜਾਂ ਤੀਸਰੀ) ਸ਼ਾਦੀ ਇਕ ਕਰਿਸਟੀਅਨ ਨਾਲ ਕਰਨ ਵਾਸਤੇ ਈਸਾਈ ਮਜ਼ਬ ਤੀਕ ਅਖਤਿਆਰ ਕਰ ਲਿਆ ਹੈ—'ਇਥੇ ਇਹ ਵੀ ਯਾਦ ਰਖਿਆ ਜਾਏ ਕਿ ਈਸਾਈ ਮਜ਼ਬ ਕਿਸੇ ਵੀ ਬਾਣੇ ਵਿਚ ਰਹਿੰਦਿਆਂ ਹੋਇਆਂ ਅਡਾਪਟ ਕੀਤਾ ਜਾ ਸਕਦਾ ਹੈ।

ਨਹੀਂ ਹੋਣੇ ਤੇ ਮੁੜਕੇ ਵੀ ਨਾ ਆਈਂ ਇਧਰ, ਮੇਰਾ ਵੀ ਕੀ ਪਤਾ ਹੈ ਕਿ ਕਿੰਨੇ ਕੁ ਪਲ ਹੋਰ ਹੋਮ ਮਨਿਸਟਰ ਰਹਾਂ"...। (ਸ਼ਬਦਾਵਲੀ ਲੇਖਕ ਦੀ ਹੈ)।

## ਸੱਤ ਖਾਲਿਸਤਾਨੀ ਤੇ ਇਕ 'ਵਿਚਾਰਾ' ਗਿਆਨੀ :—

ਉਪਰਲੀਆ ਸਤਰਾਂ ਪੜ੍ਹ ਕੇ ਤਾਂ ਤੁਸੀਂ ਸੋਚ ਰਹੇ ਹੋਵੋਗੇ ਕਿ ਗਿਆਨੀ ਜੀ ਤਾਂ ਗਊ ਸਮਾਨ ਹਨ... ਬਹੁਤ ਹੀ ਕਮਜ਼ੋਰ......ਬਹੁਤ ਹੀ ਨਿਤਾਣੇ......ਹਾਏ ਵਿਚਾਰਾ ਗਿਆਨੀ...?

ਪਰ ਹਕੀਕਤ ਇਹ ਹੈ ਕਿ ਇਹ ਛੇ ਘੱਟ ਬਹੱਤਰ ਸਾਲੇ, ਪੌਣੇ ਛੇ ਫੁੱਟ ਉੱਚਾ-ਲੰਮਾ, 'ਕਾਲੀ' ਭਰਵੀਂ ਦਾੜ੍ਹੀ ਵਾਲੇ ਪੂਰਨ ਗੁਰਮੁੱਖ ਸਿੰਘ, ਮੌਜੂਦਾ ਕੈਬਨਿਟ ਮੰਤਰੀਆਂ ਵਿਚੋਂ ਸਭ ਤੋਂ ਵਧ ਸਿਆਸਤ ਦਾ ਤਜਰਬਾ ਰਖਣ ਵਾਲੇ ਹਨ (50 ਸਾਲ) ... ਡਾਕਟਰ ਗਿਆਨੀ ਜ਼ੈਲ ਸਿੰਘ ਐਕਸ ਸ਼ੇਰੇ-ਏ-ਪੰਜਾਬ, ਫਿਲਹਾਲ ਬਿੱਲੀ-ਏ-ਹਿੰਦੁਸਤਾਨ ਹੀ ਸਾਬਤ ਹੋਏ ਹਨ ਮੇਰਾ ਨਹੀਂ ਖਿਆਲ ਕਿ ਜਦੋਂ ਦੇ ਇਹ ਹੋਮ ਮਨਿਸਟਰ ਬਣੇ ਹਨ, ਇਕ ਵੀ ਕੰਮ ਸਹੀ ਨੇਪਰੇ ਚੜ੍ਹਿਆ ਹੋਵੇ ਸਿਵਾਏ ਇਕ ਦੇ...?

ਉਹੋ ਹੀ, ਜਿਸ ਵਿਚ ਇਨ੍ਹਾਂ ਆਈ. ਏ. ਐਸ. ਸੰਸਥਾ ਦੇ, ਡਾਇਰੈਕਟਰ ਦਾ ਅਸਤੀਫਾ ਤੁਰੰਤ ਮਨਜ਼ੂਰ ਕਰ ਲਿਆ ਸੀ—ਜਿਸ ਨੇ, ਆਪਣੀ ਹੀ ਇਕ ਸਹਿਪਾਠ ਨਾਲ ਪਿਸਤੌਲ ਦੇ ਬਲ, ਬਲਾਤਕਾਰ ਕਰਨ ਵਾਲੇ ਨੂੰ, ਡਿਸਮਿਸ ਕਰਨ ਦੀ ਸਿਫਾਰਸ਼ ਕੀਤੀ ਸੀ... ਉਂਜ ਗਿਆਨੀ ਜੀ ਤਾਂ ਅਜਿਹੇ ਠੰਡੇ ਸੁਭਾਅ ਦੇ ਬਣ ਗਏ ਹਨ ਕਿ ਇਨ੍ਹਾਂ ਨੇ ਤਾਂ ਬਲਾਤਕਾਰ ਕਰਨ ਵਾਲੇ ਆਈ. ਏ. ਐਸ. ਅਫਸਰ ਦੇ ਖਿਲਾਫ ਐਕਸ਼ਨ ਲੈਂਦੇ ਵਕਤ ਵੀ ਸ਼ਾਂਤੀ ਤੋਂ ਕੰਮ ਲੈਣ ਦਾ ਸੁਝਾਅ ਉਪਰੋਕਤ ਡਰੈਕਟਰ ਨੂੰ ਦਿਤਾ ਸੀ... ।

ਅਤੇ ਬੇਸ਼ੱਕ ਗਿਆਨੀ ਜ਼ੈਲ ਸਿੰਘ ਹੋਮ ਮਨਿਸਟਰ ਆਫ "ਸੈਕਿੰਡ ਬਿਗਿਸਟ ਕੰਟਰੀ ਆਫ ਦੀ ਵਲਡ" ਦੇ ਅੰਡਰ ਦਸ ਲੱਖ ਫੌਜ ਹੈ.. ਤੇ ਭਾਵੇਂ ਇਸੇ ਹੋਮ ਮਨਿਸਟਰ ਦੇ ਅੰਡਰ ਅੱਠ ਲੱਖ ਪੁਲੀਸ ਕਰਮਚਾਰੀ ਹਨ...ਅਤੇ ਭਾਵੇਂ ਇਸੇ ਹੋਮ ਮਨਿਸਟਰ ਅੰਡਰ ਸੱਤ ਪ੍ਰਕਾਰ ਦੀ ਸੀ. ਆਈ. ਡੀ. ਹੈ ਪਰ ਬੜੇ 'ਫਖਰ' ਦੀ ਗੱਲ ਹੈ ਕਿ ਵਿਚਾਰੇ ਗਿਆਨੀ ਜੀ 'ਮੁਠੀ ਭਰ' ਦਲ ਖਾਲਸੀਆਂ ਨੂੰ ਵੀ ਗ੍ਰਿਫਤਾਰ ਨਾ ਕਰ ਸਕੇ ...ਕਰਦੇ ਵੀ ਕਿਸ ਤਰ੍ਹਾਂ...?

ਅਠਾਰਾਂ ਲੱਖ ਫੌਜ ਤੇ ਪੁਲੀਸ ਤੇ ਦਲ ਖਾਲਸੀਏ ਕੁਲ ਸੱਤ-ਅੱਠ...? ਇਹ ਤਾਂ ਬੜੀ ਨਮੋਸ਼ੀ ਵਾਲੀ ਗੱਲ ਹੋਣੀ ਸੀ ਗਿਆਨੀ ਜੀ ਵਾਸਤੇ !!

ਅਤੇ ਬੇਸ਼ੱਕ ਗਿਆਨੀ ਜ਼ੈਲ ਸਿੰਘ ਹੋਰੀਂ ਦੁਨੀਆਂ ਦੇ ਦੂਜੇ ਵੱਡੇ ਦੇਸ਼ ਨੇਤਾ ਹਨ (Home Minister) of 2nd Biggest Country of the Universe) ਜਿਨਾਂ ਦੇ ਅੰਡਰ 10,00000 ਫੌਜ ਹੈ ਅਤੇ ਦਸ ਲੱਖ ਫੌਜ ਤੋਂ ਇਲਾਵਾ 8,00,000 ਪੁਲੀਸ ਕਰਮਚਾਰੀ ਹਨ...ਅਤੇ ਭਾਵੇਂ ਇਸੇ ਹੋਮ ਮਨਿਸਟਰ ਸਾਹਿਬ ਅੰਡਰ ਸੱਤ ਪ੍ਰਕਾਰ ਦੀ ਸੀ. ਆਈ. ਡੀ. ਵਗੈਰਾ ਵਗੈਰਾ ਹੈ ਪਰ "ਫਖਰ" ਦੀ ਗੱਲ ਹੈ ਕਿ ਵਿਚਾਰੇ ਗਿਆਨੀ ਹੋਰੀਂ; ਮੁੱਠੀ-ਭਰ ਦਲ-ਖਾਲਸੀਆਂ ਨੂੰ ਵੀ ਗ੍ਰਿਫਤਾਰ ਨਾ ਕਰ ਸਕੇ.. ਤੇ ਕਰਦੇ ਵੀ ਕਿਸ ਤਰ੍ਹਾਂ ?

ਅਠਾਰਾਂ ਲੱਖ ਫੌਜ ਅਤੇ ਪੁਲੀਸ ਦੇ ਕਮਾਂਡਰ—ਜ਼ੈਲ ਸਿੰਘ ਹੋਰੀਂ ਅਤੇ ਦਲਖਾਲਸੀਏ ਕੁੱਲ ਸੱਤ ਅੱਠ !!

ਉਂਜ ਵੀ ਐਡੇ ਵੱਡੇ ਆਦਮੀ ਲਈ 'ਮੁੱਠੀ ਭਰ' ਦਲ-ਖਾਲਸੀਆਂ ਗ੍ਰਿਫਤਾਰ ਕਰਨਾ ਨਮੋਸ਼ੀ ਵਾਲੀ ਗੱਲ ਨਹੀਂ ਹੋਵੇਗੀ...?

## ਹਰੀ ਦਾ ਦੁਆਰ—ਹਰੀ ਦਾ ਮੰਦਰ

ਤੇ ਖਾਲਿਸਤਾਨੀਆਂ ਦੀ ਮੰਗ ਕੀ ਸੀ...? ਜੇ ਵਿਸ਼ਾਲ ਹਿਰਦੇ ਨਾਲ ਘੋਖਿਆ ਜਾਏ ਖਾਲਿਸਤਾਨੀਆਂ ਦੀ ਮੰਗ ਵੀ ਬਹੁਤ ਨਿਗੂਣੀ ਜਿਹੀ ਸੀ ਅਤੇ ਦਰੁਸਤ ਵੀ। ਜਦੋਂ ਹਰੀ-ਦੁਆਰ ਵਿਖੇ ਆਂਡੇ-ਮੀਟ ਅੰਡੇ ਵੇਚਣ/ਵਰਤਣ ਤੇ ਸਦੀਆਂ ਤੋਂ ਪਬੰਦੀ ਲਗੀ ਆ ਰਹੀ ਹੈ ਤੇ ਫਿਰ 'ਹਰੀ ਦੇ ਮੰਦਰ' ਦੇ ਨਜ਼ਦੀਕ ਸਿਗਰਟ ਬੀੜੀ-ਪਾਨ-ਤੰਮਾਕੂ ਵਗੈਰਾ ਵੇਚਣ/ਵਰਤਣ ਤੇ ਮਨਾਹੀ ਉਪਰ ਕਿਸੇ ਨੂੰ ਵੀ ਕੋਈ ਇਤਰਾਜ਼ ਨਹੀਂ ਹੈ ਹੋਣਾ ਚਾਹੀਦਾ। ਰਹੀ ਗਲ ਜਿਨਾਂ ਪੰਦਰਾਂ-ਵੀਹਾਂ ਪਾਨਵਈਆਂ ਨੂੰ ਨੁਕਸਾਨ ਪੁੱਜਣ ਦੀ ਹੈ—ਉਹ ਪੰਜਾਬ ਸਰਕਾਰ ਜਾਂ ਪੰਜਾਬੀਆਂ ਲਈ ਪੂਰਾ ਕਰਨਾ ਕਿਡੀ ਕੁ ਵਡੀ ਗਲ ਹੋਵੇਗੀ...? ਦੁਕਾਨਾਂ ਵੀ ਕੋਈ ਬਹੁਤੀਆਂ ਪੁਰਾਣੀਆਂ ਅਤੇ ਥੋਕ-ਬਜਾਜੀ ਦੀਆਂ ਨਹੀਂ ਭਈ ਲੱਖਾਂ ਦੇ ਬਿਜ਼ਨੇਸ ਤੇ ਸੱਟ ਵਜੂਗੀ—ਯੂ. ਪੀ. ਦੇ ਵੀਰ ਹੀ ਹਨ ਬਹੁਤਿਆਂ ਨੇ ਪਿਛੇ ਜਹੇ ਹੀ ਆਣ ਕੇ ਬੀੜੀ-ਪਾਨ ਦੇ ਖੋਖੇ ਖੋਲ੍ਹੇ ਹੋਏ ਹਨ—ਜੋ ਸੁਸਾਇਟੀ ਨੂੰ ਵੀ ਕੋਈ ਬਹੁਤ ਭਾਰੀ ਮੁਆਵਜ਼ਾ ਨਹੀਂ ਹੈ ਭਰਨਾ ਪੈਣਾ !

## ਦੁਕਾਨਦਾਰ ਦਾ ਰੈਸਪੌਂਸ :—

ਇਥੇ ਇਹ ਗਲ ਵੀ ਬੜੇ ਅਚੰਭੇ ਵਾਲੀ ਹੈ ਕਿ ਦੁਕਾਨਦਾਰ ਤਾਂ ਦੁਕਾਨਾਂ ਸ਼ਿਫਟ ਕਰਨ ਨੂੰ ਮੰਨਦੇ ਸਨ ਪਰ ਸਰਕਾਰ ਨਹੀਂ ਸੀ ਮੰਨਦੀ ਵਰਨਾ ਜਿਹੜੀ ਨਫਰਤ ਦੀ ਅੱਗ ਅਪ੍ਰੈਲ ਵਿਚ ਵਗੀ ਹੈ—ਇਹ ਕਦੇ ਵੀ ਨਾ ਵਗਦੀ। ਇਥੇ ਇਹ ਵੀ ਯਾਦ ਕਰਵਾ ਦਿਤਾ ਜਾਏ ਕਿ ਸਬੰਧਿਤ ਦੁਕਾਨਦਾਰਾਂ ਅਤੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਤੇ ਪੰਜਾਬ ਸਰਕਾਰ ਦੇ ਹੋਰ ਅਫੇਸਰਾਂ

ਵਿਚਕਾਰ, ਅੱਜ ਤੋਂ ਛੇ ਮਹੀਨੇ ਪਹਿਲਾਂ ਹੀ ਇਕ ਸਮਝੌਤਾ ਹੋ ਗਿਆ ਸੀ—ਜਿਸ ਮੁਤਾਬਕ ਉਨ੍ਹਾਂ ਲੋਕਾਂ ਲਈ ਸਰਕਾਰ ਨੇ ਬਦਲਵੀਆਂ ਦੁਕਾਨਾਂ ਦਾ ਪ੍ਰਬੰਧ ਕਰ ਦੇਣਾ ਸੀ ਅਤੇ ਉਨ੍ਹਾਂ ਲੋਕਾਂ ਉਥੋਂ ਸ਼ਿਫਟ ਕਰ ਜਾਣਾ ਸੀ...।

ਪਰ ਬੜੇ ਦੁਖ ਨਾਲ ਇਹ ਗਲ ਦਸਣੀ ਪੈ ਰਹੀ ਹੈ ਕਿ ਸਰਕਾਰ ਨੇ ਉਪਰੋਕਤ ਸਮਝੌਤੇ ਵਲ ਗੰਭੀਰਤਾ ਸਹਿਤ ਧਿਆਨ ਨਾ ਦਿਤਾ ਤੇ ਨਤੀਜੇ ਵਜੋਂ ਦਲ-ਖਾਲਸੀਆਂ ਨੂੰ ਧਮਕੀ ਦੇਣ ਦਾ ਮੌਕਾ ਮਿਲਿਆ ਜਿਸ ਨੂੰ ਉਨ੍ਹਾਂ ਸੱਚ ਵੀ ਕਰ ਦਿਖਾਇਆ...5 ਅਪ੍ਰੈਲ ਪੰਜਾਬੀ ਟਰਬਿਊਨ ਵਿਚ ਛਪੀ ਖਬਰ ਤੋਂ ਵੀ ਇਹੀ ਜ਼ਾਹਰ ਹੁੰਦਾ ਹੈ ਕਿ ਦੁਕਾਨਦਾਰ ਨਹੀਂ ਸਗੋਂ ਸਰਕਾਰ ਦੀ ਨਾ-ਅਹਿਲੀਅਤ ਕਾਰਨ ਅਪ੍ਰੈਲ ਦੀ ਗੜਬੜ ਹੋਈ...।

## ਛਪਦੇ-ਛਪਦੇ

ਪੰਜਾਬ ਸਰਕਾਰ ਦਰਬਾਰ ਸਾਹਿਬ ਦੇ ਚੌਗਿਰਦੇ 'ਚ ਮੀਟ, ਤਮਾਕੂ ਤੇ ਸ਼ਰਾਬ ਦੀ ਵਿਕਰੀ ਬੰਦ ਕਰਨ ਲਈ ਸਹਿਮਤ...

ਸਵਾਲ ਪੈਦਾ ਹੁੰਦਾ ਹੈ ਕਿ ਜਦੋਂ 6 ਮਹੀਨੇ ਪਹਿਲਾਂ ਉਥੋਂ ਦੁਕਾਨਾਂ ਉਠਾ ਲੈਣ ਦਾ ਫੈਸਲਾ ਹੋ ਚੁਕਾ ਸੀ—ਫਿਰ ਮੁੜ ਮੁੜ ਉਹੋ ਫੈਸਲਾ ਕਰੀ ਜਾਣ ਦਾ ਕੀ ਮਤਲਬ...? ਸਪਸ਼ਟ ਹੈ ਕਿ ਸਰਕਾਰ ਨੇ ਜਾਣ ਬੁਝ ਕੇ ਲਮਕਾਉਣ ਦੀ ਕੋਸ਼ਿਸ਼ ਕੀਤੀ ਹੈ ??

ਪਰ ਅਗਰ ਲੋਕਾਂ ਨੂੰ ਆਪਸ ਵਿਚਲੇ ਮਤਭੇਦ, ਨਿਮਰਤਾ ਪੂਰਵਕ, ਆਪਸੀ ਮਿਲਵਰਤਣ ਨਾਲ ਹੀ ਨਜਿਠਣ ਦੀ ਇਜਾਜ਼ਤ ਦੇ ਦਿਤੀ ਜਾਵੇ ਤਾਂ ਫਿਰ ਦਰਬਾਰਾ ਸਿੰਘ ਵਰਗੇ 'ਬਬਰਸ਼ੇਰਾਂ' ਨੂੰ ਹਵਾਈ ਫਾਇਰ ਕਰਨ ਦਾ ਕਿਵੇਂ ਮੌਕਾ ਮਿਲੇਗਾ..."ਮੈਂ ਪੰਜਾਬ ਦੀ ਖ਼ਾਤਰ ਜਾਨ ਦੀ ਬਾਜ਼ੀ ਤੀਕ ਲਗਾ ਦੇਵਾਂਗਾ...ਹਿੰਦੂ ਸਿੱਖਾਂ ਨੂੰ ਲੜਨ ਦੀ ਇਜਾਜ਼ਤ ਨਹੀਂ ਦਿਤੀ ਜਾਏਗੀ"—ਪੰਜਾਬੀ ਟਰਬਿਊਨ ਮੁਤਾਬਕ)

...ਨਾ ਜਿਥੇ ਛੱਤੀ ਸੌ ਹੋਰ, ਹਰ ਰੋਜ਼ ਐਕਸੀ-ਡੈਂਟਾਂ, ਆਤਮਘਾਤਾਂ, ਭੁੱਖਮਰੀ, ਡਾਕੇ-ਕਤਲਾਂ, ਬੀਮਾਰੀ, ਆਰਥਕ ਤੰਗੀਆਂ ਵਗੈਰਾ ਕਾਰਨ ਬਿਨ ਆਈ ਮੌਤ ਮਰਦਾ ਹੈ—ਉਥੇ ਇਕ ਦਰਬਾਰਾ ਸਿੰਘ ਹੋਰੀਂ (ਆਪਣੀ ਮਰਜ਼ੀ ਨਾਲ ਤੁਰ ਜਾਣਗੇ ਤਾਂ ਕਿਹੜੀ ਸਕਾਈਲੈਬ ਆਣ ਡਿਗੂਗੀ...? ਉਸ ਦਿਨ 'ਮਿਸਟਰ ਦਰਬਾਰਾ ਸਿੰਘ, ਤੁਸੀ ਸੁੱਤੇ ਪਏ ਸੀ ਜਿਸ ਦਿਨ ਇਹ ਦਲ ਖਾਲਸ਼ੀਏ ਚਿੰਣਗਾਂ ਲਾਉਂਦੇ ਫਿਰਦੇ ਸੀ...ਜਾਂ ਉਸ ਦਿਨ ਮਿਸਟਰ ਦਰਬਾਰਾ ਸਿੰਘ, ਤੁਸੀਂ ਕੁੰਭਕਰਨ ਨਾਲ ਮਿਲਣੀ ਕਰਨ ਗਏ ਹੋਏ ਸੀ—ਜਿਨੀ ਦਿਨੀ ਲਾਲਾ 'ਜਗਤ ਨਰਾਇਣ' ਜੀ ਤੇ ਕੁਝ ਹੋਰ ਮਹਾਸ਼ਾ/ਖਾਲਸਾ ਹਮਦਰਦ, ਫਿਰਕੂ ਜ਼ਹਿਰ ਦਾ ਬੀਜ ਬੋ ਰਹੇ ਸਨ... ਤੇ ਮਿਸਟਰ ਦਰਬਾਰਾ ਸਿੰਘ ਉਰਫ ਸ਼ੇਰ-ਏ-ਪੰਜਾਬ, ਉਸ ਦਿਨ ਵੀ ਤੁਸੀਂ ਅਤੇ ਤੁਹਾਡੀ ਸੱਤ ਸੌ ਅਫਸਰਾਂ ਵਾਲੀ ਪੁਲੀਸ ਵੀ ਉਂਘਲਾ ਰਹੀ ਸੀ ਜਿਸ ਦਿਨ ਸੰਤ ਭਿੰਡਰਾਂ ਵਾਲੇ ਹਰਿਆਣੇ ਦੇ ਬਾਡਰ ਤੋਂ 300 ਕਿਲੋ-ਮੀਟਰ ਦਾ ਫਾਸਲਾ ਤੈਹ ਕਰਕੇ, ਮਹਿਤਾ ਚੌਂਕ ਪੁੱਜ ਗਏ ਸਨ—ਪੂਰੇ ਬਤਾਲੀ ਠਾਣੇ, ਉਨ੍ਹਾਂ ਦੇ ਰਸਤੇ ਵਿਚ ਪਾਰ ਕੀਤੇ—ਤੁਸੀਂ ਉਸ ਸਮੇਂ ਉਨ੍ਹਾਂ ਨੂੰ ਕਿਉਂ ਨਾ ਗ੍ਰਿਫਤਾਰ ਕੀਤਾ (ਅਗਰ ਕਰਨਾ ਜ਼ਰੂਰੀ ਹੀ ਸੀ ਤਾਂ...?)—ਉਸ ਵਕਤ ਤਾਂ ਉਨ੍ਹਾਂ ਨਾਲ ਕੁਲ 14-15 ਹੀ ਚੇਲੇ ਸਨ। ਅਸੀਂ ਪੁਛਣਾ ਚਾਹਾਂਗੇ, "ਕੀ ਸੰਤ ਭਿੰਡਰਾਂ ਵਾਲਿਆਂ ਦੇ ਚੇਲਿਆਂ ਪਾਸ ਨਿਊਟਰੋਨ ਬੰਬ ਸਨ ਜੋ ਤੁਹਾਡੀ ਤੀਹ-ਹਜ਼ਾਰੀ ਪੁਲੀਸ ਕੋਲੋਂ ਉਨ੍ਹਾਂ ਦੇ ਪੰਦਰਾਂ ਚੇਲੇ ਸੰਭਾਲੇ ਨਹੀਂ ਸੀ ਜਾ ਸਕਦੇ...?"

...ਤੇ ਫਿਰ ਜਦੋਂ ਸੰਤਾਂ ਦੇ ਆਲੇ ਦੁਆਲੇ ਪੰਜਾਹ ਹਜ਼ਾਰ ਸ਼ਰਧਾਲੂ ਇਕੱਠੇ ਹੋ ਗਏ, ਉਦੋਂ ਤੁਹਾਡੀ ਅਤੇ ਤੁਹਾਡੀ ਅਫਸਰਸ਼ਾਹੀ ਦੇ ਦਿਮਾਗਾਂ ਉਪਰ ਕਿਉਂ ਗੌਡਰਿਜ਼ ਦੇ ਤਾਲੇ ਵਜੇ ਹੋਏ ਸਨ—ਤੁਹਾਨੂੰ ਇਨਾ ਵੀ ਨਾ ਸੁਝਿਆ ਕਿ ਅਗਰ ਹੁਣ ਸੰਤਾਂ ਨੂੰ ਗ੍ਰਿਫ਼ਤਾਰ ਕੀਤਾ ਤਾਂ ਖੂਨ ਖਰਾਬਾ ਹੋ ਸਕਦਾ ਹੈ (ਉਸ ਵਕਤ ਤਾਂ ਉਨ੍ਹਾਂ ਦੇ ਚਾਹੁੰਣ ਤੇ ਵੀ ਤੁਹਾਨੂੰ ਗ੍ਰਿਫਤਾਰੀ ਨਹੀਂ ਸੀ ਕਰਨੀ ਚਾਹੀਦੀ)—ਅਕਸਰ ਉਹ ਭੀੜ-ਭੜੱਕਾ ਕਿੰਨੇ ਕੁ ਦਿਨ ਉਥੇ ਜੁੜਿਆ ਰਹਿਣਾ ਸੀ ? ਆਖਿਰ 2 ਅੱਠ-ਦਸ ਦਿਨਾਂ ਬਾਦ ਸੰਗਤਾਂ ਆਪੇ ਤੁਰ ਜਾਂਦੀਆਂ—ਮੁੜ ਸੰਤਾਂ ਨੂੰ ਜਿਹੜੇ ਮਰਜ਼ੀ ਰੈਸਟ ਹਾਊਸ ਵਿਚ ਜਾ ਕੇ ਪੁੱਛ ਪ੍ਰਤੀਤ ਕਰ ਲੈਂਦੇ...ਤੇ ਨਾਲੇ ਲੱਖ ਲਾਹਨਤ ਤੁਹਾਡੀ ਸੀ. ਆਈ. ਡੀ. ਤੇ—ਜਿਸ ਬਿਨਾ ਵਜਾ ਹੀ ਸੰਤਾਂ ਨੂੰ ਗ੍ਰਿਫਤਾਰ ਕਰਵਾ ਦਿਤਾ—ਕੀ ਪ੍ਰਾਪਤ ਕੀਤਾ ਆਖਿਰ ਤੁਸੀਂ ਉਨ੍ਹਾਂ ਤੋਂ—ਮਹੀਨਾ ਭਰ ਪੁਲੀਸ ਕਸਟੋਡੀ ਵਿਚ ਰਖਣ ਦੇ ਬਾਵਜੂਦ !!

ਹੋਰ ਤੇ ਹੋਰ, ਤੁਸੀਂ ਅਤੇ ਤੁਹਾਡੀ ਸਾਰੀ ਉੱਚ ਅਫਸਰਸ਼ਾਹੀ—ਸਟੇਟ ਮਸ਼ੀਨਰੀ (ਡੂਢ ਸੌ ਆਈ. ਏ. ਐਸ ਅਫਸਰ, ਤਿੰਨ ਸੌ ਉੱਚ ਪੁਲੀਸ ਅਫਸਰ), ਸੰਤ ਭਿੰਡਰਾਂ ਵਾਲਿਆਂ ਦੇ ਇਸ਼ਾਰਿਆਂ ਅੱਗੇ ਨੱਚ ਕਿਉਂ ਰਹੀ ਸੀ ?

ਅਤੇ ਅਗਰ ਉਨ੍ਹਾਂ ਦੇ ਹੁੱਕਮ ਹੀ ਪੰਜਾਬ ਵਿਚ ਚਲਨੇ ਹਨ ਤਾਂ ਫਿਰ ਤੁਸੀਂ ਚੰਡੀਗੜ੍ਹ ਦੇ ਸੈਕਟਰੀਏਟ ਵਿਚ ਬੈਠੇ ਕੀ ਪਏ ਕਰ ਰਹੇ ਹੋ ?

ਹੋਰ ਤੇ ਹੋਰ, ਤੁਹਾਡਾ ਤੇ ਤੁਹਾਡੀ ਅਫਸਰਸ਼ਾਹੀ ਦਾ ਤਾਂ ਇਸ ਹੱਦ ਤੀਕ ਦਿਵਾਲਾ ਨਿਕਲ ਚੁੱਕਾ ਹੈ ਕਿ ਜਦ ਪੰਜਾਬ ਵਿਚ ਲੋਕੀਂ ਆਪਸ ਵਿਚ ਲੜਨ-ਮਰਨ ਲਈ ਤਿਆਰ ਹੋ ਰਹੇ ਹਨ, ਤੁਹਾਡੇ ਸੀਨਅਰਮੋਸਟ ਸੈਕਟਰੀ ਸਹਿਬਾਨ, ਜਲੰਧਰ ਵਿਖੇ, ਘੋੜਿਆਂ ਦੀਆਂ

ਫੁੱਲੋ, ਵੇਖ 2 ਅੰਦਾਜ਼ਾ ਲਗਾ ਰਹੇ ਸਨ ਕਿ ਕਿਹੜਾ ਘੋੜਾ ਸ਼ਾਨਦਾਰ ਦੌੜੇਗਾ...!! ਅਤੇ ਉਹ ਜਿਹੇ ਘਸੇ ਪਿਟੇ, ਬੁੱਢੇ ਖੋਸੜ ਗਵਰਨਰ, ਅੰਡਰ ਮੈਟ੍ਰਿਕ—ਮਾਈ ਇੰਦਰਾ ਗਾਂਧੀ ਜੀ ਨੂੰ ਲਭ ਪੈਂਦੇ ਹਨ—ਪਿਛਲੇ ਸਮੇਂ ਵਿਚ ਜਿੰਨੇ ਵੀ ਗਵਰਨਰ ਪੰਜਾਬ ਤੋਂ ਰਿਟਾਇਰ ਹੋਏ ਹਨ, ਬੱਸ ਛੇ ਮਹੀਨੇ ਕੋਈ ਵਿਰਲਾ ਹੀ ਕੱਢ ਸਕਿਆ ਹੈ—ਪਿਛਲੇ ਸਮੇਂ ਦੁਰਾਨ ਪੰਜਾਬ ਦੇ ਤਿੰਨ ਸਾਬਕਾ ਗਵਰਨਰ, ਉਪਰ-ਥਲੇ, ਯਮਦੂਤਾਂ ਨਾਲ...ਅਤੇ ਜੋ ਗਵਰਨਰ, ਆਖਰੀ ਛੁੱਟੀ (Leave before death) ਕੱਟਣ ਹੀ ਪੰਜਾਬ ਵਿਚ ਆਉਂਦੇ ਹਨ—ਜਿਨ੍ਹਾਂ ਵਿਚੋਂ ਟਾਂਵਾਂ 2 ਹੀ ਪੰਜਾਬੀ ਭਾਸ਼ਾ-ਸਭਿਆਚਾਰ ਨੂੰ ਸਮਝਦਾ ਹੁੰਦਾ ਹੈ—ਉਨ੍ਹਾਂ ਬੁੱਢੇ-ਖੋਸੜ ਗਵਰਨਰਾਂ ਤੋਂ ਕੀ ਉਮੀਦ ਰਖ ਸਕਦੇ ਹਾਂ ਕਿ ਉਹ ਪੰਜਾਬ ਦੇ ਮਸਲੇ ਬੜੀ ਗਰਮਜੋਸ਼ੀ ਨਾਲ ਹਲ ਕਰ ਲੈਣਗੇ ? ਜਿਹੜੇ ਸਾਬਕਾ ਕਿੰਗ (ਰਾਜਾ), ਅਮੀਮੋਦੀਨ ਜੀ ਪਿਛੇ ਜਿਹੇ ਹੀ ਰਿਟਾਇਰ ਹੋਏ ਹਨ, ਦੋ ਕੁ ਮਹੀਨੇ ਪਹਿਲਾਂ ਸਾਡੇ ਕਾਲਜ ਆਏ। ਵੇਖਿਆਂ ਇੰਜ ਜਾਪੇ ਜਿਵੇਂ ਗਵਰਨਰ ਹਾਊਸ ਵਿਚੋਂ ਨਾ ਆਏ ਹੋਣ ਸਗੋਂ ਹੋਰ ਕਿਤਿਉਂ... ਗੱਲ ਕਰਨ ਲਗਣ ਤਾਂ ਦਸ ਮਿੰਟ ਖਉਂ-ਖਉਂ-ਖਉਂ ਕਰਨੋ ਹੀ ਨਾ ਹਟਣ ਜਿਵੇਂ ਕੁੱਤਾ-ਖੰਘ ਲਗੀ ਹੋਵੇ... ਪਹਿਲਾਂ ਜਦੋਂ ਇਹ ਹਿਮਾਚਲ ਦੇ ਗਵਰਨਰ ਸਨ ਤਾਂ ਇਨ੍ਹਾਂ ਦੇ ਸਰਕਾਰੀ ਮਹੱਲ ਨੂੰ ਅੱਗ ਲਗ ਗਈ—ਉਸ ਵਿਚ ਹੋਰ ਵੀ ਲੱਖਾਂ ਦਾ ਨੁਕਸਾਨ ਹੋਇਆ ਮਗਰ ਇਕ ਸੋਨੇ ਦੇ ਚਮਚੇ ਦਾ ਇਨ੍ਹਾਂ ਨੂੰ ਬਹੁਤ ਸਦਮਾ ਪੁੱਜਾ —ਹੀਰੇ ਜੜੀ ਡੰਡੀ ਵਾਲਾ ਪੂਰੇ 50,000 ਦਾ ਚਮਚਾ ਸੀ ਇਨ੍ਹਾਂ ਦਾ—ਇਹ ਸ੍ਰੀ ਮਾਨ ਜੀ ਵੀ ਉਸ ਹਫਤੇ ਪਟਿਆਲੇ ਦੇ ਉਸ ਸਕੂਲ ਦੇ ਫੰਕਸ਼ਨ ਵਿਚ ਫੈਂਸੀ ਡਾਨਸ ਵੇਖ ਰਹੇ ਸਨ—ਜਿਥੇ ਹਿੰਦੁਸਤਾਨ ਭਰ ਦੇ ਰਾਈਸਾਂ ਦੇ ਬੱਚੇ ਪੜ੍ਹਦੇ ਹਨ ... ਪਟਿਆਲੇ ਦਾ ਯਾਦਵਿੰਦਰਾ ਪਬਲਿਕ ਸਕੂਲ, ਹਿੰਦੁਸਤਾਨ ਭਰ ਦੇ ਅਮੀਰੀ ਬੱਚਿਆਂ ਦੇ ਸਕੂਲਾਂ ਵਿਚ ਚੌਥੇ ਨੰਬਰ ਤੇ ਆਉਂਦਾ ਹੈ ਤੇ ਇਸੇ ਸਕੂਲ ਵਿਚ ਉਹ ਉਦੋਂ ਮਸਰੂਫ ਸਨ ਜਦੋਂ ਵਿਰਕਾਪ੍ਰਸਤੀ ਦਾ ਜਨੂੰਨ ਸਾਰੇ ਪੰਜਾਬ ਵਿਚ ਸੁਲਘ ਰਿਹਾ ਸੀ—ਇਹ ਫੈਂਸੀ-ਡਾਂਸ ਵੇਖ ਰਹੇ ਸਨ—ਠੀਕ ਉਸ ਵਕਤ ਜਦੋਂ ਦਲ-ਅਖਾਲਸੀਆਂ ਨੇ, ਸ਼ਰੇ-ਆਮ, ਸ਼ਰੇ ਬਾਜ਼ਾਰ ਲਲਕਾਰ ਕੇ ਕਿਹਾ ਸੀ, "ਓ ਦਰਬਾਰੀ ਸਿੰਹਾਂ ! ਤਕੜਾ ਹੋ ਜਾ !! ਅਸੀਂ ਵਸਾਖੀ ਤੇ ਗਾਈਆਂ ਵਢਣੀਆਂ ਈ ... ਲਾ ਲਈਂ ਟਿੱਲ ਜਿਹੜਾ ਤੈਥੋਂ ਲਗਦਾ ਹੈ" ਪਰ ਤੁਸੀਂ ਮਿਸਟਰ ਚੀਫ ਮਨਿਸਟਰ, ਉਸ ਵਕਤ ਤਾਂ ਇੰਦਰਾ ਗਾਂਧੀ ਹੋਰਾਂ ਨੂੰ ਜਹਾਜ਼ ਵਿਚ ਬੈਠਦੇ ਵਕਤ, ਟਾ ਟਾ ਕਰਨ ਗਏ ਹੋਵੋਗੇ ਨਾ ? ਉਹ ਅਤੇ ਉਸ ਦਾ ਲਾਡਲਾ ਭਾਵੇਂ ਤੁਹਾਨੂੰ ਟਿਚ ਨਾ ਸਮਝਣ ਪਰ ਤੁਸੀਂ ਅਤੇ ਗਿਆਨੀ ਹੋਰਾਂ ਜਿਹੜੀ ਉਨ੍ਹਾਂ ਦੀ ਝੋਲੀ ਚੁਕਣ ਦੇ ਪਰਮਾਨੈਂਟ ਟੈਂਡਰ ਭਰੇ ਹਨ—ਸਾਰੇ ਪੰਜਾਬੀਆਂ ਅਤੇ ਖਾਸ ਕਰਕੇ ਸਿੱਖ ਵੀਰਾਂ ਦਾ ਸਿਰ, ਸਾਰੇ ਹਿੰਦੁਸਤਾਨੀਆਂ ਦੀਆਂ ਨਜ਼ਰਾਂ ਵਿਚ ਨੀਵਾਂ ਕਰਵਾਈ ਜਾ ਰਹੇ ਹੋ ..।

...ਯਾਦ ਰਖੋ, ਇਥੇ ਔਰੰਗਜ਼ੇਬ ਵਰਗੇ ਨਹੀਂ ਰਹੇ ਤੇ ਇਹ ਧਰਿੰਦਰ ਬ੍ਰਹਮਚਾਰੀ ਵਰਗੇ ਕਿਸ ਬਾਗ ਦੀ ਮੂਲੀ ਹਨ ? ਕਿੰਨਾ ਚੰਗਾ ਹੋਵੇ ਕਿ ਤੁਸੀਂ ਦੋਵੇਂ ਪੰਜਾਬੀਆਂ ਦੇ ਹੀ ਬਣ ਕੇ ਰਹੋ। ਦਿੱਲੀ ਉਨ੍ਹਾਂ ਨੂੰ ਕੱਖ ਨਹੀਂ ਸਿਆਣਦੀ—ਜਿਹੜੇ ਆਪਣੀ ਪੱਗ, ਹਰ ਵਕਤ ਹੱਥ ਵਿਚ ਲਾਹ ਕੇ ਫੜੀ ਰਖਦੇ ਹਨ...ਅਸੀਂ ਪੁੱਛਣਾ ਚਾਹਾਂਗੇ ਕਿ :

## ਉਹ ਜ਼ੁੰਮੇਵਾਰ ਅਫਸਰ ਸਨ ਕਿ ਪੱਥਰ ਦੇ ਬੁੱਤ ?

ਇਥੇ ਪਾਠਕਾਂ ਨੂੰ ਇਹ ਵੀ ਯਾਦ ਕਰਵਾ ਦਿਤਾ ਜਾਏ ਕਿ ਦਲ ਖਾਲਸੀਆਂ ਦੇ ਪੰਚ ਨੇ ਗਾਈਆਂ ਦੇ ਸਿਰ ਕੱਟ ਕੇ ਸੁਟਣ ਤੋਂ ਮਗਰੋਂ, ਪ੍ਰੈਸ ਕਾਨਫਰੰਸ ਕੀਤੀ ਸੀ ! ਮਨਮੋਹਨ ਸਿੰਘ ਚੰਗੀ ਤਰ੍ਹਾਂ ਨਹਾ ਧੋ ਕੇ, ਸਾਫ-ਸੁਥਰੀ ਪ੍ਰੈਸ ਕੀਤੀ ਨੇਵੀ-ਬਿੱਲੂ ਪੈਂਟ ਕਮੀਜ਼ ਪਾ ਕੇ ਉਹ ਪ੍ਰੈਸ ਵਾਲਿਆਂ ਨਾਲ ਗਲਬਾਤ ਕਰਨ ਲਈ ਆਇਆ ਸੀ। ਪਹਿਲਾਂ ਉਸ ਕਬੁੱਚੜ ਨੇ ਟੈਲੀਫੂਨ ਰਾਹੀਂ ਸਭ ਪੱਤਰਕਾਰਾਂ ਨੂੰ ਦਰਬਾਰ ਸਾਹਿਬ ਦੇ ਸਾਹਮਣੇ ਪੁਜਣ ਵਾਸਤੇ ਕਿਹਾ ਸੀ ! ਠੀਕ ਵਕਤ ਤੇ ਉਹ ਖੁਦ ਉਥੇ ਪੁੱਜਾ ! ਬਗੈਰ ਕਿਸੇ ਸ਼ਰਮ-ਹਯਾ ਦੇ ਉਸ ਨੇ ਇਸ ਕੁਕਰਮ ਨੂੰ ਬੜੇ ਛਖਰ ਨਾਲ ਮੰਨਿਆ (Owned).. ਤੇ ਠੀਕ ਉਸ ਤੋਂ ਦਸ ਗਜ਼ ਦੀ ਦੂਰੀ ਉੱਪਰ ਪੰਜ ਅਫੀਸਰ ··· ਪੰਜੇ ਦੇ ਪੰਜੇ ਪੁਲੀਸ ਅਫਸਰ ...ਪੰਜੇ ਦੇ ਪੰਜੇ ਪੰਜਾਬ ਸਰਕਾਰ ਦੇ ਅਫਸਰ... ਪੰਜੇ ਦੇ ਪੰਜੇ ਹਿੰਦ ਸਰਕਾਰ ਦੇ ਅਫਸਰ ਦਰਜਾ 'ਅਬਲ'...ਪੰਜੇ ਦੇ ਪੰਜੇ ਆਈ. ਪੀ. ਐਸ. ... ਪੰਜਾਂ ਦੇ ਪੰਜਾਂ ਨੇ ਮੋਢੇ ਉਤੇ 'ਸ਼ੇਰ' ਸਜਾਏ ਹੋਏ ਸਨ···ਪੰਜ ਦੇ ਪੰਜ ਜਾਣਦੇ ਸਨ ਕਿ ਉਹੋ ਹੀ 'ਸੂਰਮਾ ਸਿੰਘ' ਹਨ... ਪੰਜ ਦੇ ਪੰਜ ਹਰ ਪ੍ਰਕਾਰ ਦੀ ਗੋਲੀ-ਸਿੱਕੇ ਨਾਲ ਲੈਸ... ਪੰਜ ਦੇ ਪੰਜ ਕਾਨੂੰਨ ਦੇ ਮਾਹਿਰਾਂ—ਡਾਕੂ/ਕਾਤਲਾਂ/ਚੋਰ ਉਚੱਕਿਆਂ/ਬਲੈਕੀਆਂ/ਸਮਗਲਰਾਂ/ਅੱਛੇ-ਬੁਰੇ ਸਿਆਸਤ-ਦਾਨਾਂ ਨੂੰ ਦੂਰ ਤੋਂ ਹੀ ਤਾੜ ਲੈਣੇ...ਬਿਜਲੀ ਦੇ ਤੇਜ਼ੀ ਵਾਂਗ ਟਾਰਗੇਟ ਤੇ ਝਪਟਣ ਵਾਲੇ—ਬਰਕ-ਏ-ਅੰਦਾਜ਼—ਪਰ ਪੰਜੇ ਦੇ ਪੰਜੇ...?...ਮਿੱਟੀ ਦੇ ਮਾਧੋ... ਪੰਜੇ ਦੇ ਪੰਜੇ ਪੱਥਰ ਦੇ ਬੁੱਤ ... ਪੰਜੇ ਦੇ ਪੰਜੇ ਮਹਾਤਮਾ ਗਾਂਧੀ ਦੇ ਗੁਰੂਆਂ (ਬਾਂਦਰਾਂ) ਵਾਂਗੂੰ ਅੱਖਾਂ, ਕੰਨਾਂ ਅਤੇ ਮੂੰਹ ਤੇ ਹੱਥ ਧਰੀ, ਪੱਥਰ ਦੇ ਬੁੱਤਾਂ ਵਾਂਗੂੰ ਅਡੋਲ ਖੜ੍ਹੇ ਰਹੇ···ਕਿਸੇ ਮਾਈ ਦੇ ਲਾਲ ਵਿਚ···ਕਿਸੇ ਵੀ ਪੰਜਾਬ

ਦੇ ਗਭਰੂ ਵਿਚ...ਕਿਸੇ ਵੀ ਸਿੰਘ ਸੂਰਮੇ ਵਿਚ...ਕਿਸੇ ਵੀ ਰਾਜਪੂਤ/ਚੌਹਾਨ ਵਿਚ ਐਨੀ ਹਿੰਮਤ ਨਾ ਹੋਈ ਕਿ 'ਦੋ ਥੱਪੜ' ਹੀ ਜੜ੍ਹ ਦੇਵੇ—ਐਹੋ ਜਿਹੇ ਇਨਸਾਨੀਅਤ ਦੇ ਦੁਸ਼ਮਣ ਦੇ—ਤੇ ਉਹ ਦਿਮਾਗਹੀਨ ਖਾਲਿਸਤਾਨੀ ··· ਸ਼ਰੇਆਮ ··· ਸ਼ਰੇ ਬਜ਼ਾਰ ... ਪੰਜਾਬ ਸਰਕਾਰ ਤੇ ਉਸ ਦੀ ਤਮਾਮ ਪੁਲਸਸ਼ਾਹੀ ਨੂੰ...ਹਿੰਦ ਸਰਕਾਰ ਤੇ ਉਸਦੀ ਸਮੁੱਚੀ ਅਫਸਰ-ਸ਼ਾਹੀ ਨੂੰ, ਲੱਤ ਥਾਣੀਂ ਲੰਘਾ ਕੇ ਮਟਕ-ਮਟਕ—ਮਟਕ-ਮਟਕ ਤੁਰਦਾ ਦਰਬਾਰ ਸਾਹਿਬ ਦੀ ਹਦੂਦ ਅੰਦਰ ਦਾਖਲ ਹੋ ਕੇ ਪਤਾ ਨਹੀਂ ਕਿਥੇ...

ਲਾਹਨਤ ਹੈ ਉਨ੍ਹਾਂ ਪਤਰਕਾਰਾਂ ਤੇ ਵੀ ਜਿਨ੍ਹਾਂ ਵਿਚੋਂ ਇਕ ਵੀ ਉਸ ਦੇ ਮੂੰਹ ਤੇ ਥੁੱਕ ਨਾ ਸਕਿਆ—ਉਨ੍ਹਾਂ ਨੂੰ ਤਾਂ ਸੁਰਖੀ ਵਾਲੀਆਂ ਖਬਰਾਂ ਭੇਜਣ ਦੀ ਜਲਦੀ ਹੋਣੀ ਹੈ ਨਾ···? ਉਹ ਪਤਰਕਾਰ ਪਹਿਲਾਂ ਸਨ ਅਤੇ ਉਹ ਅਫਸਰ ਪਹਿਲਾਂ ਤੇ ਇਨਸਾਨ ਬਾਦ ਵਿਚ—ਜਿਨ੍ਹਾਂ ਉਸ ਸ਼ੈਤਾਨ ਦੀ ਰੂਹ ਨੂੰ ਜਿਸ ਸਮੁੱਚੀ ਕੌਮ ਦੀਆਂ ਭਾਵਨਾਵਾਂ ਨਾਲ ਖੇਡਣ ਦੀ ਕੋਸ਼ਿਸ਼ ਕੀਤੀ ਹੋਵੇ···ਰੋਕਣ ਦੀ ਵੀ ਕੋਸ਼ਿਸ਼ ਨਾ ਕੀਤੀ ! ਮੇਰਾ ਖਿਆਲ ਹੈ, ਪਰੈਸ ਕਾਰਸ-ਪੌਂਡੈਂਟ ਉਸ ਉੱਲੂ ਦੇ ਚਰਖੇ ਦਾ ਧੰਨਵਾਦ ਕਰਨਾ ਤਾਂ ਨਹੀਂ ਹਨ ਭੁਲੇ ਹੋਣੇ...

## ਨਤੀਜਾ .

ਪਿਆਰੇ ਪਾਠਕ ਵੀਰੋ, ਹੁਣ ਤੀਕ ਫਿਰ ਕਿਸ ਨਤੀਜੇ ਤੇ ਪੁੱਜੇ ਹੋ···? ਇਸੇ ਤੇ ਹੀ ਨਾ ਕਿ ਗਿਆਨੀ ਜ਼ੈਲ ਸਿੰਘ—ਸ. ਦਰਬਾਰਾ ਸਿੰਘ ਹੋਰਾਂ ਦੇ ਮੱਤਭੇਦਾਂ ਵਿਚੋਂ ਦਲ-ਖਾਲਸੇ ਦਾ ਜਨਮ ਹੋਇਆ ਹੈ ?

ਉਂਜ ਅਗਰ ਤੁਸੀਂ ਇਸੇ ਨਤੀਜੇ ਤੇ ਹੀ ਪੁੱਜੇ ਹੋ ਤਾਂ ਫਿਰ ਟਪਲਾ ਖਾ ਗਏ ਹੋ ! ਥੋੜਾ ਜਿਹਾ ਹੀ ਨਹੀਂ—ਬਹੁਤ ਵੱਡਾ !!

## ਅਸਲੀ ਮੁਜਰਿਮ ਕੌਣ ਹੈ...?

ਭਾਵੇਂ ਇਨ੍ਹਾਂ ਦੇ ਮੱਤ-ਭੇਦਾਂ ਦਾ ਵੀ ਇਕ ਕਾਰਣ ਹੈ ਪਰ ਸਾਥੀਓ, ਅਸਲੀ ਮੁਜਰਿਮ ਇਨ੍ਹਾਂ ਦੋਨਾਂ ਵਿਚੋਂ ਹੀ ਕੋਈ ਨਹੀਂ...ਭੁਲੱਕੜ ਅਤੇ ਆਪ ਹੁਦਰੇ ਦਲ ਖਾਲਸੀਏ ਵੀ ਨਹੀਂ...ਅਸਲੀ ਮੁਜਰਿਮ ਤਾਂ ਕੋਈ ਹੋਰ ਹੀ ਹੈ...ਬੁੱਝ ਲਉ !

ਸੋਚੀਂ ਪੈ ਗਏ ? ਲਉ ਮੈਂ ਦਸਦਾ ਹਾਂ...ਉਹੋ ਮਾਈ ਜੋ ਜੋ ਅਕਸਰ 68 ਕਰੋੜ ਹਿੰਦੁਸਤਾਨੀਆਂ ਨੂੰ ਟਿੱਚਰਾਂ ਕਰਦੀ ਰਹਿੰਦੀ ਹੈ...

ਭਾਂਡੇ ਕਲੀ ਕਰਾਉ···ਗੈਸੀ ਭੁਕਾਨੇ ਫੁਲਾਓ... ਢੱਠੇ ਖੂਹ ਵਿਚ ਜਾਓ···

ਸਮਝੇ ਕਿ ਨਹੀਂ ? ਬਈ ਉਹੋ ਹੀ ਜਿਹੜੀ ਕਦੇ ਕਦੇ ਬਾਂਗ ਦਿਆ ਕਰਦੀ ਹੈ···ਗਰੀਬੀ ਹਟਾਓ... ਹਟਾਓ...ਹਟਾਓ···ਗਰੀਬੀ ਹਟਾਓ—ਰੰਜੀਵ ਨੂੰ ਗੱਦੀ ਤੇ ਬੈਠਾਓ !!!

ਸਾਥੀਓ ! ਦਰਬਾਰਾ ਸਿੰਘ ਤੇ ਜ਼ੈਲ ਸਿੰਘ ਉਸਦੇ ਸਾਹਮਣੇ ਮੱਖੀ-ਮੱਛਰ ਸਮਾਨ ਹਨ (ਅਤੇ ਇਨ੍ਹਾਂ ਖੁਦ ਪਿਛੇ ਜਹੇ ਖੁਦ ਮੰਨਿਆ ਸੀ ਕਿ ਸਾਡੀ ਆਪਣੀ ਤਾਂ ਕੋਈ ਹਸੀਅਤ ਹੀ ਨਹੀਂ···) ਉਸ ਸ਼ਕਤੀ ਨੇ ਜਦੋਂ ਚਾਹਿਆ (ਜਾਂ ਜਦੋਂ ਉਸਨੂੰ ਸੂਟ ਕੀਤਾ) ਇਨ੍ਹਾਂ ਦੋਨਾਂ ਨੂੰ, ਮੱਖਣ ਵਿਚੋਂ ਵਾਲ ਵਾਂਗੂੰ ਬਾਹਰ ਕਢ ਕੇ ਸੁੱਟ ਦੇਵੇਗੀ...ਇਹੋ ਤਾਂ ਉਸ ਮਾਈ ਦੀ ਕਾਮਯਾਬੀ ਦਾ ਰਾਜ਼ ਹੈ-ਬਦਨਾਮੀ ਦੂਸਰਿਆਂ ਦੀ ਕਰਵਾਈ ਜਾਊ ਅਤੇ ਆਪ ਹੀਰੋ ਬਣਦੀ ਜਾਊ ... ਪਹਿਲਾਂ ਆਪ ਹੀ ਭਠਿਆਰਾਂ ਕੋਲੋਂ ਮਰਦੀ ਤੇ ਤੇਲ ਪਵਾਈ ਜਾਊ ਅਤੇ ਫਿਰ ਆਪ ਫਿਰ ਆਪ ਹੀ ਦੇਵੀ ਵਾਂਗੂੰ ਪ੍ਰਗਟ ਹੁੰਦੀ ਹੈ···ਜਿਵੇਂ ਜਦੋਂ ਇਹ ਗੱਦੀ ਤੋਂ ਲਥੇ ਹੋਏ ਸਨ, ਉਨੀ ਦਿਨੀ ਯੂ. ਪੀ. ਦੇ ਇਕ ਅਤੀ ਪਛੜੇ ਪਿੰਡ ਵਿਚ, ਜਗੀਰਦਾਰਾਂ, ਚਾਰ ਪੰਜ ਹਰੀਜਨ ਵੀਰਾਂ ਨੂੰ ਕਤਲ ਕਰ ਦਿਤੇ···ਇੰਦਰਾ ਜੀ ਕਦੇ ਗੱਡੀ ਰਾਹੀਂ,ਕਦੇ ਹਵਾਈ ਜਹਾਜ਼ ਰਾਹੀਂ,ਕਦੇ ਬੈਲ ਗੱਡੀ ਤੇ ਬੈਠ, ਅੰਤ ਹਾਥੀ ਉਤੇ ਚੜ੍ਹਕੇ...ਉਸ ਪਿੰਡ ਤੀਕ ਗਏ ਹਰੀਜਨ ਪ੍ਰੀਵਾਰਾਂ ਨਾਲ ਹਮਦਰਦੀ ਦੇ 'ਦੋ ਸ਼ਬਦ' ਸਾਂਝੇ ਕੀਤੇ...ਅਖਬਾਰਾਂ ਵਾਲਿਆਂ ਨੇ ਵੱਡੀਆਂ 2 ਫੋਟੋ ਛਾਪੀਆਂ ਹਰੀਜਨਾਂ ਤੇ ਹੋਏ ਜ਼ੁਲਮ ਬਾਬਤ ਨਹੀਂ, ਜਗੀਰਦਾਰਾਂ ਦੇ ਜਾਲ੍ਹੀ ਹਥਿਆਰਾਂ ਦੀਆਂ ਵੀ ਨਹੀਂ···ਪਛੜੇ ਪਿੰਡ ਦੇ ਗੁਲਾਮ ਲੋਕਾ ਦੀਆਂ ਵੀ ਨਹੀਂ । ਸਗੋਂ 'ਹਾਥੀ' ਦੀਆਂ ਫੋਟੋ ਛਾਪੀਆਂ...ਇੰਦਰਾ ਗਾਂਧੀ ਦੀਆਂ ਫੋਟੋ ਛਾਪੀਆਂ ਪਰ ਅਜ ਉਨ੍ਹਾਂ ਦੇ ਆਪਣੇ ਰਾਜ ਵਿਚ ਉਨੇ ਹੀ ਕਤਲ/ਡਾਕੇ/ਬਲਾਤਕਾਰ/ਹਰ ਰੋਜ਼ ਹੋ ਰਹੇ ਹਨ ਪਰ ਹੁਣ ਉਹ ਕਦੇ ਘੋੜੇ ਤੇ ਚੜਕੇ ਵੀ ਕਿਸੇ ਦੇ ਹਮਦਰਦੀ ਕਰਨ ਨਹੀਂ ਗਏ...

ਹਾਂ ! ਪੰਜਾਬ ਵਿਚ ਉਹ ਜਰੂਰ ਆਏਗੀ ਪਰ ਅਗਰ ਉਸਨੂੰ ਆਪਣੀ ਪ੍ਰਸਨੈਲਿਟੀ ਚਮਕਾਉਣ ਦੀ ਲੋੜ ਹੋਈ ਤਾਂ ! ਉਹ ਜਾਏਗੀ ··· ਹਵਾਲਦਾਰ ਹਰਭਜਨ ਸਿੰਘ ਦੇ ਘਰ—ਜਿਹੜਾ ਆਪਣੇ ਪਿੱਛੇ ਇਕ ਮਸੂਮ ਅਤੇ ਇਕ ਭਰ ਜਵਾਨ ਨੂੰ ਵਿਧਵਾ ਕਰਕੇ... ਕਿਉਂਕੇ ਉਸ ਫਸਾਦੀਆਂ ਨੂੰ ਸ਼ਾਂਤ ਰਖਣ ਦੀ ਕੋਸ਼ਿਸ਼ ਕੀਤੀ ਸੀ—ਪਟਿਆਲੇ ਦੇ ਅਨਾਰਦਾਨਾ ਚੌਂਕ ਵਿਖੇ (ਵੈਸੇ ਕੌਣ ਹੈ ਹਰਭਜਨ ਦੇ ਕਤਲ ਦਾ ਜ਼ੁੰਮੇਵਾਰ...? ਉਹ ਪਾਗਲ ਫਸਾਦੀ ਜਾਂ ਦੇਸ਼ ਦੀ ਪ੍ਰਧਾਨ ਮੰਤਰੀ ਖੁਦ ਆਪ...??)

ਹਾਂ ਤੇ ਉਹ ਹਰਭਜਨ ਦੀ ਬੇਸਹਾਰਾ ਨੂੰ ਸਿਲਾਈ ਮਸ਼ੀਨ ਭੇਟਾ ਕਰਨ ਮਗਰੋਂ ਉਹ ਉਨ੍ਹਾਂ ਹਿੰਦੂਆਂ ਦੇ ਘਰ ਵੀ ਜਾਊਗੀ ਜਿਨ੍ਹਾਂ ਨੂੰ ਦਰਬਾਰ ਸਾਹਿਬ ਦੇ ਨਜ਼ਦੀਕੀ ਏਰੀਏ ਵਿਚੋਂ ਆਪਣੇ ਬੀੜੀ-

ਪਾਨ ਦੇ ਖੋਖੇ ਚੁਕਣੇ ਪਏ ਹਨ...ਹਰੀਮੰਦਰ ਸਾਹਿਬ ਵਿਖੇ ਤਾਂ ਖੈਰ ਜ਼ਰੂਰ ਜਾਏਗੀ ਹੀ—ਫਿਰਕੂ ਅਮਨ ਲਈ ਵਾਹਿਗੁਰੂ ਕੋਲ ਅਰਦਾਸ ਕਰਨ ਵਾਸਤੇ...ਦੋ ਚਾਰ ਸਿੱਖ ਵੀਰਾਂ ਨੂੰ ਵੀ ਮਿਲੇਗੀ ਜ਼ਿਨ੍ਹਾਂ ਦੀਆਂ ਸਾੜ-ਫੂਕ ਦੀਆਂ ਘਟਨਾਵਾਂ ਵਿਚ ਦੁਕਾਨਾਂ/ਰੇੜੀਆਂ ਜਲ ਗਈਆਂ ਸਨ...ਤੇ ਸ਼ਾਇਦ 'ਉਸ' ਦੇ ਵੀ ਜਾਵੇ ਜਿਸ ਰਾਤੋ ਰਾਤ ਦੁਕਾਨਾਂ ਵਿਚੋਂ ਰੇਸ਼ਮੀ ਥਾਨ ਕੱਢ ਕੇ ਲੱਠੇ-ਖਾਸੇ ਨੂੰ ਸਵੇਰੇ ਸਵੇਰ ਖੁਦ ਅੱਗ ਲਾ ਲਈ ਸੀ...ਬੀਮਾ ਵੀ ਤਾਂ ਆਖਰ ਕਾਹਦੇ ਵਾਸਤੇ ਕਰਾਈਦਾ ਹੈ...??

...ਅਤੇ ਮਾਈ ਇੰਦਰਾ ਹੋਰੀਂ ਸੰਤ ਭਿੰਡਰਾਂ ਵਾਲੇ ਦੇ ਡੇਰੇ ਵੀ ਪੁੱਜ ਜਾਣਗੇ (ਜਿਥੇ ਆਪਣੇ ਹੀ ਏਜੰਟ ਦੁਆਰਾ ਅੱਗ ਲਾਊ ਤਕਰੀਰ ਮਗਰੋਂ) ਖੂਨ ਖਰਾਬੇ ਵਿਚ ਮਾਰੇ ਗਏ ਪੰਜਾਬੀਆਂ ਦਾ ਅਫਸੋਸ ਵੀ ਕਰੇਗੀ ਤੇ ਉਸੇ ਹੀ ਸ਼ਾਮ ਦੇਸ਼ ਮਾਤਾ, "ਰਾਜ ਮਾਤਾ" ਨੂੰ ਵੀ ਯਕੀਨ ਦਵਾ ਦਵੇਗੀ ਕਿ ਨਿਰੰਕਾਰੀ ਬਾਬੇ ਦਾ ਕਾਤਲ ਬੱਸ ਫੜੇ ਹੀ ਸਮਝੋ...ਤੇ ਬਸ ਫਿਰ ਕੀ ਹੋਵੇਗਾ, ਬਿਰਜੂ ਬਾਣੀਏ ਤੋਂ ਲੈ ਕੇ ਬੁਧੀਜੀਵੀ ਪ੍ਰੋਫੈਸਰ ਭਾਟੀਏ ਤੀਕ... ...ਲੱਲੂ ਪਾਨਵਾਈ ਤੋਂ ਲੈ ਕੇ ਮਲੇਰੀਏ ਦੇ ਮਾਰੇ ਗਿਆਨੀ ਗੁਰਮੁੱਖ ਸਿੰਘ ਤੀਕ...ਪਤ੍ਰਕਾਰ ਕਰਿਸ਼ਣ ਲਾਲ ਪ੍ਰਵਾਨਾ ਤੋਂ ਲੈ ਕੇ ਗਰੰਥੀ ਸੋਹਣ ਸਿੰਘ ਦੀਵਾਨਾ ਤੀਕ, ਸਭੋ, ਬਾਗ 2 ਹੋ ਜਾਣਗੇ ਤੇ ਬੀਬੀ ਦੇ ਸੋਹਲੇ ਹੀ ਮਹੀਨਾ ਭਰ ਗਾਉਂਦੇ ਰਹਿਣਗੇ...

## ਇੰਦਰਾ ਗਾਂਧੀ ਮੁੱਖ ਦੋਸ਼ੀ

ਹਰ ਦੇਸ਼ ਵਿਚ, ਜੋ ਕੁਝ ਵੀ ਚੰਗਾ ਜਾਂ ਮਾੜਾ ਵਾਪਰਦਾ ਹੈ, ਉਸਦੀ ਮੁਕੰਮਲ ਜ਼ਿੰਮੇਵਾਰੀ, ਦੇਸ਼ ਦੇ ਸਭ ਤੋਂ ਵੱਡੇ ਅਹੁਦੇਦਾਰ—ਪ੍ਰਧਾਨ ਮੰਤਰੀ ਸਿਰ ਹੁੰਦੀ ਹੈ। ਸਾਡੇ ਪ੍ਰਧਾਨ ਮੰਤਰੀ ਜੀ ਕੋਲ ਵੀ ਅਥਾਹ ਸ਼ਕਤੀ, ਬੇਅੰਤ ਮਾਇਆ ਅਤੇ ਅਤੀ ਮਾਡਰਨ ਸੂਚਨਾ ਯੰਤਰ ਹਨ। ਸੀ. ਆਈ. ਡੀ. ਉਪਰ ਜੋ ਸੀ. ਆਈ. ਡੀ. ਹੁੰਦੀ ਹੈ ਅਤੇ ਉਸਦੇ ਉਪਰ ਵੀ ਜੋ ਹੋਰ ਸੀ. ਆਈ. ਡੀ. ਹੁੰਦੀ ਹੈ...ਉਨ੍ਹਾਂ ਸਭ ਤੋਂ ਉਪਰ ਵੀ ਇਕ ਖਾਸ (Extra Ordinary) ਸੀ. ਆਈ. ਡੀ. ਹੁੰਦੀ ਹੈ! ਇਸ ਨੂੰ ਰਾਅ (R.A.W.) ਕਿਹਾ ਜਾਂਦਾ ਹੈ—ਇਸਦਾ ਸਿਧਾ ਕੰਟਰੋਲ ਇਕੋ ਹੀ ਹਸਤੀ ਕੋਲ ਹੁੰਦਾ ਹੈ ਅਤੇ ਉਹ ਹਨ ਸ੍ਰੀਮਤੀ ਇੰਦਰਾ ਗਾਂਧੀ ਜੀ ਖੁਦ ਆਪ !!!

ਇਸ ਏਜੰਸੀ ਕੋਲ ਕਰੋੜਾਂ ਰੁਪਏ ਧਨ ਹੁੰਦਾ ਹੈ ਜਿਸਦਾ ਕਦੇ ਵੀ ਕਿਸੇ ਨੂੰ ਵੀ ਹਿਸਾਬ-ਕਿਤਾਬ ਪੁੱਛਣ ਦਾ ਹੱਕ ਨਹੀਂ ਹੁੰਦਾ। ਉਂਜ ਇਸਦਾ ਲਿਖਤੀ ਹਿਸਾਬ-ਕਿਤਾਬ ਰਖਿਆ ਵੀ ਬਹੁਤ ਹੀ ਘੱਟ ਜਾਂਦਾ ਹੈ !! ਦੇਸ਼ ਦੇ ਤਮਾਮ ਸੂਬਿਆਂ/ਵੱਡੇ 2 ਸ਼ਹਿਰਾਂ ਵਿਚ...ਜਿਲ੍ਹਿਆਂ/ਤਸੀਲਾਂ ਵਿਚ...ਮੰਦਰ/ਗੁਰਦੁਆਰਿਆਂ ਵਿਚ...ਪੁਲੀਸ, ਸੀ. ਆਈ. ਡੀ., ਸੀ. ਬੀ. ਆਈ. ਅਤੇ ਫੌਜ ਵਿਚ ਵੀ ਇਸਦੇ ਕਰਿੰਦੇ ਘੁਸੇ ਹੋਏ ਹੁੰਦੇ ਹਨ। ਇਹੋ ਹੀ ਏਜੰਸੀ ਮੁੱਖ ਮੰਤਰੀਆਂ ਤੋਂ ਲੈ ਕੇ, ਕੇਂਦਰੀ ਕੈਬਨਿਟ ਮੰਤਰੀਆਂ ਤੀਕ...ਗਵਰਨਰਾਂ ਤੋਂ ਲੈ ਕੇ ਪ੍ਰੈਜੀਡੈਂਟ ਤੀਕ, ਆਪੋਜ਼ੀਸ਼ਨ ਦੇ ਲੀਡਰਾਂ... ਦੇਸ਼ ਦੇ ਸਿਰਕੱਢ ਪਤਰਕਾਰਾਂ/ਪ੍ਰੋਫੈਸਰਾਂ/ਡਾਕਟਰਾਂ/ਐਨਜ਼ੀਨਅਰਾਂ ਤੀਕ...ਵੱਡੇ 2 ਟਰੇਡ ਯੂਨੀਅਨਿਸਟਾਂ ਤੋਂ ਲੈ ਕੇ ਬਿਰਲੇ/ਟਾਟੇ ਤੀਕ...ਕੌਮਾਂਤਰੀ ਸਮੱਗਲਰਾਂ ਤੋਂ ਲੈ ਕੇ...ਮਜ਼ਬੀ ਫਸਾਦੀਆਂ ਤੀਕ, ਇਸ ਦੇ ਕਰਿੰਦੇ ਖਬਰ ਰਖਦੇ ਹਨ...ਸਮਝੇ !!!

ਹੁਣ ਤੁਸੀਂ ਖੁਦ ਹੀ ਫੈਸਲਾ ਕਰੋ ਕਿ ਜਦੋਂ ਦਲ-ਖਾਲਸੀਆਂ ਨੇ ਪੂਰੇ ਪੰਝੀ ਦਿਨ ਦਾ ਐਡਵਾਂਸ ਨੋਟਿਸ ਦਿਤਾ ਸੀ—ਪੂਰੇ 500 ਘੰਟੇ ਦੀ ਐਡਵਾਂਸ ਵਾਰਨਿੰਗ ਦਿਤੀ ਸੀ—ਪੂਰੇ ਤੀਹ ਹਜ਼ਾਰ ਮਿੰਟ ਪਹਿਲਾਂ ਲਲਕਾਰਿਆ ਸੀ...ਵੀਹ ਲੱਖ ਸਕਿੰਟ ਪਹਿਲਾ ਸ਼ਰੇਆਮ ਚੈਲੰਜ ਕੀਤਾ ਸੀ...ਤੇ ਫਿਰ ਕਿਉਂ ਨਾ ਸੀ. ਆਈ. ਡੀ. ਮੌਕਾ ਸੰਭਾਲ ਸਕੀ...ਫਿਰ ਕਿਉਂ ਨਾ ਸੀ. ਬੀ. ਆਈ. ਇਨਫ਼ਾਰਮ ਕਰ ਸਕੀ...ਕੀ ਚੁਸਤ ਚਲਾਕ ਪ੍ਰਧਾਨ ਮੰਤਰੀ ਜੀ ਅਤੇ ਉਨ੍ਹਾਂ ਦੀ ਤਮਾਮ "ਰਾਅ" ਅੰਨੀ ਤੇ ਬੋਲੀ ਹੋਈ ਬੈਠੀ ਰਹੀ ਜਦੋਂ ਮਹੀਨਾ ਭਰ ਪਹਿਲਾਂ, ਸ਼ਰੇਆਮ ਸਲਤਨਤ-ਏ-ਹਿੰਦੁਸਤਾਨ ਚੈਲਿੰਜ ਕੀਤਾ ਸੀ ਕਿ ਲਾ ਲਉ ਜਿਹੜਾ ਜ਼ੋਰ ਲਾ ਸਕਦੇ ਹੋ... ਫਿਰ ਨਾ ਕਿਹੋ ਕਿ ਦਸਿਆ ਨਹੀਂ...ਅਗਰ ਤੁਸੀਂ ਖੋਖੇ ਨਾ ਚੁਕਾਏ ਤਾਂ ਗਊਆਂ ਦੇ ਸਿਰ ਵੱਢ ਕੇ ਸ਼ਰੇ-ਬਾਜ਼ਾਰ ਸੁਟਾਂਗੇ...ਉਸ ਵਕਤ ਕਿਉਂ ਨਾ ਇੰਦਰਾ ਜੀ ਹਰਕਤ ਵਿਚ ਆਏ—ਉਹ ਇੰਦਰਾ ਜੀ ਜੋ ਆਈ ਤੇ ਆ ਜਾਣ ਤਾਂ ਪੰਜਾਂ ਪੰਜਾਂ ਸੂਬਿਆਂ ਦੀਆਂ ਚੁਣੀਆਂ ਹੋਈਆਂ ਸਰਕਾਰਾਂ, ਪੰਜਾਂ ਸੈਕਿੰਡਾਂ ਵਿਚ ਤੋੜ ਸਕਦੀ ਹੈ—It takes only five seconds over wireless DISMISS BENGAL, KERLA, J & K TRIPURA & TAMILNADU GORMINTS...ਪਰ ਇੰਦਰਾ ਗਾਂਧੀ ਜੀ ਤਾਂ ਲੰਡਨ ਵਿਖੇ ਨੈਹਰੂ-ਨੁਮਾਇਸ਼ ਦਾ ਉਦਘਾਟਨ ਕਰਨ ਵਿਚ ਮਸਰੂਫ ਸਨ ਜਦੋਂ ਕਿ ਸ਼ਿਵ-ਮੰਦਰਾਂ ਅਗੇ ਗਊਆਂ ਦੇ ਸਿਰ ਸੁੱਟੇ ਜਾ ਰਹੇ...

ਨੋਟ—ਪਾਠਕ ਯਾਦ ਰਖਣ ਕਿ ਅੱਜ ਸਾਇੰਸ ਇਸ ਹਦ ਤੀਕ ਤਰੱਕੀ ਕਰ ਚੁਕੀ ਹੈ ਕਿ ਠੀਕ ਇਸ ਵਕਤ ਤੁਸੀਂ ਕੀ ਪੜ੍ਹ ਰਹੇ ਹੋ—ਅਮਰੀਕਾ ਵਿਚ ਕੰਮਪਿਊਟਰਾਂ ਜ਼ਰੀਏ ਆਟੋਮੈਟੀਕੱਲੀ ਰਿਕਾਰਡ ਹੋਈ ਜਾ ਰਿਹਾ ਹੈ (Being Codified on Micro Films)...ਅਤੇ ਅਗਰ ਤੁਸੀਂ ਸਾਮਰਾਜੀਆਂ ਦੀਆਂ ਨਜ਼ਰਾਂ ਵਿਚ ਲੋੜੀਂਦੇ ਅਨਸਰ ਹੋ ਤਾਂ ਤੁਹਾਡਾ ਰਿਕਾਰਡ ਜਮ੍ਹਾਂ ਹੋ ਜਾਵੇਗਾ ਵਰਨਾ ਆਪਣੇ ਆਪ

ਬੁਝਦਾ ਜਾਏਗਾ...ਸਾਡੀ 'ਰਾਅ' ਪਾਸ ਵੀ ਕਾਫ਼ੀ ਸੂਖਸ਼ਮ ਯੰਤਰ ਹਨ !!!

ਨੋਟ—2, ਅਗਰ ਚਾਹੁੰਦੇ ਤਾਂ ਪ੍ਰਧਾਨ ਮੰਤਰੀ ਜੀ ਦੋ ਸੈਕਿੰਡਾਂ ਵਿਚ ਹਦਾਇਤਾਂ ਜਾਰੀ ਕਰ ਸਕਦੇ ਸਨ : ARREST DAL KHALSIE ਜਾਂ CRUSH DAL KHALSIES ਜਾਂ BAN DAL KHALSA...

ਅਤੇ ਉਨ੍ਹਾਂ ਨੇ ਬੈਨ ਲਗਾਇਆ ਤੇ ਜ਼ਰੂਰ ਮਗਰ ਬਹੁਤ ਲੇਟ ਅਤੇ ਇਸ ਦੇਰੀ ਕਾਰਨ੍ਹ ਜੋ ਖੂਨ-ਖਰਾਬਾ ਹੋਇਆ ਹੈ—ਉਸ ਦਾ ਜ਼ਿੰਮੇਂਵਾਰ ਕੌਣ... ।

## ਕੁਝ ਅਮਰੀਕਾ ਦਾ ਰੋਲ ਬਾਰੇ...

ਮੇਰੀ ਸਮਝ ਮੁਤਾਬਕ, ਅਮਰੀਕਾ ਵੀ ਵਧੀਆ ਰੋਲ ਅਦਾ ਨਹੀਂ ਕਰ ਰਿਹਾਂ... ।

ਜ਼ਰਾ ਦਸੋ ਖਾਂ ਭਲਾ, ਅਚਾਰੀਆ ਰਜਨੀਸ਼ ਵਰਗੇ ਚਰਿਤਰ ਹੀਨ (ਹੁਣ ਉਸਨੇ ਉਸੇ ਨਾਲ ਹੀ ਸ਼ਾਦੀ ਕਰ ਲਈ ਹੈ ਜਿਸਨੂੰ ਪਹਿਲਾਂ ਮਾਂ ਕਹਿੰਦਾ ਸੀ) ਜੋ ਆਪਣੇ ਆਪ ਨੂੰ ਰੱਬ ਦਸਦੇ ਹੁੰਦੇ ਸਨ ਅਜਕਲ ਕਿਥੇ ਜਾ ਛੁਪੇ ਹਨ...?

ਬਾਈ ਦੇ ਵੇ, ਸ੍ਰੀਮਾਨ ਸੀ ਟ੍ਰੰਡੀਲਾਟ ਜੀ ਅਜ ਕਲ ਕਿਥੇ ਰਹਿ ਰਹੇ ਹਨ ਅਤੇ ਜਿਹੜੇ ਖਾਲਿਸਤਾਨ ਦੀ ਮੋਹਰ ਵਾਲੇ, ਬੰਡਲਾਂ ਦੇ ਬੰਡਲ ਨੋਟ ਜੋ ਉਹ ਛਾਪ ਛਾਪ ਪੰਜਾਬ ਵਿਚ ਭੇਜ ਰਹੇ ਹਨ—ਉਹ ਕਿਸ ਦੇਸ਼ ਵਿਚੋਂ ਛਪਕੇ ਆ ਰਹੇ ਹਨ...?

ਹੋਰ ਮੰਨੇ ਪ੍ਰਮੰਨੇ ਸਮੱਗਲਰ, ਗ਼ਦਾਰ, ਚੋਰ-ਉਚੱਕੇ ਅਤੇ ਹੋਰ ਹਰ ਪ੍ਰਕਾਰ ਦੇ ਉੱਲੂ ਦੇ ਪੱਠੇ ਦੌੜ ਕੇ ਕਿਹੜੇ ਦੇਸ਼ਾਂ ਵਿਚ ਜਾ ਕੇ ਸ਼ਰਨ ਲੈਂਦੇ ਹਨ ?

ਗਾਂਜਾ, ਚਰਸ, ਹਸ਼ੀਸ਼, ਕੈਪਸੂਲ, ਗੰਦੀਆਂ ਫਿਲਮਾਂ (Blue Films) ਕਾਮੁਕ ਸਾਹਿਤ—ਇਹ ਸਭ ਕਿਸ ਮੁਲਕ ਵਿਚੋਂ ਮਣਾਂ ਮੂੰਹੀ ਸਾਡੇ ਦੇਸ਼ ਵਿਚ ਆ ਰਹੇ ਹਨ...

ਅਮਰੀਕਾ, ਇੰਗਲੈਂਡ, ਵੈਸਟ ਜਰਮਨੀ ਵਿਚੋਂ ਹੀ ਨਾ...? ਬਿਲਕੁਲ ਠੀਕ ! ਅਸਲ ਵਿਚ ਦੁਨੀਆਂ ਭਰ ਦੇ ਪਛੜੇ ਦੇਸ਼ਾਂ ਦਾ ਬੇੜਾ ਗਰਕ ਕਰਨ ਖਾਤਰ, ਪਨੀਰੀ, ਇਹਨਾਂ ਤਿੰਨਾਂ-ਚੌਹੁੰ ਸਰਮਾਏਦਾਰ ਦੇਸ਼ਾਂ ਵਿਚ ਹੀ ਬੀਜੀ ਜਾਂਦੀ ਹੈ...

ਅਤੇ ਮੁੜ ਇਹ ਸਾਮਰਾਜੀਏ, ਇਹੋ ਪਨੀਰੀ, ਆਪਣੇ 'ਏਜੰਟਾਂ' ਰਾਹੀਂ ਦੁਨੀਆਂ ਭਰ ਦੇ ਪਛੜਿਆਂ ਦੇਸ਼ਾਂ ਵਿਚ ਬੀਜ ਦਿੰਦੇ ਹਨ...ਇਹੋ ਏਜੰਟ, ਟ੍ਰੰਡੀਲਾਟ ਵਰਗੇ 'ਗਦਾਰਾਂ ਤੋਂ ਲੈ ਕੇ, ਯੂਨੀਵਰਸਿਟੀਆਂ ਦੇ ਪ੍ਰੋਫੈਸਰਾਂ ਤੀਕ ਸਮੱਗਲਰਾਂ ਤੋਂ ਲੈ ਕੇ ਹਿੱਪੀਆਂ ਤੀਕ... ਸਰਮਾਏਦਾਰਾਂ ਤੋਂ ਲੈ ਕੇ ਟਰੇਡ-ਯੂਨੀਅਨ ਦੇ ਲੀਡਰਾਂ ਤੀਕ...ਫੌਜ ਦੇ ਜਰਨੈਲਾਂ ਤੋਂ ਲੈ ਕੇ—ਦੇਸ਼ ਦੇ ਪ੍ਰਧਾਨ ਮੰਤਰੀਆਂ ਤੀਕ, ਕੋਈ ਵੀ ਹੋ ਸਕਦੇ ਹਨ !!!

ਪਿਛੇ ਜਿਹੇ ਜਾਪਾਨ ਦੇ ਸਾਬਕਾ ਪ੍ਰਧਾਨ ਮੰਤਰੀ ਟਨਾਕਾ ਨੂੰ ਕੈਦ ਹੋਈ ਸੀ ਕਿਉਂਕਿ ਉਸਨੇ ਲਾਕਹੀਡ ਹਵਾਈ ਜਹਾਜ਼ਾਂ ਦੀ ਅਮਰੀਕਣ ਕੰਪਨੀ ਕੋਲੋਂ ਕਰੋੜਾਂ ਡਾਲਰ ਰਿਸ਼ਵਤ ਲੈ ਕੇ, ਕੰਪਨੀ ਦੇ ਟੈਂਡਰ ਪਾਸ ਕਰ ਦਿਤੇ ਸਨ...

ਪਿਛੇ ਜਿਹੇ ਹੀ ਆਪਣੇ ਪ੍ਰਧਾਨ ਮੰਤਰੀ ਜੀ ਉਪਰ ਵੀ ਮਹਿਰੂਮ ਸ਼ਾਹ ਆਫ ਇਰਾਨ ਕੋਲੋਂ 60,0000000 ਰੁਪਏ (ਸੱਠ ਕਰੋੜ) ਪ੍ਰਾਪਤ ਕਰਨ ਦਾ ਇਲਜ਼ਾਮ ਲਗਿਆ ਸੀ । (1980 ਦੀਆਂ ਚੋਣਾਂ ਤੋਂ ਪਹਿਲਾਂ)... ਇਹ ਸ਼ਾਹ ਆਫ ਇਰਾਨ ਕਿਹੜੇ ਦੇਸ਼ ਦਾ ਪਿੱਠੂ ਸੀ ਭਲਾ ?

ਤਮਾਮ ਸਰਮਾਏਦਾਰੀ ਦੇਸ਼ਾਂ ਦਾ ਹੈਂਡਲ, ਅਮਰੀਕਾ ਦੇ ਹੱਥ ਵਿਚ ਹੈ । ਆਪਣੇ ਅਰਬਾਂ/ਖਰਬਾਂ ਦੇ ਹਥਿਆਰ ਵੇਚਣ ਵਾਸਤੇ, ਉਹ ਤੀਜੀ ਦੁਨੀਆਂ ਦੇ ਦੇਸ਼ਾਂ ਨੂੰ ਆਪਸ ਵਿਚ ਲੜਾਉਣ ਵਿਚ ਰੁਝਿਆ ਰਹਿੰਦਾ ਹੈ । ਇਸ ਕੰਮ ਲਈ ਵੀ ਉਹ ਅਰਬਾਂ ਡਾਲਰ ਰੁਪਏ ਹਰ ਸਾਲ ਆਪਣੀ ਸੀ. ਆਈ. ਡੀ. ਰਾਹੀਂ (C.I.A.) ਖਰਚ ਕਰਦਾ ਹੈ। ਲਗਪਗ 70 ਭਾਖੜਾ ਡੈਮਾਂ ਦੀ ਕੀਮਤ (70,000 ਕਰੋੜ) ਦੇ ਬਰਾਬਰ ਦਾ ਜੰਗੀ ਸਮਾਨ ਹਰ ਸਾਲ ਅਮਰੀਕਾ ਤੀਸਰੀ ਦੁਨੀਆਂ ਨੂੰ ਵੇਚਦਾ ਹੈ !!! ਆਪਣੇ ਹੀ ਵਿਛਾਏ ਜੰਜਾਲਾਂ ਵਿਚ ਬੁਰੀ ਤਰ੍ਹਾਂ ਘਿਰਿਆ ਪਿਆਂ ਹੈ । ਰੂਸ ਵਗੈਰਾਂ ਤੋਂ ਐਨਾ ਕੁ ਡਰਦਾ ਵੀ ਹੈ ਕਿ ਹਰ ਵਕਤ, ਰੀਗਨ ਦੇ ਏ. ਡੀ. ਦੇ ਹੱਥ ਵਿਚ ਇਕ ਕਾਲਾ ਬਰੀਫ ਕੇਸ (Black Box) ਹੁੰਦਾ ਹੈ ਅਮ੍ਰੀਕਣ ਪ੍ਰੈਜੀਡੈਂਟ ਦਾ ਅਗਰ ਕਿਤੇ ਗਲਤੀ ਨਾਲ ਵੀ ਉਸ ਬੌਕਸ ਨੂੰ ਦਬਾ ਦੇਵੇ ਤਾਂ ਦਸਾਂ ਸੈਕਿੰਡਾਂ ਵਿਚ ਪ੍ਰਮਾਣੂ ਮੀਜ਼ਾਈਲਾਂ ਰਾਹੀਂ ਮਾਸਕੋ ਨੂੰ ਉਡਾ ਸਕਦਾ ਹੈ [ਬਿਸ਼ੱਕ ਰੂਸ ਕੋਲ ਵੀ ਅਜਿਹੀਆਂ ਸ਼ਕਤੀਸ਼ਾਲੀ ਮੀਜ਼ਾਈਲਾਂ ਹਨ]...

ਮੌਤ ਦੇ ਵਪਾਰੀ ਅਮ੍ਰੀਕਾ ਦੀ ਸਾਰੀ ਅਰਥ-ਵਿਵਸਥਾ ਦੋ ਸਾਲਾਂ ਵਿਚ ਹੀ ਤਬਾਹ ਹੋ ਜਾਵੇ ਅਗਰ ਉਸਦੇ ਹਥਿਆਰ ਨਾ ਵਿਕਣ । ਸੋ ਐਡੀ ਭਾਰੀ ਮਾਤਰਾ ਵਿਚ ਹਥਿਆਰ ਲਗਾਤਾਰ ਵੇਚਦੇ ਰਹਿਣ ਦਾ ਮਤਲਬ ਹੈ ਕਿ ਲੜਾਈਆਂ ਲਗੀਆਂ ਰਹਿਣ । ਜੇ ਦੋ ਗੁਆਂਢੀ ਆਪਸ ਵਿਚ ਨਾਂ ਵੀ ਲੜਨ ਤਾਂ ਲੜਾ ਦਿਤਾ ਜਾਏ !! ਤੋੜ-ਫੋੜ ਦੀਆਂ ਕਾਰਵਾਈਆਂ ਅਕਸਰ ਕਰਵਾਈਆਂ ਜਾਂਦੀਆਂ ਹਨ । ਪਛੜੇ ਦੇਸ਼ਾਂ ਵਿਚ ਕਿਉਮਨਲ ਰਾਇਟਸ ਕਰਾਉਣ ਵਿਚ ਵੀ ਇਹ ਕਾਫੀ ਐਕਸਪਰਟ ਹੈ । ਕਈ ਵੇਰਾਂ ਐਵੇਂ ਹੀ ਇਨਟਰ ਨੈਸ਼ਨਲ ਰੇਡੀਉ ਰਾਹੀਂ ਜਿਵੇਂ B. B. C. ਅਫਵਾਹ ਉਡਾ ਦੇਣਗੇ ਕਿ ਐਹਮਦਾਬਾਦ ਦੇ ਕਿਸੇ ਪਿੰਡ ਵਿਚ ਹਿੰਦੂਆਂ ਨੇ, ਮੁਸਲਮਾਨਾਂ ਦੀ ਸਾਰੀ

ਬਾਰਾਤ ਜ਼ਿੰਦਾ ਜਲਾ ਦਿੱਤੀ ! ਹੋਰ ਤੇ ਹੋਰ ਕਈ ਵੇਰਾਂ ਅਣਜਾਣੇ ਵਿਚ ਵੀ ਆਲ ਇੰਡੀਆ ਰੇਡੀਉ, ਬੀ.ਬੀ.ਸੀ. ਵਾਇਸ ਆਫ ਅਮੈਰਿਕਾ ਆਦਿ ਦੀਆਂ ਖਬਰਾਂ ਬਗੈਰ ਪੁਸ਼ਟੀ ਕੀਤਿਆਂ ਹੀ ਦੇ ਦਿੰਦਾ ਹੈ—ਤੇ ਨਤੀਜੇ ਵਜੋਂ ਬੇ ਵਜ੍ਹਾ ਹੀ ਆਪਣੇ ਲੋਕੀਂ ਜੁੱਤੀਉ-ਜੁੱਤੀ ਹੋ ਜਾਂਦੇ ਹਨ—ਉਸ ਦਿਨ, ਉਸ ਸਮੇਂ ਭਾਵੇਂ ਉਸ ਪਿੰਡ ਵਿਚ ਕੋਈ ਘੋੜੀ ਵੀ ਨਾ ਚੜ੍ਹਿਆ ਹੋਵੇ...। ਪਿਛੇ ਜਿਹੇ ਤਾ ਇਕ ਈਮਾਨਦਾਰ ਅਮ੍ਰੀਕਣ ਨੇ ਸੀ. ਆਈ. ਏ. ਦੀ ਕਾਰਵਾਈਆਂ ਤੋਂ ਕਾਫੀ ਪਰਦਾ ਲਾਹਿਆ ਸੀ। ਅਜ-ਕਲ ਸੀ. ਆਈ. ਏ. ਦੀਆਂ ਹਰਕਤਾਂ, ਚੰਡੀਗੜ੍ਹ ਵਿਖੇ ਨੋਟ ਕੀਤੀਆਂ ਗਈਆਂ ਹਨ ..ਹੋਰ ਤੇ ਹੋਰ, ਪਿਛੇ ਜਿਹੇ ਉਸੇ ਅਮ੍ਰੀਕਣ ਜੈਂਟਲਮੈਨ ਨੇ ਚੰਡੀਗੜ੍ਹ ਦੇ ਇਕ ਮੰਨੇ ਪ੍ਰਮੰਨੇ ਐਡੀਟਰ ਦਾ ਨਾਉਂ ਤੀਕ ਦਸ ਦਿਤਾ ਸੀ ਜਿਹੜਾ ਸੀ. ਆਈ. ਏ. ਦੇ ਪੇਰੋਲਜ਼ (ਤਨਖਾਹ) ਉਪਰ ਸੀ !!! ਉਹ ਅਮਰੀਕਣ, ਖੁਦ ਸੀ. ਆਈ. ਏ. ਦੇ ਉੱਚੇ ਅਹੁਦੇ ਤੋਂ ਰੀਟਾਇਰ ਹੋਇਆ ਸੀ। ਉਂਜ ਵੀ ਸ਼ਾਇਦ ਇਕ ਅਮਰੀਕਣ ਕਨੂੰਨ ਮੁਤਾਬਕ, ਭੇਦ ਤੋਂ ਭੇਦ ਵਾਲੀ ਗਲ ਵੀ ਦਸ ਸਾਲਾਂ ਬਾਦ ਦਸੀ ਜਾ ਸਕਦੀ ਹੈ। ਇਸਦਾ ਇਕ ਕਾਰਨ ਇਹ ਵੀ ਹੋ ਸਕਦਾ ਹੈ ਕਿ ਅਮ੍ਰੀਕਣ ਪ੍ਰੈਜ਼ੀਡੈਂਟ ਵਧ ਤੋਂ ਵਧ 8 ਸਾਲਾਂ ਲਈ ਆਪਣੇ ਅਹੁਦੇ ਤੇ ਕਾਇਮ ਰਹਿ ਸਕਦਾ ਹੈ। ਸਾਡੇ ਹਿੰਦੁਸਤਾਨ ਵਿਚ ਇਕੱਲਾ ਨੈਹਰੂ ਖਾਨਦਾਨ ਹੀ 32 ਸਾਲਾਂ ਤੋਂ ਹੀ ਚਲਿਆ ਆ ਰਿਹਾ ਹੈ...ਸੱਚ ਪੁਛੋ ਤਾਂ ਇਨ੍ਹਾਂ ਨੂੰ ਪੂਰਾ ਸੌ ਸਾਲ ਹੀ ਰਾਜ ਕਰਦਿਆਂ ਹੋ ਗਏ ਹਨ—ਸਨ 1882 ਵਿਚ ਵੀ ਮੋਤੀ ਲਾਲ ਹੋਰਾਂ ਦੀ ਬਥੇਰੀ ਚਲਦੀ ਸੀ...।

ਸੋ ਸਾਬਿਉ, ਸਾਮਰਾਜੀਆਂ ਪਛੜੇ ਦੇਸ਼ਾਂ ਨੂੰ ਲੜਾਉਣ ਦੀ ਕੋਸ਼ਿਸ਼ ਕਰਦਿਆਂ ਹੀ ਰਹਿਣਾ ਹੈ। ਅਮਰੀਕਾ ਦਾ ਏਸ਼ੀਆ ਵਿਚ ਸਭ ਤੋਂ ਵੱਡਾ ਅੱਡਾ ਈਰਾਨ ਸੀ ਜੋ ਜਾਂਦਾ ਰਿਹਾ। ਸਾਡੇ ਦਖਣ ਵਲ ਬਿਨ੍ਹਾਂ ਡੀਗੋਰਾਸ਼ੀਆ ਵਿਖੇ ਭਾਰੀ ਸਮੁੰਦਰੀ ਬੇੜਾ ਆਣ ਖੜਾ ਕੀਤਾ ਹੈ—ਉੱਤਰ ਵਲ ਆਪਣੇ ਚੇਲੇ ਪਾਕਿਸਤਾਨ ਨੂੰ ਮਜ਼ਬੂਤ ਕਰ ਰਹੇ ਹਨ (ਲੋਕਾਂ ਨੂੰ ਇਹ ਦਸਦੇ ਹਨ ਕਿ ਪਾਕਿਸਤਾਨ ਨੂੰ ਅਫਗਾਨਿਸਤਾਨ ਤੋਂ ਖਤਰਾ ਹੈ) ਭਲਾ ਉਸ ਨੂੰ ਕੋਈ ਪੁਛੇ ਕਿ ਡੀਗੋਰਾਸ਼ੀਆ ਵਿਖੇ ਵੀ ਪਾਕਿਸਤਾਨ ਨੂੰ ਕੋਈ ਖਤਰਾ ਸੀ . ?) ਤੇ ਜਦੋਂ ਪੰਜਾਬ ਵਿਚ ਦਲ ਖਾਲਸਾ ਵਰਗੀਆਂ ਲਹਿਰਾਂ ਚਲ ਰਹੀਆਂ ਹਨ ਤਾਂ ਅਮਰੀਕਨ ਸਾਮਰਾਜੀਆਂ ਦੀਆਂ ਨਜ਼ਰਾਂ ਸ਼ਿਫਟ ਹੋਣੀਆਂ ਕੁਦਰਤੀ ਗੱਲ ਹੈ ਅਤੇ ਇਹੋ ਹੀ ਕਾਰਣ ਹੈ ਕਿ ਜਗਜੀਤ ਸਿੰਘ ਚੋਹਾਨ ਵਰਗਿਆਂ ਨੂੰ ਤੁਰੰਤ ਅਮਰੀਕਾ ਵਿਚ ਸ਼ਰਨ ਮਿਲ ਜਾਂਦੀ ਹੈ !!! ਇਸ ਤੋਂ ਇਲਾਵਾ ਸੀ. ਆਈ. ਏ. ਆਪਣੇ ਏਜੰਟ ਵਿਦਿਅਤ/ਕਲਚਰਲ / ਸਾਈਂਟਫਿਕ / ਐਨਜੀਨਰਿੰਗ / ਮੈਡੀਸਿਨ ਟੈਕਨੋਲੋਜੀ ਤੋਂ ਇਲਾਵਾ ਫੌਜ, ਬਿਉਰੋਕਰੇਸੀ ਅਤੇ ਟਾਪਲੈਵਲ ਦੀ ਸਿਆਸਤ ਵਿਚ ਬਣਾ ਲੈਂਦੀ ਹੈ ਜੋ ਮੁੜ ਭਾਰਤ ਵਿਚ ਅਮਰੀਕਣ ਸਲੇਬਸ/ਕੋਰਸ ਹੀ ਵਿਦਿਅਕ ਅਦਾਰਿਆਂ ਵਿਚ ਚਲਾ ਦਿੰਦੇ ਹਨ ਤੇ ਨਤੀਜੇ ਵਜੋਂ ਸਾਡੇ ਡਾਕਟਰ/ਐਨਜੀਨੀਅਰ/ਸਾਇੰਸਦਾਨ ਸਾਡੇ ਅਦਾਰਿਆਂ ਵਿਚ ਹੀ ਪੜ੍ਹ ਪੜ੍ਹ ਕੇ ਅਮਰੀਕਾ ਨੂੰ ਤੁਰੀ ਜਾਂਦੇ ਹਨ—ਉਸੇ ਦੀਆਂ ਹੀ ਮਸ਼ੀਨਾਂ ਵਿਕਾਈ ਤੁਰੀ ਜਾਂਦੇ ਹਨ—ਚਾਹੇ ਉਹ ਅਤੀ ਐਡਵਾਨਸਡ ਮਸ਼ੀਨਾਂ (ਜਿਵੇਂ ਕੰਮਪਿਊਟਰ ਆਦਿ) ਸਾਡੇ ਆਣ ਕੇ ਘਾਣ-ਬੱਚਾ-ਘਾਣ ਹੀ ਕਰ ਦੇਣ !! ਹੁਣ ਤਾਂ ਇਹ ਵੀ ਕਿਸੇ ਕੋਲੋਂ ਛੁਪਿਆ ਹੋਇਆ ਨਹੀਂ ਰਿਹਾ ਕਿ ਸਾਮ-ਰਾਜੀਆਂ ਦੇ ਮੁੱਖ ਕਰਤਾ ਧਰਤਾ (ਵਲਡ ਬੈਂਕ ਅਤੇ ਆਈ. ਐਮ. ਐਫ.) ਦੂਜੇ ਦੇਸ਼ਾਂ ਦੇ ਬੱਜਟਾਂ ਵਿਚ ਕਿਸ ਹੱਦ ਤੀਕ ਦਖ਼ਲ ਦਿੰਦੇ ਹਨ !

ਪਿਛਲੇ ਸਾਲ ਜਦੋਂ ਅਸੀਂ ਕੌਮਾਂਤਰੀ ਮੰਗਤਿਆਂ 5,000,0000000 (ਪੰਜ ਹਜ਼ਾਰ ਕਰੋੜ) ਰੁਪਏ ਦਾ ਆਈ.ਐਮ.ਐਫ. ਕੋਲੋਂ ਕਰਜ਼ਾ ਲਿਆ ਸੀ ਤਾਂ ਉਹਨਾਂ ਬਹੁਤ ਹੀ ਭਿਆਨਕ ਸ਼ਰਤਾਂ ਲਾਈਆਂ ਸਨ ਤੇ 'ਸਾਡੀ' (?) ਸਰਕਾਰ ਨੇ ਉਨ੍ਹਾਂ ਦੀ ਹਦਾਇਤ ਮੁਤਾਬਕ ਹੇਠ ਲਿਖੀਆਂ ਸ਼ਰਤਾਂ ਲਾਗੂ ਵੀ ਕੀਤੀਆਂ ਹਨ—ਸਾਮ-ਰਾਜੀਆਂ ਦੀਆਂ ਸ਼ਰਤਾਂ ਸਨ...

(ੳ) ਜਿਨਾ ਚਿਰ ਸਾਡਾ ਕਰਜ਼ਾ ਨਾ ਮੁੜੇ, ਹਰ ਚੌਥੇ ਮਹੀਨੇ, ਸਾਡੇ ਅਫਸਰਾਂ ਕੋਲੋਂ ਆਪਣਾ ਬਜਟ ਚੈਕ ਕਰਵਾਉਂਦੇ ਰਹੋਗੇ ! ਸਮਝੇ !! ਅਤੇ ਸਾਡੇ ਅਫਸਰਾਂ/ ਏਜੰਟਾਂ ਦੀਆਂ ਹਦਾਇਤਾਂ ਮੁਤਾਬਕ—

1. ਕਿਸਾਨਾਂ ਕੋਲੋਂ ਸਸਤੇ ਤੋਂ ਸਸਤੇ ਭਾਅ ਫਸਲਾਂ ਖਰੀਦੋਗੇ ਤਾਂ ਜੁ ਅਗਾਂਹ ਵਲਡ ਮਾਰਕੀਟ ਵਿਚੋਂ ਅਸੀਂ ਤੁਹਾਡੀਆਂ ਹੀ ਫਸਲਾਂ ਖਰੀਦ ਸਕੀਏ (ਅਤੇ ਖਰੀਦਾਂਗੇ ਤਾਂ ਜੇ ਉਹ ਦੂਜਿਆਂ ਦੇ ਮੁਕਾਬਲੇ ਸਸਤੀਆਂ ਹੋਣਗੀਆਂ)।

2. ਆਪਣੇ ਬੱਜਟ ਵਿਚ ਵਧ ਤੋਂ ਵਧ ਬਚੱਤ ਕਰਨ ਦੀ ਕੋਸਿਸ਼ ਕਰੋਗੇ ਅਤੇ ਇਸ ਤਰ੍ਹਾਂ ਕੀਤੀ ਗਈ ਬੱਚਤ ਨਾਲ ਤੁਸੀਂ ਆਪਣੇ ਦੇਸ਼ ਵਿਚੋਂ ਖੰਡ, ਘਿਉ (ਦੇਸੀ), ਮੱਖਣ, ਦੁਧ ਦਾ ਪਾਊਡਰ, ਅੰਬ, ਅੰਗੂਰ, ਕੇਲੇ, ਸੇਬ, ਆਲੂ, ਟਮਾਟਰ, ਚਾਹ ਆਦਿ ਖਰੀਦ ਕੇ ਸਾਨੂੰ ਵੇਚ ਕੇ ਸਾਡਾ ਕਰਜ਼ਾ ਉਤਾਰਨ ਦੀ ਕੋਸ਼ਿਸ਼ ਕਰੋਗੇ !! ਸਮਝੇ !!

ਅਤੇ ਬੱਚਤ ਕਰਨ ਲਈ, ਉਨ੍ਹਾਂ ਇੰਦਰਾ ਸਰਕਾਰ ਹੇਠ ਲਿਖੇ ਸੁਝਾਅ ਦਿਤੇ—

ੳ) ਡੀ.ਏ. ਜਾਮ ਕਰਨਾ

ਅ) ਨੋ ਗਰੇਡ ਰਵਿਜ਼ਨ—ਨੋ ਨਿਊ ਪੋਸਟਸ

(ਪੁਰਾਣਿਆਂ ਦੀ ਤਰੱਕੀ ਨਾ ਕਰੋ—ਨਵੀਆਂ ਨੌਕਰੀਆਂ ਮਤ ਕਢੋ)

ੲ) ਵਿਦਿਆ, ਸਿਹਤ ਅਤੇ ਹੋਰ ਸਮਾਜਿਕ ਭਲਾਈ ਵਰਗੇ ਅਦਾਰਿਆਂ ਤੇ ਘਟ ਤੋਂ ਖਰਚਾ ਕਰੋਗੇ !!

ਨੋਟ :—ਸੰਨ 1951-56 ਵਿਚ ਵਿਦਿਆ ਉਪਰ 8% ਖਰਚ ਕੀਤਾ ਜਾਂਦਾ ਸੀ ਅੱਜ ਸੁੱਖ ਨਾਲ 2% ਹੀ ਖਰਚ ਕੀਤਾ ਜਾ ਰਿਹਾ ਹੈ ਇਸੇ ਤਰ੍ਹਾਂ ਪਹਿਲਾਂ ਸਿਹਤ ਉਪਰ 3½% ਖਰਚ ਕੀਤਾ ਜਾਂਦਾ ਸੀ ਪਰ ਅਜ ਕੇਵਲ ਅਧਾ (1¾%) ਹੀ ਖਰਚ ਕੀਤਾ ਜਾ ਰਿਹਾ ਹੈ !!!

ਸ) ਆਪਣੀ ਆਮਦਨ ਵਧਾਉਣ ਖਾਤਰ ਜੰਤਾ ਤੇ ਟੈਕਸ ਲਾਉਗੇ !

ਅਤੇ 'ਸਾਡੀ' ਸਰਕਾਰ ਨੇ ਆਈ.ਐਮ.ਐਫ. ਪ੍ਰਤੀ ਆਪਣੀ ਵਫਾਦਾਰੀ ਦਾ ਸਬੂਤ ਦੇਣ ਖਾਤਰ,

1. ਰੇਲਾਂ ਦੇ ਭਾੜੇ ਸਵਾਏ ਕੀਤੇ
2. ਬੱਸਾਂ ਦੇ ਕਿਰਾਏ ਡਿਊਢੇ ਕੀਤੇ
3. ਡਾਕ-ਤਾਰ ਦੇ ਰੇਟ ਸਵਾਏ ਕੀਤੇ
4. ਕੋਲੇ ਅਤੇ ਸੀਮੈਂਟ-ਸਟੀਲ ਦੇ ਭਾ ਚੁਕ ਦਿਤੇ !!
5. ਸੇਲ ਟੈਕਸ ਕਈ ਜਗ੍ਹਾ 6 ਤੋਂ 7% ਕਰ ਦਿਤਾ ਗਿਆ ਹੈ !
6. ਕਣਕ ਆਦਿ ਤੇ ਬੋਨਸ ਦੇਣਾ ਬੰਦ ਕਰ ਦਿਤਾ ਗਿਆ ਹੈ।
7. ਰਾਸ਼ਨ ਡੀਪੂਆਂ ਤੋਂ ਮਿਲਣ ਵਾਲੀਆਂ ਤਮਾਮ ਚੀਜ਼ਾਂ ਦੀਆਂ ਕੀਮਤਾਂ ਵੀ ਚੁੱਕ ਦਿਤੀਆਂ ਗਈਆਂ ਹਨ।
8. ਖਾਦ ਮਹਿੰਗੀ ਕੀਤੀ ਹੈ, 100 ਵਾਲਾ ਯੂਰੀਆ ਦਾ ਬੋਰਾ 140 ਦਾ ਕਰ ਦਿਤਾ ਗਿਆ ਹੈ ਕਿ ਨਹੀਂ ?
9. ਟਾਇਰਾਂ-ਟਿਊਬਾਂ ਉਪਰ ਟੈਕਸ ਵਧਾ ਦਿਤਾ ਗਿਆ ਹੈ ! -
10. ਡੀ.ਏ. ਆਦਿ ਲੇਟ ਕਰਕੇ ਦੇਣਾ ਸ਼ੁਰੂ ਕਰ ਦਿਤਾ ਗਿਆ ਹੈ।
11. ਨਵੀਆਂ ਨੌਕਰੀਆਂ ਤੇ ਪਾਬੰਦੀ ਜਿਹੀ ਲਗਾ ਦਿਤੀ ਗਈ ਹੈ !

## ਆਖਿਰੀ ਸ਼ਰਤ

ਹ) ਉਂਜ ਸਾਮਰਾਜੀਏ ਹਨ ਬਹੁਤ ਇਨਟੈਲੀਜੈਂਟ (ਚਲਾਕ)...ਆਖਰੀ ਸ਼ਰਤ ਜੋ ਉਨ੍ਹਾਂ ਲੁਕਾਈ ਬਹੁਤ ਸੋਚ ਸਮਝ ਕੇ ਲਗਾਈ ਹੈ—

ਉਹਨਾਂ ਸਾਡੇ ਪਲੈਨਿੰਗ ਕਮਿਸ਼ਨ ਦੇ ਅਫਸਰਾਂ ਨੂੰ ਸਮਝਾਇਆ, ਵੇਖੋ ਜਦੋਂ ਤੁਸੀਂ ਆਪਣੇ ਮੁਲਕ ਦਾ ਸਭ ਕੁਝ ਫਲ-ਫਰੂਟ, ਖੰਡ-ਘਿਓ, ਚਾਹ-ਕੌਫੀ ਆਦਿ (ਸਾਨੂੰ) ਬਾਹਰ ਭੇਜਣੀਆਂ ਸ਼ੁਰੂ ਕਰ ਦਿਉਗੇ ਤਾਂ ਕੁਦਰਤੀ ਗਲ ਹੈ ਕਿ ਤੁਹਾਡੇ ਕਮੀ ਆ ਜਾਵੇ।

ਕਮੀ ਹੋਈ ਤਾਂ ਮਹਿੰਗਾਈ ਹੋਣੀ ਕੁਦਰਤੀ ਹੈ—ਮਹਿੰਗਾਈ ਹੋਈ ਤਾਂ, ਸਭ ਤੋਂ ਪਹਿਲਾਂ, ਤੁਹਾਡੀ ਜਥੇਬੰਦਕ ਮਜ਼ਦੂਰ (ਫੈਕਟਰੀ ਵਰਕਰ—ਮੁਲਾਜ਼ਮ—ਸੁਪੀਰੀਅਰ ਮੁਲਾਜ਼ਮ—ਐਨਜੀਨੀਅਰ ਆਦਿ)

ਚੀਕਣਗੇ...ਮੁਲਾਜ਼ਮ ਮਜ਼ਦੂਰ ਚੀਕਣਗੇ ਤਾਂ ਹੜਤਾਲਾਂ ਕਰਨਗੇ...ਹੜਤਾਲਾਂ ਹੋਈਆਂ ਤਾਂ ਕਾਰਖਾਨੇ ਠੱਪ ਹੋਣਗੇ...ਕਾਰਖਾਨੇ ਠੱਪ ਹੋ ਗਏ ਤਾਂ ਜਰਸੀਆਂ-ਸਵੈਟਰ, ਸਾਈਕਲ-ਮਸ਼ੀਨਾਂ ਪੱਖੇ-ਮੋਟਰਾਂ, ਜਿਊਣ-ਸਾਸ ਕਿਵੇਂ ਬਣ ਸਕਣਗੇ...ਅਤੇ ਜੇ ਮਾਲ ਹੀ ਨਾ ਬਣਿਆ (ਜਾਂ ਘੱਟ ਬਣਿਆ) ਤਾਂ ਸਾਨੂੰ ਕੀ ਵੇਚੋਗੇ—ਛਣਕਣੇ !!

ਸੋ ਤੁਸੀਂ ਕਾਰਖਾਨੇ ਬੰਦ ਹੀ ਨਹੀਂ ਹੋਣ ਦੇਣੇ ਚਾਹੇ ਇਸ ਲਈ ਤੁਹਾਨੂੰ ਹੜਤਾਲਾਂ ਤੇ ਪਾਬੰਦੀ ਹੀ ਕਿਉਂ ਨਾ ਲਾਉਣੀ ਪਵੇ ਭਾਵੇਂ ਮਜ਼ਦੂਰਾਂ/ਮੁਲਾਜ਼ਮਾਂ ਕੋਲੋਂ ਜਬਰਦਸਤੀ ਵੀ ਕੰਮ ਕਿਉਂ ਨਾ ਲੈਣਾ ਪਵੇ ! ਸਮਝੇ !!!

ਅਤੇ ਸਾਡੀ ਸਰਕਾਰ ਨੇ ਬਿਲਕੁਲ 'ਆਕਾ' ਦੀਆਂ ਹਦਾਇਤਾਂ ਮੁਤਾਬਕ ਕੀਤਾ—MISA (ਕਾਲ ਕਾਨੂੰਨ) ਜੋ ਅਰਧ ਐਮਰਜੈਂਸੀ (Or Emergency in Stages) ਹੀ ਹੈ—ਠੋਸ ਦਿੱਤਾ !!

ਇਸ ਕਾਨੂੰਨ ਮੁਤਾਬਕ ਕੋਈ ਮੁਲਾਜ਼ਮ-ਮਜ਼ਦੂਰ-ਸੀਨੀਅਰ ਮਜ਼ਦੂਰ (ਐਨਜੀਨਅਰ ਆਦਿ) ਓਵਰਟਾਈਮ ਲਾਉਣ ਤੋਂ ਵੀ ਅਗਰ ਇਨਕਾਰ ਕਰੇਗਾ ਤਾਂ ਤਾਂ ਉਸਨੂੰ ਅੰਦਰ ਠੋਕ ਦਿਤਾ ਜਾਏਗਾ (ਤਕੜੇ ਹੋ ਜਾਉ)—ਅਤੇ ਕਿਤੇ ਜ਼ਿਲ੍ਹੇ—ਕਚੈਹਰੀ ਸੁਣਵਾਈ ਤੀਕ ਵੀ ਨਹੀਂ ਹੋ ਸਕੇਗੀ !!!

ਨੋਟ :—ਖਾਲਿਸਤਾਨੀ ਲਹਿਰ ਚਲਾਉਣ ਵਿਚ ਹੇਠ ਲਿਖਿਆਂ ਦਾ ਕਸੂਰ ਅਗਰ ਮੋਟੇ ਤਰੀਕੇ ਨਾਲ ਸਮਝਣਾ ਹੋਵੇ ਤਾਂ ਕੁਝ ਇਸ ਤਰ੍ਹਾਂ ਦਾ ਹੈ :

| | | |
|---|---|---|
| ਪ੍ਰਧਾਨ ਮੰਤਰੀ | = | 90% |
| ਹੋਮ-ਮਨਿਸਟਰ | = | 5% |
| ਸੀ.ਆਈ.ਏ. | = | 2% |
| ਦਰਬਾਰਾ ਸਿੰਘ | = | 2% |
| ਦਲਖਾਲਸੀਏ | = | 1% |
| | ਜੋੜ | 100% |

ਖੈਰ ! ਇਹ ਸਮਝ ਲੇਖਕ ਦੀ ਹੈ ! ਤੁਹਾਡੇ ਨਤੀਜੇ ਅਗਰ ਹੋਰ ਹੋਣ ਤਾਂ ਕ੍ਰਿਪਾ ਸਮਤਾ ਜਰੀਹੇ (ਜਾਂ ਸਿਧੇ) ਸਾਂਝੇ ਕਰਨ ਦੀ ਕੋਸ਼ਿਸ਼ ਕਰਨਾ !!!

ਨੋਟ :—ਅਜਿਹੀਆਂ ਵੱਖਵਾਦੀ ਲਹਿਰਾਂ ਦਾ ਭਾਰਤੀ ਸਰਮਾਏਦਾਰੀ ਨੂੰ ਵੀ ਚੋਖਾ ਫ਼ਾਇਦਾ ਪੁਜਦਾ ਹੈ ਜਦੋਂ ਕਾਮੇ—ਹਿੰਦੂ ਅਤੇ ਸਿੱਖਾਂ ਵਿਚ ਵੰਡੇ ਜਾਣਗੇ ਤਾਂ

ਫੁੱਟ ਦਾ ਲਾਭ ਕੌਣ ਉਠਾਏਗਾ...? ਇਸ ਲਈ ਸਰਮਾਏਦਾਰੀ ਵੀ ਆਪਣੀ ਸ੍ਰਿਆਸੀ ਜਥੇਬੰਦੀਆਂ/ਕਾਰਕੁਨਾਂ ਜਿਵੇਂ ਕਾਂਗਰਸੀ-ਜੰਨ ਸੰਘੀ ਵਗੈਰਾ। ਜਰੀਹੇ ਖੂਨ ਖਰਾਬਾ ਕਰਾਉਣ ਤੇ ਤੁਲੇ ਹੀ ਰਹਿੰਦੇ ਹਨ।

ਪਟਿਆਲੇ ਵਿਚ ਇਹ ਚੀਜ਼ ਵੇਖਣ ਵਿਚ ਆਈ ਹੈ ਕਿ ਭਾਂਬੜ ਕੇਵਲ ਉਨ੍ਹਾਂ ਚੌਂਕਾਂ/ਮੁਹੱਲਿਆਂ ਵਿਚ ਉਠੇ ਹਨ ਜਿਥੇ ਕਾਂਗਰਸੀ ਸ਼ਰਾਰਤੀ ਅਨਸਰ, ਆਰ.ਐਸ.ਐਸ. ਦੇ ਕਾਰਕੁਨਾਂ ਦੀ ਬਹੁਲਤਾ ਹੈ। ਕੱਟੜ ਪੱਖੀ ਕਿਸਮ ਦੇ ਚੰਦ ਅਕਾਲੀ ਅਫਸਰਾਂ ਨੇ ਵੀ ਅੱਗਨੀ ਤੇ ਆਪਣੇ ਹਿੱਸੇ ਦਾ ਤੇਲ ਪਾਉਣੋਂ ਪਿਛੇ ਨਹੀਂ ਸਨ ਰਹੇ !!

## ਖ਼ਬਰਦਾਰ !!!

ਦਲਖਾਲਸੀਏ, ਪੰਜਾਬੀਆਂ ਦਾ ਹੋਰ ਵੀ ਨੁਕਸਾਨ ਜਿਹਾ ਕਰ ਰਹੇ ਹਨ—ਕਾਰਖਾਨੇਦਾਰ ਪੰਜਾਬ ਵਿਚ ਹੋਰ ਕਾਰਖਾਨੇ ਲਾਉਣੇ ਤੋਂ ਸੰਕੋਚ ਕਰਨ ਲਗ ਪਏ ਹਨ। ਬਹੁਤੇ ਸਰਮਾਏਦਾਰਾਂ ਨੇ ਹਿਮਾਚਲ (ਪ੍ਰਵਾਣੂ-ਮਹਿਤਪੁਰ) ਅਤੇ ਹਰਿਆਣਾ (ਫਰੀਦਾਬਾਦ-ਬਲਬਗੜ੍ਹ-ਪਲਵਲ), ਵਲ ਮੂੰਹ ਕਰ ਲਿਆ ਹੈ ਜਿਸਦਾ ਨਤੀਜਾ ਕਿਵੇਂ ਵੀ ਪੰਜਾਬੀਆਂ ਦੇ ਮੁਫਾਦ ਵਿਚ ਨਹੀਂ ਹੈ...?

## ਡਿੱਠੇ ਸਭੇ ਥਾਂਵ ਨਹੀਂ ਤੁਧ ਜਿਹਾ :

ਪ੍ਰੋਫੈਸਰ ਹੋਣ ਦੇ ਨਾਤੇ, ਅਕਸਰ, ਬਾਹਰ ਅੰਦਰ ਕਦੇ ਇਕੱਲੇ ਅਤੇ ਕਦੇ ਵਿਦਿਆਰਥੀ ਸਹਿਤ, ਜਾਂਦਾ ਆਉਂਦਾ ਹਾਂ। ਉੱਤਰੀ ਅਤੇ ਦੱਖਣੀ ਭਾਰਤ ਦੇ ਬਹੁਤ ਸਾਰੇ ਮੰਦਰ ਅਤੇ ਮੱਠ, ਮਸਜਿਦਾਂ ਅਤੇ ਮਕਬਰੇ, ਗਿਰਜੇ ਅਤੇ ਗੁਰਦੁਆਰੇ, ਸਰੋਵਰ ਅਤੇ ਸਾਗਰ, ਕਿਲ੍ਹੇ ਅਤੇ ਪਹਾੜ ਆਦਿ ਦੇਖਣ ਦਾ ਮੌਕਾ ਮਿਲਿਆ। ਮਗਰ ਜਿਹੀ ਫਿਲਾਸਫੀਕਲ-ਸੁੰਦਰਤਾ, ਨਿਮਰਤਾ-ਮਿਠਾਸ, ਸਦ-ਭਾਵਨਾ ਅਤੇ ਸੇਵਾ, ਭਾਵ, ਮਿਲਵਰਤਣ-ਤਿਆਗ, ਸਵੱਛਤਾ-ਸਫਾਈ ਅਤੇ ਸ਼ਾਂਤੀ ਦਾ ਵਾਤਾਵਰਨ ਮੈਂ ਸਿੱਖ-ਸੰਸਥਾਵਾਂ ਵਿਚ ਦੇਖਿਆ ਉਹ ਹੋਰ ਕਿਸੇ ਮਜ਼ਬ/ਜਾਤ/ਫਿਰਕੇ ਦੇ ਧਾਰਮਕ ਸਥਾਨਾਂ ਵਿਚ ਨਹੀਂ ਡਿੱਠਾ ! ਭੋਜਨ ਅਤੇ ਵਿਸ਼ਰਾਮ ਵਰਗੀ ਸਹੂਲਤ ਵੀ ਸ਼ਾਇਦ ਹੀ ਕਿਸੇ ਹੋਰ ਧਰਮ ਦੇ ਤੀਰਥਾਂ ਸਥਾਨਾਂ ਤੇ ਪ੍ਰਾਪਤ ਹੁੰਦੀ ਹੋਵੇ ...ਲੇਖਕ ਔਗੌਰ ਪਰੀਵਾਰ ਸਮੇਤ ਜਾਵੇ ਤਾਂ ਸਰਕਾਰੀ ਗੈਸਟ ਹਾਊਸ/ਹੋਟਲ ਨਾਲੋਂ ਕਿਸੇ ਗੁਰੂਦੁਆਰੇ ਵਿਚ ਰਾਤ ਕਟਣੀ ਬੇਹਤਰ ਸਮਝਦਾ ਹੈ ਕਿਉਂਕਿ ਅਸੀਂ ਉਥੇ, ਕਿਤੇ ਵਧੇਰੇ ਸੁਰੱਖਿਅਕ ਮਹਿਸੂਸ ਕਰਦੇ ਹਾਂ !!! ਪਿਛਲੇ ਮਹੀਨੇ ਅਸੀਂ ਗਵਾਲੀਅਰ ਤੀਕ ਦੇ ਸ਼ਾਰਟ ਟੂਰ ਤੇ ਗਏ। ਕੁਝ ਸਮੇਂ ਲਈ ਗੱਡੀ ਪੁਰਾਣੀ ਦਿੱਲੀ ਰੁਕੀ ਤਾਂ ਅਸੀਂ ਚਾਂਦਨੀ ਚੌਂਕ ਵਿਖੇ, ਸੀਸ ਗੰਜ ਗੁਰੂਦੁਵਾਰਾ ਵੇਖਣ ਚਲੇ ਗਏ...

ਪੰਦਰਾਂ ਕੁ ਮਿੰਟ ਸ਼ਬਦ ਕੀਰਤਨ ਸੁਣ ਕੇ ਜਦੋਂ ਵਾਪਸ ਮੁੜਨ ਲਗੇ ਤਾਂ ਸਾਥੋਂ ਆਪਣੇ ਜੋੜੇ ਨਾ ਪਛਾਣੇ ਜਾਣ। ਜਾਂ ਗਹੁ ਨਾਲ ਵੇਖਿਆ ਤਾਂ ਤੜਕਸਾਰ ਹੀ ਵੀਹ-ਪੰਝੀ ਸ਼ਰਧਾਲੂ—ਕੁਝ ਪਗੜੀ ਬੰਨੀ ਅਤੇ ਕੁਝ ਸਿਰ ਤੇ ਰਮਾਲ ਬੰਨੀ, ਦੂਹੋ ਦੂਹ ਜੋੜਿਆਂ ਦੀ ਪਾਲਿਸ਼ ਕਰਨ ਡਹੇ ਹੋਏ ਸਨ ! ਮੇਰੇ ਨਾਲ ਜੋ ਦੂਸਰੀਆਂ ਪ੍ਰਾਂਤਾਂ ਦੇ ਵਿਦਿਆਰਥੀ ਸਨ—ਸਭ ਦੇ ਸਭ ਸ਼ਰਧਾਲੂਆਂ ਵਿਚ ਐਸੀ ਸ਼ਰਧਾ ਭਾਵਨਾ ਵੇਖ ਕੇ ਹੱਕੇ ਬੱਕੇ ਹੋ ਗਏ ਸਨ !!!

## ਆਗਰੇ ਦਾ ਦਿਆਲ ਬਾਗ :

ਆਗਰੇ ਵਿਖੇ ਦਿਆਲ ਬਾਗ (ਸਵਾਮੀ ਬਾਗ) ਨਾਮੀ ਇਕ ਸੱਤ ਮੰਜ਼ਲੀ ਇਮਾਰਤ ਦੀ ਉਸਾਰੀ ਹੁੰਦੀ ਵੇਖੀ। ਉਨ੍ਹਾਂ ਮੁਤਾਬਕ ਉਸ ਬਿਲਡਿੰਗ ਨੂੰ ਕੰਪਲੀਟ ਹੋਣ ਵਿਚ ਹਾਲੇ 75 ਸਾਲ ਹੋਰ ਲਗਣੇ ਸਨ ਅਤੇ 75 ਸਾਲ ਹੀ ਇਸ ਇਮਾਰਤ ਨੂੰ ਬਣਦਿਆਂ ਹੋ ਗਏ ਸਨ। ਹਾਲੇ ਤੀਕ ਤਿੰਨ ਮੰਜ਼ਲਾਂ ਹੀ ਬਣੀਆਂ ਸਨ। ਲੇਖਕ, ਵੀਹ ਸਾਲ ਪਹਿਲਾਂ ਵੀ, ਇਸੇ ਸਥਾਨ ਤੇ ਆਇਆ ਸੀ। ਉਦੋਂ ਮੌਜੂਦਾ ਸੰਚਾਲਕ ਨੇ ਦਸਿਆ ਸੀ ਕਿ ਇਸ ਬਿਲਡਿੰਗ ਦੀ ਉਸਾਰੀ ਸ਼ੁਰੂ ਹੋਈ ਨੂੰ ਪੰਜਾਹ ਸਾਲ ਹੋ ਗਏ ਹਨ ਅਤੇ ਪੰਜਾਹ ਕੁ ਸਾਲ ਹੀ ਹੋਰ ਲਗਣਗੇ—ਉਦੋਂ ਇਮਾਰਤ ਦੀ ਦੂਜੀ ਮੰਜ਼ਿਲ ਬਣ ਰਹੀ ਸੀ। ਸੰਗਮਰਮਰ ਵਿਚ ਹੀ ਤਮਾਮ ਕੰਮ ਹੋ ਰਿਹਾ ਹੈ। ਸੰਗਮਰਮਰ ਉਪਰ ਵੇਲਾਂ ਬੂਟੇ, ਛੁਦਵਾਣੇ-ਖਰਬੂਜ਼ੇ, ਆਲੂ-ਬਤਾਊਂ ਟਮਾਟਰ-ਭਿੰਡੀ ਤੋਰੀ, ਅੰਬ-ਅਨਾਰ, ਕੇਲੇ-ਅੰਗੂਰ, ਘੱਗੂ-ਘੋੜੇ ਤੇ ਹੋਰ ਪਤਾ ਨਹੀਂ ਕੀ ਕੁਝ ਉਕਾਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪ੍ਰਮਾਤਮਾ ਦੀ ਸੌਂਹੁ, ਧਨ, ਸਮੇਂ ਅਤੇ ਸਮਗਰੀ ਦੀ ਜਿੰਨੀ ਬਰਬਾਦੀ ਇਥੇ ਹੋ ਰਹੀ ਹੈ—ਉਹ ਸ਼ਾਇਦ ਹੀ ਦੁਨੀਆਂ ਦੇ ਕਿਸੇ ਹੋਰ ਕੋਨੇ ਵਿਚ, ਕਦੀ ਵੀ ਹੋਵੇ...।

ਕਿੰਨਾ ਚੰਗਾ ਹੁੰਦਾ ਅਗਰ ਦਯਾਲ ਬਾਗ ਆਗਰੇ ਦੇ ਰਾਧਾ ਸਵਾਮੀ ਮੱਤ ਵਾਲੇ ਬਿਆਸ ਵਾਲਿਆਂ ਦੀ ਨਕਲ ਹੀ ਕਰ ਲੈਂਦੇ—ਇਥੇ ਅਜ ਕਲ੍ਹ ਇਕ ਅਤੀ, ਸ਼ਾਨਦਾਰ 200 ਬਿਸਤਰਿਆਂ ਵਾਲਾ ਹਸਪਤਾਲ ਉਸਾਰੀ ਅਧੀਨ ਹੈ। ਜਿਸ ਉਪਰ ਆਗਰੇ ਦੀ ਸੰਗਮਰਮਰੀ ਇਮਾਰਤ ਨਾਲੋਂ ਬਹੁਤ ਹੀ ਘਟ ਪੈਸਾ ਅਤੇ ਸਮਾਂ ਖਰਚ ਹੋ ਰਿਹਾ ਹੈ !!!

## ਮਥਰਾ-ਬਰਿੰਦਰਾਬਨ :

ਰਸਤੇ ਵਿਚ ਭਗਵਾਨ ਕਰਿਸ਼ਣ ਦੀ ਜਨਮ ਭੂਮੀ ਮਥੁਰਾ ਵਿਖੇ ਵੀ ਰੁਕੇ। ਇਥੇ ਇਕ ਸੱਤ ਮੰਜ਼ਲੀ ਬਿਲਡਿੰਗ ਦੀ ਉਸਾਰੀ ਹੋ ਰਹੀ ਵੇਖੀ। ਭਾਰਤ ਦੇ

ਪ੍ਰਧਾਨ ਮੰਤਰੀ ਜੀ, ਡਾਲਮੀਏ ਸਰਮਾਏਦਾਰ ਦੁਆਰਾ ਬਣਾਈ ਜਾ ਰਹੀ ਇਸ ਬਿਲਡਿੰਗ ਦਾ ਉਦਘਾਟਨ ਕਰਨ ਅਗਲੇ ਹਫਤੇ ਪੁੱਜ ਰਹੇ ਸਨ। ਪਰ ਬੜੇ ਦੁਖ ਨਾਲ ਕਹਿਣਾ ਪੈਂਦਾ ਹੈ ਕਿ ਉਹ ਮੰਦਰ ਘਟ ਅਤੇ ਸਰਕਾਰੀ ਦਫਤਰ ਵਧੇਰੇ ਜਾਪਦਾ ਸੀ! ਉਂਜ ਵੀ ਉਸ ਨੂੰ ਲਾਰਡ ਕਰਿਸ਼ਨ ਦੇ ਮੰਦਰ ਦੀ ਜਗ੍ਹਾ ਡਾਲਮੀਏ ਦਾ ਮੰਦਰ ਹੀ ਦਸਿਆ ਜਾ ਰਿਹਾ ਸੀ।

ਮਥੁਰਾ-ਬਿੰਦਰਾਬਨ ਵਿਖੇ ਵੱਖ ਵੱਖ ਸੇਠਾਂ ਵਿਚ ਇਕ ਦੌੜ ਜਿਹੀ ਲਗੀ ਵੇਖੀ—ਕੋਈ ਸੱਤ ਮੰਜ਼ਲੀ ਇਮਾਰਤ ਉਸਾਰ ਰਿਹਾ ਸੀ—ਕੋਈ ਨੌਂ ਅਤੇ ਕੋਈ ਗਿਆਰਾਂ ਮੰਦਰ...ਪਤਾ ਨਹੀਂ ਇਹ ਸਰਮਾਏਦਾਰ ਰੱਬ ਨੂੰ ਪੌੜੀਆਂ ਲਾਉਣ ਦੀ ਕੋਸ਼ਿਸ਼ ਕਰ ਰਹੇ ਹਨ ? ਕਿੰਨਾ ਚੰਗਾ ਹੁੰਦਾ ਇਹਨਾਂ ਮੰਦਰਾਂ ਵਿੱਚ ਸਾਹੂਕਾਰਾਂ-ਹਉਮੈ ਦੇ ਪ੍ਰਗਟਾਵੇ ਦੀ ਜਗ੍ਹਾ ਹਿੰਦੁਸਤਾਨੀ ਸੰਸਕ੍ਰਿਤੀ ਅਤੇ ਕਲਚਰ ਦਾ—ਵੱਡੀਆਂ ਵੱਡੀਆਂ ਪੇਂਟਿੰਗਜ਼ ਅਤੇ ਤਸਵੀਰਾਂ ਰਾਹੀਂ ਪ੍ਰਗਟਾਵਾ ਕੀਤਾ ਜਾਂਦਾ ! ਗੀਤਾ ਦੀ ਫਿਲਾਸਫੀ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਜਾਂਦੀ। ਰੱਬ ਦੀਆਂ ਟੰਗਾਂ ਨੂੰ ਛੂਹਣ ਦੀ ਬਜਾਏ. ਅਗਰ ਉਹ ਮੰਜ਼ਲਾਂ ਨੂੰ ਯਮੁਨਾ ਦੇ ਤੱਟ ਉਪਰ ਵਿਛਾ ਦਿਤਾ ਜਾਂਦਾ—ਇਕ ਵੱਡਾ-ਸੁੰਦਰ ਹਸਪਤਾਲ ਬਣਾ ਦਿਤਾ ਜਾਂਦਾ, ਇਕ ਪਾਰਕ, ਇਕ ਝੀਲ, ਇਕ ਵੱਡਾ (ਪਰ ਸਸਤਾ ਜੰਤਕ-ਰੈਸਟੂਰੈਂਟ ਬਣਾ ਦਿਤਾ ਜਾਂਦਾ, ਸੁਹਣੀਆਂ ਹਵਾਦਾਰ ਧਰਮਸ਼ਾਲਾਵਾਂ ਬਣਾ ਦਿਤੀਆਂ ਜਾਂਦੀਆਂ, ਕਰਿਸ਼ਣ ਭਗਵਾਨ ਦੀ ਫਿਲਾਸਫੀ ਨੂੰ ਸਮਝਾਉਣ ਵਾਸਤੇ ਓਪਨ-ਏਅਰ-ਥੀਏਟਰ ਆਦਿ ਬਣਾ ਦਿਤੇ ਜਾਂਦੇ ਤਾਂ ਅਧਾ ਵੀ ਪੈਸਾ ਖਰਚ ਨਹੀਂ ਸੀ ਹੋਣਾ। ਇਥੇ ਯਾਦ ਰਖਿਆ ਜਾਏ, ਉਪਰ ਵਲ ਦੀ ਉਸਾਰੀ ਵਿਚ ਸੀਮੈਂਟ—ਸਟੀਲ ਹੀ ਭਾਰੀ ਮਾਤਰਾ ਵਿਚ ਥੱਪਣਾ ਨਹੀਂ ਪੈਂਦਾ ਸਗੋਂ ਕੁਦਰਤੀ ਸੁਹੱਪਣ—ਹਰਿਆਵਲ ਅਤੇ ਨਜ਼ਾਰਿਆਂ (Natural Beauty) ਤੋਂ ਵੀ ਵਾਂਝਿਆ ਜਾਈਦਾ ਹੈ। ਅਤੇ ਜਦੋਂ ਇਕ ਪਾਸੇ ਲਾਲਾ-ਲੋਕਾਂ ਵਿਚ ਇਹ ਦੌੜ ਲਗੀ ਹੋਈ ਸੀ ਕਿ ਕਿਹੜਾ ਬਹੁਤੀਆਂ ਮੰਜ਼ਲਾਂ (ਬੇ ਮਤਲਬ ਹੀ) ਖੜੀਆਂ ਕਰਦਾ ਹੈ...ਠੀਕ ਦੂਜੇ ਪਾਸੇ ਹਾਲ ਇਹ ਸੀ...ਭਗਵਾਨ ਕਰਿਸ਼ਨ ਦੀ ਜਨਮ ਭੂਮੀ (ਕਾਲ ਕੋਠੜੀ) ਵਿਖੇ ਮੱਥਾ ਟੇਕਣ ਸਮੇਂ, ਪੈਰ ਧੋਣ ਖਾਤਰ ਟੂਟੀ ਵੱਲ ਹੋਣ ਲਗੇ ਤਾਂ ਟੂਟੀ ਨੂੰ ਸ਼ਾਇਦ ਸਾਡੀ ਸ਼ਕਲ ਤੋਂ ਪਤਾ ਲਗ ਗਿਆ ਜਾਪਦਾ ਸੀ ਕਿ ਅਸੀਂ ਪਟਿਆਲੇ ਤੋਂ ਆਏ ਹਾਂ—ਉਸ ਪਟਿਆਲੇ ਤੋਂ ਜਿਥੇ 360 ਰਾਣੀਆਂ ਵਾਲਾ ਰਾਜਾ ਹੋ ਗੁਜ਼ਰਿਆ, ਉਸਦਾ ਪੁੱਤ੍ਰ 'ਆਜ਼ਾਦ' ਭਾਰਤ ਦਾ ਰਾਜਦੂਤ ਹੋ ਗੁਜ਼ਰਿਆ—ਉਸ ਦੇ ਪੁੱਤਰ ਦਾ ਪੁੱਤਰ—"ਅਜ਼ਾਦ" ਭਾਰਤ ਦਾ ਮੈਂਬਰ ਪਾਰਲੀਮੈਂਟ ਹੈ—ਪਰ ਜਿਥੇ ਪਾਣੀ ਦਸ ਤੋਂ ਚਾਰ ਵਜੇ ਦੁਰਾਨ ਹੀ ਆਉਂਦਾ ਹੈ (ਰਾਤ ਸਮੇਂ)...

ਜਾਂ ਮੱਥਾ ਟੇਕ ਕੇ ਆਏ ਤਾਂ ਸੱਤਾਂ ਵਿਚੋਂ ਛੇ ਜੋੜੇ ਗਾਇਬ ਸਨ ਬਸ ਨਾਸਾਂ ਵਾਲੇ ਖਾਕੀ ਬੂਟ ਹੀ ਬਾਕੀ ਬਚੇ ਸਨ। ਚੋਰ ਸ਼ਾਇਦ ਪ੍ਰੋਫੈਸਰੀ ਦਾ ਲਿਹਾਜ਼... ਜਗ੍ਹਾ 2 ਪਾਂਡਿਆਂ/ਹੋਟਲ-ਢਾਬਿਆਂ/ਦੁਕਾਨ ਵਾਲਿਆਂ ਦੀ ਹੀ ਇਹੋ ਕੋਸ਼ਿਸ਼ ਸੀ ਕਿ ਯਾਤਰੂ ਕੱਛੇ-ਬਨੈਣ ਵਿਚ ਹੀ ਵਾਪਸ ਜਾਣ...

ਵਾਹ ਓ ਹਿੰਦ ਸਰਕਾਰ ਦੀ ਰਾਣੀਏ—ਡਾਲਮੀਏ ਦੇ ਸੱਤ ਮੰਜ਼ਲੀ ਮੰਦਰ ਦਾ ਉਦਘਾਟਨ ਕਰਨ ਤਾਂ ਤੂੰ ਦਿੱਲੀ ਤੋਂ ਜਾ ਸਕਦੀ ਹੈਂ ਪਰ ਤੈਨੂੰ ਇਹ ਵੇਖਣ ਦੀ ਫੁਰਸਤ ਕਦੋਂ ਮਿਲੇਗੀ ਕਿ ਯਮੁਨਾ ਕਿਨਾਰੇ ਉਪਰ ਜਨ ਸਧਾਰਨ ਨੂੰ ਮੂੰਹ ਧੋਣ ਖਾਤਰ ਵੀ ਪਾਣੀ...

...ਮੈਨੂੰ ਇਥੇ ਇਹ ਮੰਨਣ ਵਿਚ ਵੀ ਕੋਈ ਸ਼ਰਮ ਨਹੀਂ ਕਿ ਦਖਣੀ ਭਾਰਤ ਦੇ ਬਹੁਤ ਸਾਰੇ ਮੰਦਰਾਂ ਤੇ ਲਿਖਕੇ ਲਾਇਆ ਹੁੰਦਾ ਹੈ—ONLY FOR HINDUS—ਕੇਵਲ ਹਿੰਦੂਆਂ ਲਈ ਭਾਵ ਮੁਸਲਮਾਨਾਂ ਅਤੇ ਈਸਾਈਆਂ ਨੂੰ ਅੰਦਰ ਜਾਣ ਦੀ ਇਜਾਜ਼ਤ ਨਹੀਂ...

ਅਗਲੇ ਦਿਨ, ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿਗੋਬਿੰਦ ਦਾ ਗੁਰੂਦੁਆਰਾ ਵੇਖਣ ਗਏ। ਇਹ ਗਵਾਲੀਅਰ ਦੇ ਕਿਲੇ ਦੀ ਚੋਟੀ ਉਪਰ ਸਥਾਪਿਤ ਹੈ। ਇਸ ਜਗ੍ਹਾ ਗੁਰੂ ਜੀ ਨੇ ਬਵੰਜਾ ਰਜਵਾੜਿਆਂ ਨੂੰ ਆਪਣੇ ਨਾਲ ਹੀ ਮੁਕਤ ਕਰਵਾ ਕੇ ਖੜਿਆ ਸੀ...ਪਹਾੜੀ ਦੀ ਟੀਸੀ ਉਪਰ, ਦਸ ਕਰੋੜ ਦੀ ਲਾਗਤ ਨਾਲ, ਉਸਰ ਰਹੇ ਗੁਰੂਦਵਾਰੇ ਦੀ ਅਲੌਕਿਕ ਸ਼ਾਨ, ਜੰਗਲ ਵਿਚ ਮੰਗਲ ਕਰੀ ਜਾ ਰਹੀ ਸੀ। ਸੰਗਮਰਮਰ ਇਥੇ ਵੀ ਵਰਤ ਰਹੇ ਸਨ ਪਰ ਅੱਖਾਂ ਮੀਟ ਕੇ ਨਹੀਂ ਜਿਵੇਂ ਕਿ ਆਗਰੇ ਦੇ ਸਵਾਮੀ ਬਾਗ ਵਿਚ...ਸਭ ਤੋਂ ਸੁਹਣੀ ਗੱਲ ਜਿਸਦੀ ਜਿੰਨੀ ਵੀ ਤਾਰੀਫ ਕੀਤੀ ਜਾ ਸਕੇ ਉਹ ਇਹ ਸੀ ਕਿ ਗੁਰੂਦੁਆਰੇ ਦੀ ਇਮਾਰਤ ਤਾਂ ਹਾਲੇ ਮੁਕੰਮਲ ਨਹੀਂ ਸੀ ਹੋਈ ਪਰ ਇਕ ਬਹੁਤ ਹੀ ਵੱਡੀ ਸਰਾਂ ਤੇ ਇਕ ਵਿਸ਼ਾਲ ਲੰਗਰ ਦੀ ਇਮਾਰਤ ਤਿਆਰ-ਬਰ-ਤਿਆਰ ਸੀ। ਇਕ ਸੁੰਦਰ ਪੌਣੇ ਤੋਂ ਇਲਾਵਾ, ਇਕ ਵੱਡਾ ਹਸਪਤਾਲ ਵੀ ਬਣਾਇਆ ਜਾ ਰਿਹਾ ਸੀ—ਪੰਜਾਬੀ ਅਤੇ ਪੰਜਾਬੀਅਤ ਦੇ ਪ੍ਰਦਰਸ਼ਣ ਦਾ ਬਹੁਤ ਸੁਚੱਜਾ ਢੰਗ ਹੈ—ਇਸ ਤਰ੍ਹਾਂ ਸਿੱਖੀ ਦੇ ਅਸੂਲਾਂ ਦਾ ਬਹੁਤ ਵਧੀਆ ਤਰੀਕੇ ਨਾਲ ਪ੍ਰਚਾਰ ਕੀਤਾ ਜਾ ਸਕਦਾ ਹੈ...

ਮੁੜ ਆਖਰੀ ਗੱਲ ਤੇ ਵਾਪਸ ਆਉਂਦਿਆਂ ਹੋਇਆਂ ਅਸੀਂ ਨੋਟ ਕਰਦੇ ਹਾਂ ਕਿ ਗੋਲਡਨ ਟੈਂਪਲ ਨੂੰ ਜੋ ਚੀਜ਼ ਬਾਕੀ ਤਮਾਮ ਧਾਰਮਕ ਸਥਾਨਾਂ ਤੋਂ ਨਿਆਰਾ ਖੜਾ ਕਰ ਦਿੰਦੀ ਹੈ—ਉਹ ਹੈ ਹਰੀਮੰਦਰ ਸਾਹਿਬ ਦੇ ਚਾਰ ਦਰਵਾਜ਼ੇ ਹੋਣੇ—ਜੋ ਚਾਰੇ ਮਜ਼ਹਬਾਂ ਨੂੰ, ਸਾਂਝੀਵਾਲਤਾ ਅਤੇ ਬਰਾਬਰੀ ਦਾ ਸੰਦੇਸ਼ ਦਿੰਦੇ ਹਨ। ਕਿੰਨੀ ਮਹਾਨ ਸੋਚਣੀ ਸੀ ਸਾਡੇ ਗੁਰੂਆਂ ਦੀ ਜਿਨ੍ਹਾਂ ਸਭੇ ਧਰਮਾਂ—ਹਿੰਦੂ — ਮੁਸਲਿਮ — ਸਿੱਖ — ਈਸਾਈਆਂ ਨੂੰ ਇਕੋ ਪਲੇਟ ਫਾਰਮ ਉਪਰ 'ਸੁਰਬਤ ਦਾ ਭਲਾ' ਦੀ ਸਿਕਸ਼ਾ ਗ੍ਰਹਿਣ ਕਰਨ ਖਾਤਰ ਇਕੱਠਿਆਂ ਕਰ ਦਿਤਾ ਸੀ...

ਪਰ ਕਿਥੇ ਇਕ ਪਾਸੇ ਸਿੱਖ ਧਰਮ ਦੀ ਐਨੀ ਸੂਰਬੀਰਤਾ, ਕੁਰਬਾਨੀ, ਨਿਮਰਤਾ, ਮਿਠਾਸ, ਸਦਭਾਵਨਾ, ਪਿਆਰ...ਤੇ ਕਿਥੇ ਪੰਜਾਬੀਆਂ ਦੇ ਇਕ ਹਿੱਸੇ ਵਲੋਂ (ਤਲਵੰਡੀ ਅਕਾਲੀ ਦਲ), ਕਬੁੱਚੜਾਂ ਦੀ ਹਮਾਇਤ ਕਰਨਾ...ਜੈਲ ਸਿੰਘ* ਹੋਰੀਂ ਹੀ ਆਖਰੀ ਪਲ ਤੀਕ ਦਲ-ਅਖਾਲਸੀਆਂ ਤੇ ਪਾਬੰਦੀ ਲਾਉਣ ਦਾ ਵਿਰੋਧ ਕਰਦੇ ਰਹੇ ਸਗੋਂ 'ਜਗਦੇਵ' ਸਿੰਘ ਤਲਵੰਡੀ** ਹੋਰ ਵੀ ਦਲ ਖਾਲਸੇ ਤੇ ਬੈਨ ਲਾਉਣ ਦਾ ਵਿਰੋਧ ਕੀਤਾ ਹੈ...

* ਵੇਖੋ ਬਲਿਟਜ਼ ਅਤੇ ** ਪੰਜਾਬੀ ਟਰਬਿਊਨ —7 ਅਪ੍ਰੈਲ।

...ਦਲ ਖਾਲਸੀਆਂ ਦੀ ਇਹ ਕੋਝੀ ਹਰਕਤ ਵੇਖ ਕੇ ਇਕ ਸਵਾਲ ਹਰ ਇਕ ਦੇ ਮਨ ਵਿਚ ਉਠਣਾ ਚਾਹੀਦਾ ਹੈ...

ਕੀ ਇਹ ਸਿੱਖ ਧਰਮ ਦੇ ਅਸੂਲਾਂ ਦੀ ਵੀ ਬੇ-ਅੱਦਬੀ ਤਾਂ ਨਹੀਂ ਹਨ ਕਰ ਰਹੇ...? ਕੀ ਇਹ ਪੰਜਾਬੀ ਕਲਚਰ ਦੇ ਦੇਸ਼-ਦਿਸ਼ਾਂਤਰਾਂ ਤੀਕ ਵਧਣ-ਫੁਲਣ ਵਿਚ ਰੁਕਾਵਟਾਂ ਤਾਂ ਨਹੀਂ ਹਨ ਪਾ ਰਹੇ...ਅਤੇ ਅਗਰ ਅਜਿਹਾ ਕਰਨ ਦੀ ਕੋਸ਼ਿਸ਼ ਕਰੇ—ਚਾਹੇ ਉਹ ਦਲ-ਖਾਲਸਾ ਹੋਵੇ ਜਾਂ ਖਲ-ਖਾਲਸਾ ..ਉਸਦਾ ਮੁਕੰਮਲ ਖਾਤਮਾ ਹੀ ਪਰਮੋ ਧਰਮ ਬਣਦਾ ਹੈ !!!

## ਹਿੰਦੂ-ਸਿਖ ਰਿਸ਼ਤਾ

ਹਿੰਦੂ-ਸਿੱਖ ਰਿਸ਼ਤਾ ਪੀੜੀਆਂ ਦਾ ਰਿਸ਼ਤਾ ਹੈ, ਖੂਨ ਦਾ ਰਿਸ਼ਤਾ ਹੈ, ਜਨਮਾ-ਜਨਮਾਂਤਰਾਂ ਦਾ ਰਿਸ਼ਤਾ ਹੈ। ਇਹ ਕੋਈ ਕੱਚੇ ਧਾਗੇ ਦੀ ਡੋਰ ਨਹੀਂ ਜੋ ਚੰਦ-ਮਜ਼ਬੀ ਜਨੂੰਨੀਆਂ ਦੇ ਫੂੰਕਾਰੇ ਨਾਲ ਹੀ ਤੜਿਕ ਜਾਵੇਗੀ। ਇਸ ਰਿਸ਼ਤੇ ਨੂੰ—

ਅਗਨੀ ਕਦੇ ਜਲਾ ਨਹੀਂ ਸਕਦੀ
ਵਾਯੂ ਕਦੇ ਉਡਾ ਨਹੀਂ ਸਕਦੀ
ਪਾਣੀ ਕਦੇ ਡੁਬੋ ਨਹੀਂ ਸਕਦਾ...

ਇਹ ਰੂਹਾਂ ਦਾ ਰਿਸ਼ਤਾ ਹੈ—ਸਰੀਰਾਂ ਦਾ ਨਹੀਂ ਜਿਸ ਨੂੰ ਕਤਲ ਕਰਕੇ ਖਤਮ ਕੀਤਾ ਜਾ ਸਕੇ...

ਸ਼ਾਇਦ ਹੀ ਕੋਈ ਐਸਾ ਹਿੰਦੂ ਹੋਵੇ ਜਿਸਦਾ ਕੋਈ ਨਾ ਕੋਈ ਦੋਸਤ/ਮਿੱਤਰ/ਰਹਿਬਰ/ਰਿਸ਼ਤੇਦਾਰ ਸਿੱਖ ਨਾ ਹੋਵੇ ਅਤੇ ਇਸੇ ਤਰ੍ਹਾਂ ਸ਼ਾਇਦ ਹੀ ਕੋਈ ਸਿੱਖ ਮਿਲੇ ਜਿਸਦਾ ਨਾਤੀ-ਗੋਤੀ-ਮਦਦਗਾਰ ਹਿੰਦੂ ਨਾ ਮਿਲੇ... ਸੱਚ ਪੁਛੋ ਤਾਂ **ਅਗਰ ਹਿੰਦੂ ਨਾ ਹੁੰਦੇ ਤਾਂ ਸਿੱਖ ਹੋ ਹੀ ਨਹੀਂ ਸਨ ਸਕਦੇ ਅਤੇ ਅਗਰ ਸਿੱਖ ਨਾ ਹੁੰਦੇ ਤਾਂ ਅਜ ਇਥੇ ਇਕ ਵੀ ਹਿੰਦੂ ਨਹੀਂ ਸੀ ਹੋਣਾ** —ਔਰੰਗਜ਼ੇਬ ਦੇ ਕੱਟੜਪੰਥੀ ਸੂਬੇਦਾਰਾਂ ਨੇ ਸਭ ਨੂੰ ਹੁਣ ਤੀਕ ਸੁੰਨਤ ਕਰਕੇ ਰਖ ਦੇਣੀ ਸੀ...???

ਅਖੀਰ ਵਿਚ ਆਉ, ਸ੍ਰੀ ਹਰਿਮੰਦਰ ਸਾਹਿਬ ਦਾ ਧਿਆਨ ਕਰਦਿਆਂ ਹੋਇਆਂ ਰਲਕੇ ਗਾਈਏ—

ਕੌਣ ਕਹਿੰਦਾ ਹਿੰਦੂ ਅਤੇ ਸਿੱਖ ਵੱਖੋ ਵੱਖ ਨੇ
ਭਾਰਤ ਮਾਂ ਦੀ ਦੋਵੇਂ ਸੱਜੀ ਖੱਬੀ ਅੱਖ ਨੇ
ਸੱਜੀ ਖੱਬੀ ਅੱਖ...

## ਅਪੀਲ :

ਅਖੀਰ ਵਿਚ ਮੈਂ ਤਮਾਮ ਨੌਜਵਾਨਾਂ ਵਿਦਿਆਰ-ਥੀਆਂ ਨੂੰ ਅਤੇ ਹੋਰ ਅਗਾਂਹ ਵਧੂ ਵਿਚਾਰਧਾਰਾ ਦੇ ਹਮਾਇਤੀ ਪੰਜਾਬੀਆਂ ਨੂੰ ਹੱਥ ਜੋੜ ਕੇ ਬੇਨਤੀ ਕਰਾਂਗਾ ਕਿ ਅਜ ਜਦੋਂ ਦੇਸੀ ਅਤੇ ਬਦੇਸ਼ੀ ਸਰਮਾਏਦਾਰੀ, ਆਪਣੀ ਲੁੱਟ ਨੂੰ ਜਾਰੀ ਰੱਖਣ ਸਦਕਾ ਦੇਸ਼ ਭਰ ਵਿਚ ਭਾਸ਼ਾ, ਮਜ਼ੂਬ, ਜਾਤ, ਰੰਗ, ਨਸਲ, ਇਲਾਕਾ ਬੋਲੀ, ਸਭਿਆਚਾਰ ਆਦਿ ਦੇ ਬਹਾਨਿਆਂ ਉਧਰ ਹਿੰਦੁਸਤਾਨੀਆਂ ਨੂੰ ਆਪਸ ਵਿਚ ਟਕਰਾਉਣਾ ਚਾਹੁੰਦੀ ਹੈ—ਸਾਡਾ ਮੁੱਖ ਫਰਜ਼ ਇਹੋ ਹੀ ਬਣਦਾ ਹੈ ਕਿ ਤਨ ਮਨ ਧਨ ਨਾਲ ਅਜਿਹੀਆਂ ਫੁੱਟ ਪਾਊ ਚਾਲਾਂ ਦਾ ਡਟਵਾਂ ਵਿਰੋਧ ਕਰੀਏ। ਮੈਂ ਆਪਣੇ ਲੇਖਕ ਅਧਿਆਪਕ ਅਤੇ ਪਤ੍ਰਕਾਰ ਵੀਰਾਂ ਨੂੰ ਵੀ ਖਾਸ ਕਰਕੇ ਬੇਨਤੀ ਕਰਾਂਗਾ ਕਿ ਉਹ ਸੁਬ੍ਹਾ-ਸ਼ਾਮ, ਅੰਦਰ-ਬਾਹਰ ਦਲ ਖਾਲਸੀਆਂ ਅਤੇ ਹੋਰ ਫਿਰਕਾਪ੍ਰਸਤੀ ਦਾ ਜ਼ਹਿਰ ਫੈਲਾਉਣ ਵਾਲੇ ਮਹਾਸ਼ਿਆਂ ਦੀ ਡੱਟ ਕੇ ਨਿੰਦਿਆ ਕਰਦੇ ਹੋਏ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨਾਲ, ਕੇਂਦਰ ਵਲੋਂ ਹੋ ਰਹੇ ਅਨਿਆਏ ਉਪਰ ਭਰਵੀਆਂ ਬਹਿਸਾਂ ਕਰਵਾਉਣ ਅਤੇ ਪੰਫਲਿਟਾਂ/ਲੇਖਾਂ/ਦੁਵੱਰਕੀਆਂ ਆਦਿ ਰਾਹੀਂ ਵਧ ਤੋਂ ਵਧ ਪਬਲਿਕ ਵਿਚ ਇਸ ਨਿਯਾਮ ਨੂੰ ਨੰਗਿਆਂ ਕਰਨ ਦੀ ਕੋਸ਼ਿਸ਼ ਕਰਨ ਜੋ ਭਰਾ ਨੂੰ ਭਰਾ ਹਥੋਂ ਹੀ ਕਤਲ ਕਰਵਾਉਣ ਤੇ ਤੁਲਿਆ ਹੋਇਆ ਹੈ।

ਆਪਣੀ ਗੱਦੀਆਂ ਦੀ ਹਵਸ ਵਿਚ ਅੰਨ੍ਹੇ ਹੋਏ ਸਿਆਸਦਾਨਾਂ ਨੂੰ ਜੰਤਕ-ਕਚੈਹਰੀਆਂ ਵਿਚ ਨੰਗਿਆਂ ਕਰਨਾ ਹੀ ਸਾਡਾ ਪਰਮੋ ਧਰਮ (Supreme Duty) ਹੋਣਾ ਚਾਹੀਦਾ ਹੈ !! ਐਮਰਜੈਂਸੀ ਦੌਰਾਨ, ਪੰਜਾਬੀ ਬੁਧੀਜੀਵੀਆਂ ਵਲੋਂ ਕੋਈ ਸ਼ਾਨਦਾਰ ਮਿਸਾਲ ਕਾਇਮ ਨਹੀਂ ਸੀ ਕੀਤੀ ਗਈ ਮਗਰ ਉਮੀਦ ਕਰਾਂਗਾ ਕਿ ਉਹ ਲੋਕ ਸਮਾਜ ਪ੍ਰਤੀ ਆਪਣੀ ਜ਼ੁਮੇਂਵਾਰੀ ਦਾ ਅਹਿਸਾਸ ਕਰਦਿਆਂ ਹੋਇਆਂ ਹੁਣ ਅਜਿਹਾ ਨਹੀਂ ਕਰਨਗੇ ਵਰਨਾ ਨਫਰਤ ਦੀ ਅੱਗ ਜੋ ਸੁਲਗ ਚੁਕੀ ਹੈ—ਇਕ ਦਿਨ ਉਨ੍ਹਾਂ ਨੂੰ ਵੀ ਆਪਣੀ ਲਪੇਟ ਵਿਚ ਲੈ ਸਕਦੀ ਹੈ... ।

ਆਓ ! ਜਲਦ ਤੋਂ ਜਲਦ, ਘਰ ਘਰ ਵਿਚ ਇਕਬਾਲ ਹੋਰਾਂ ਦਾ ਇਹ ਸੰਦੇਸ਼ ਪ੍ਰਚਾਰਦਈਏ :

ਮਜ਼ਬ ਨਹੀਂ ਸਿਖਾਤਾ
ਆਪਸ ਮੇਂ ਬੈਰ ਰਖਣਾ
ਹਿੰਦੀ ਹੈ ਹਮ !
ਹਿੰਦੀ ਹੈ ਹਮ !
ਵਤਨ ਹੈ
ਹਿੰਦੁਸਤਾਨ ਹਮਾਰਾ ! ਹਮਾਰਾ !
ਸਾਰੇ ਜਹਾਂ ਸੇ ਅੱਛਾ... ... ।

ਪਾਠਕ ਸਾਥੀਓ ਇਹ ਲੇਖ ਲਿਖਦੇ ਸਮੇਂ ਚਾਹੇ ਮੈਂ ਬੜੇ ਸੰਕੋਚ ਤੋਂ ਕੰਮ ਲੈ ਰਿਹਾ ਹਾਂ ਮਗਰ ਫਿਰ ਵੀ ਦੋ-ਚਾਰ-ਛੇ... ਛੋਟੀਆਂ-ਮੋਟੀਆਂ ਗਲਤੀਆਂ ਹੋਣ ਦੀਆਂ ਕਾਫੀ ਸੰਭਾਵਨਾਂ ਹਨ । ਤੁਸੀਂ ਇਹ ਵੀ ਇਲਜ਼ਾਮ ਲਾ ਸਕਦੇ ਹੋ ਕਿ ਲੇਖ ਵਿਚ ਮੈਂ ਕਾਫੀ ਅਸੱਭਯ ਅਤੇ ਕੁਰੱਖਤ ਸ਼ਬਦ ਇਸਤੇਮਾਲ ਕੀਤੇ ਹਨ—ਅਤੇ ਇਹ ਇਲਜ਼ਾਮ ਤੁਹਾਡਾ ਕਾਫੀ ਹੱਦ ਤੀਕ ਦਰੁੱਸਤ ਵੀ ਹੋਵੇਗਾ ਪਰੰਤੂ ਮੈਂ ਇਕ ਸਵਾਲ ਜ਼ਰੂਰ ਪੁਛਾਂਗਾ—ਜਿਨ੍ਹਾਂ ਪਿਛਲੇ ਦਿਨੀਂ ਫਿਰਕਾਪ੍ਰਸਤੀ ਦੇ ਲਾਂਬੂ ਲਾਏ ਸਨ, ਉਹ ਕਿਧਰ ਦੇ ਸਭਯ ਹਨ...?

ਬਾਕੀ ਕ੍ਰਿਪਾ ਵਿਸ਼ਾਲ ਹਿਰਦੇ ਨਾਲ ਆਰਟੀਕਲ ਪੜ੍ਹਨਾ। ਆਰਟੀਕਲ ਬਹੁਤ ਹੀ ਲੰਮਾ ਲਿਖਣ ਦੀ ਮਾਫ਼ੀ ਚਾਹੁੰਦਾ ਹਾਂ ਪਰ ਮਜਬੂਰ ਸਾਂ। ਧੰਨਵਾਦ ।

ਐਮ. ਸੀ. ਭਾਰਦਵਾਜ (ਪ੍ਰੋਫੈਸਰ)